@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿੱਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 20 April 2026

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 20 ਅਪ੍ਰੈਲ 2026, 7 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 165, qpatrika@gmail.com ਫੋਨ : 9971359517 www.qaumipatrika.org

## ਮੈਨੂੰ ਝਾਲਮੁੜੀ ਖਵਾਓ., ਦੇਸੀ ਅੰਦਾਜ਼ 'ਚ ਕਰਿਆਨੇ ਦੀ ਦੁਕਾਨ 'ਤੇ ਜਾ ਪੁੱਜੇ ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 19 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਨੂੰ ਪੱਛਮੀ ਬੰਗਾਲ ਦੇ ਆਦਿਵਾਸੀ ਬਹੁਲ ਇਲਾਕਿਆਂ ਵਿੱਚ ਚੋਣ ਪ੍ਰਚਾਰ ਲਈ ਪਹੁੰਚੇ ਸਨ, ਜਿੱਥੇ ਉਨ੍ਹਾਂ ਦਾ ਇੱਕ ਬੇਹੱਦ ਵੱਖਰਾ ਅਤੇ ਦਿਲਚਸਪ ਅੰਦਾਜ਼ ਦੇਖਣ ਨੂੰ ਮਿਲਿਆ। ਝਾਰਗ੍ਰਾਮ ਵਿੱਚ ਇੱਕ ਤੋਂ ਬਾਅਦ ਇੱਕ ਚੋਣ ਰੈਲੀਆਂ ਨੂੰ ਸੰਬੋਧਨ ਕਰਨ ਦੌਰਾਨ, ਪੀਐੱਮ ਮੋਦੀ ਦਾ ਕਾਫ਼ਲਾ ਬੰਗਾਲ ਦੇ ਮਸ਼ਹੂਰ ਸਟ?ਰੀਟ ਫੂਡ 'ਝਾਲਮੁੜੀ' ਦਾ ਸਵਾਦ ਲੈਣ ਲਈ ਇੱਕ ਦੁਕਾਨ 'ਤੇ ਰੁਕ ਗਿਆ। ਪ੍ਰਧਾਨ ਮੰਤਰੀ ਨੇ ਖੁਦ ਦੁਕਾਨਦਾਰ ਤੋਂ ਝਾਲਮੁੜੀ ਖਰੀਦੀ ਅਤੇ ਉਸ ਦਾ ਆਨੰਦ ਲਿਆ। ਝਾਲਮੁੜੀ ਦੀ ਦੁਕਾਨ 'ਤੇ ਪਹੁੰਚ ਕੇ ਪੀਐੱਮ ਮੋਦੀ ਨੇ ਦੁਕਾਨਦਾਰ ਨੂੰ ਕਿਹਾ, ਮੈਨੂੰ ਝਾਲਮੁੜੀ ਖਵਾਓ। ਇਸ ਦੌਰਾਨ ਜਦੋਂ ਦੁਕਾਨਦਾਰ ਨੇ ਝਾਲਮੁੜੀ ਤਿਆਰ ਕਰਦੇ ਸਮੇਂ ਪੀਐੱਮ ਮੋਦੀ ਨੂੰ ਪੁੱਛਿਆ ਕਿ ਕੀ ਉਹ ਪਿਆਜ਼ ਖਾਂਦੇ ਹਨ, ਤਾਂ ਉਨ੍ਹਾਂ ਨੇ ਬਹੁਤ ਹੀ ਹਲਕੇ-ਫੁਲਕੇ ਅੰਦਾਜ਼ ਵਿੱਚ ਜਵਾਬ ਦਿੱਤਾ, ਹਾਂ, ਪਿਆਜ਼ ਖਾਂਦੇ ਹਾਂ, ਦਿਮਾਗ ਨਹੀਂ। ਉਨ੍ਹਾਂ ਦਾ ਇਹ ਜਵਾਬ ਸੁਣ ਕੇ ਉੱਥੇ ਮੌਜੂਦ ਸਾਰੇ ਲੋਕ ਹੱਸ ਪਏ। ਦੁਕਾਨਦਾਰ



ਵੱਲੋਂ ਪੈਸੇ ਲੈਣ ਤੋਂ ਇਨਕਾਰ ਕਰਨ ਦੇ ਬਾਵਜੂਦ ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਉਸ ਨੂੰ ਪੈਸੇ ਦਿੱਤੇ। ਪੀਐੱਮ ਮੋਦੀ ਨੇ ਇਸ ਮੁਲਾਕਾਤ ਦਾ ਇੱਕ ਵੀਡੀਓ ਵੀ ਆਪਣੇ ਸੋਸ਼ਲ ਮੀਡੀਆ ਹੈਂਡਲ 'ਐਕਸ' (✓) 'ਤੇ ਸਾਂਝਾ ਕੀਤੀ ਹੈ। ਜਿੱਥੇ ਇੱਕ ਪਾਸੇ ਪੀਐੱਮ ਮੋਦੀ ਲੋਕਾਂ ਵਿੱਚ ਘੁਲਦੇ-ਮਿਲਦੇ ਨਜ਼ਰ ਆਏ, ਉੱਥੇ ਹੀ ਦੂਜੇ ਪਾਸੇ ਉਨ੍ਹਾਂ ਨੇ ਰੈਲੀ ਦੌਰਾਨ ਮਮਤਾ ਬੈਨਰਜੀ ਦੀ ਸਰਕਾਰ 'ਤੇ ਜ਼ਬਰਦਸਤ ਹਮਲਾ ਬੋਲਿਆ। ਉਨ੍ਹਾਂ ਦੋਸ਼ ਲਾਇਆ ਕਿ ਪੱਛਮੀ ਬੰਗਾਲ ਵਿੱਚ ਟੀਐੱਮਸੀ ("$3) ਦੇ ਰਾਜ ਵਿੱਚ ਨਾ ਪੜ੍ਹਾਈ ਹੈ, ਨਾ ਕਮਾਈ ਹੈ ਅਤੇ ਨਾ ਹੀ ਦਵਾਈ। ਉਨ੍ਹਾਂ ਕਿਹਾ ਕਿ ਬੰਗਾਲ ਦੇ ਲੋਕ ਹੁਣ ਬਦਲਾਅ ਚਾਹੁੰਦੇ ਹਨ ਅਤੇ ਟੀਐੱਮਸੀ ਸਰਕਾਰ ਦਾ ਜਾਣਾ ਤੈਅ ਹੈ।

## ਦਿੱਲੀ ਦੇ ਦੁਆਰਕਾ 'ਚ ਪੁਲਸ ਮੁਕਾਬਲੇ ਤੋਂ ਬਾਅਦ ਦੋ ਲੋੜੀਂਦੇ ਮੁਲਜ਼ਮ ਗ੍ਰਿਫ਼ਤਾਰ

ਨਵੀਂ ਦਿੱਲੀ 19 ਅਪ੍ਰੈਲ। ਦੱਖਣ-ਪੱਛਮੀ ਦਿੱਲੀ ਦੇ ਚਾਵਲਾ ਖੇਤਰ ਵਿੱਚ ਇੱਕ ਮੁਕਾਬਲੇ ਤੋਂ ਬਾਅਦ ਕਤਲ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਲੋੜੀਂਦੇ ਦੋ ਮੁਲਜ਼ਮਾਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਇਕ ਅਧਿਕਾਰੀ ਦੇ ਐਤਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਰੌਕੀ (22) ਅਤੇ ਸੁਮਿਤ ਉਰਫ਼ ਕੋਕੀ (24) ਵਜੋਂ ਹੋਈ ਹੈ। ਦੋਵਾਂ 'ਤੇ ਸ਼ੁੱਕਰਵਾਰ ਨੂੰ ਹੋਈ ਕਤਲ ਦੀ ਕੋਸ਼ਿਸ਼ ਦੀ ਘਟਨਾ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਪੁਲਸ ਦੇ ਅਨੁਸਾਰ, ਸ਼ੁੱਕਰਵਾਰ ਨੂੰ ਦੋ ਹਮਲਾਵਰ ਇੱਕ ਮੋਟਰਸਾਈਕਲ 'ਤੇ ਆਏ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਨੇ ਕਥਿਤ ਤੌਰ 'ਤੇ ਸ਼ਿਕਾਇਤਕਰਤਾ ਨੂੰ ਗੋਲੀ ਮਾਰਨ ਦੀ ਕੋਸ਼ਿਸ਼ ਕੀਤੀ ਪਰ ਹਥਿਆਰ ਖਰਾਬ ਹੋਣ ਕਾਰਨ ਉਹ ਫੇਲ੍ਹ ਹੋ ਗਿਆ। ਇਸ ਤੋਂ ਬਾਅਦ ਦੋਵੇਂ ਦੋਸ਼ੀ ਭੱਜ ਗਏ। ਪੁਲਸ ਦੀ ਇਕ ਟੀਮ ਨੇ ਜਾਣਕਾਰੀ ਦਿੰਦੇ ਕਿਹਾ ਕਿ ਸਵੇਰੇ 5:35 ਵਜੇ ਅਰਬਨ ਐਕਸਟੈਂਸ਼ਨ ਰੋਡ ਨੇੜੇ ਮੁਲਜ਼ਮਾਂ ਨੂੰ



ਉਸ ਸਮੇਂ ਰੋਕਿਆ, ਜਦੋਂ ਉਹ ਮੋਟਰਸਾਈਕਲ 'ਤੇ ਜਾ ਰਹੇ ਸਨ। ਪੁਲਸ ਨੇ ਕਿਹਾ ਕਿ ਜਦੋਂ ਉਸਨੂੰ ਆਤਮ ਸਮਰਪਣ ਕਰਨ ਲਈ ਕਿਹਾ ਗਿਆ, ਤਾਂ ਰੌਕੀ ਨੇ ਕਥਿਤ ਤੌਰ 'ਤੇ ਪੁਲਸ ਟੀਮ 'ਤੇ ਗੋਲੀਬਾਰੀ ਕੀਤੀ ਅਤੇ ਤਿੰਨ ਗੋਲੀਆਂ ਚਲਾਈਆਂ। ਇੱਕ ਗੋਲੀ ਇੱਕ ਹੈੱਡ ਕਾਂਸਟੇਬਲ ਦੀ ਬੁਲੇਟਪਰੂਫ ਜੈਕੇਟ ਵਿੱਚ ਲੱਗੀ, ਜੋ ਵਾਲ-ਵਾਲ ਬਚ ਗਿਆ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ, ਪੁਲਸ ਟੀਮ ਨੇ ਸਵੈ-ਰੱਖਿਆ ਵਿੱਚ ਤਿੰਨ ਗੋਲੀਆਂ ਚਲਾਈਆਂ, ਜੋ ਰੌਕੀ ਦੇ ਖੱਬੇ ਗੋਡੇ ਦੇ ਹੇਠਾਂ ਲੱਗੀਆਂ। ਥੋੜ੍ਹੀ ਜਿਹੀ ਝੜਪ ਤੋਂ ਬਾਅਦ ਉਸਨੂੰ ਕਾਬੂ ਕਰ ਲਿਆ ਗਿਆ। ਪੁਲਸ ਨੇ ਦੱਸਿਆ ਕਿ ਸੁਮਿਤ ਉਰਫ਼ ਕੋਕੀ, ਜੋ ਮੋਟਰਸਾਈਕਲ ਚਲਾ ਰਿਹਾ ਸੀ, ਨੂੰ ਵੀ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਕੋਕੀ ਤੋਂ ਇੱਕ ਲੋਡਿਡ ਬੰਦੂਕ ਅਤੇ ਇੱਕ ਜ਼ਿੰਦਾ ਕਾਰਤੂਸ ਬਰਾਮਦ ਕੀਤਾ ਗਿਆ ਹੈ। ਜ਼ਖਮੀ ਦੋਸ਼ੀ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ। ਪੁਲਸ ਨੇ ਕਿਹਾ ਕਿ ਹਮਲੇ ਦੇ ਪਿੱਛੇ ਦੇ ਉਦੇਸ਼ ਦਾ ਪਤਾ ਲਗਾਉਣ ਅਤੇ ਸਾਜ਼ਿਸ਼ ਵਿੱਚ ਸ਼ਾਮਲ ਹੋਰਾਂ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ।

## ਸ਼੍ਰੀਲੰਕਾ ਦੌਰੇ ਲਈ ਰਵਾਨਾ ਹੋਏ ਉਪ ਰਾਸ਼ਟਰਪਤੀ ਰਾਧਾਕ੍ਰਿਸ਼ਨਨ



ਨਵੀਂ ਦਿੱਲੀ 19 ਅਪ੍ਰੈਲ। ਭਾਰਤ ਦੇ ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਐਤਵਾਰ ਨੂੰ ਸ਼੍ਰੀਲੰਕਾ ਦੇ ਦੋ ਦਿਨਾਂ ਅਧਿਕਾਰਤ ਦੌਰੇ 'ਤੇ ਰਵਾਨਾ ਹੋ ਗਏ ਹਨ। ਉਪ-ਰਾਸ਼ਟਰਪਤੀ ਦੇ ਦਫ਼ਤਰ ਅਨੁਸਾਰ, ਇਹ ਕਿਸੇ ਭਾਰਤੀ ਉਪ-ਰਾਸ਼ਟਰਪਤੀ ਦਾ ਸ਼੍ਰੀਲੰਕਾ ਦਾ ਪਹਿਲਾ ਦੋ ਦਿਨਾਂ ਦੌਰਾ ਹੈ। ਉਪ-ਰਾਸ਼ਟਰਪਤੀ ਆਪਣੇ ਦੌਰੇ ਦੌਰਾਨ 'ਇੰਡੀਅਨ ਹਾਊਸਿੰਗ ਪ੍ਰੋਜੈਕਟ' ਦੇ ਤੀਜੇ ਪੜਾਅ ਤਹਿਤ ਭਾਰਤ ਸਰਕਾਰ ਦੀ ਸਹਾਇਤਾ ਨਾਲ ਬਣਾਏ ਗਏ ਘਰਾਂ ਦੀਆਂ ਚਾਬੀਆਂ ਤਾਮਿਲ ਭਾਈਚਾਰੇ ਦੇ ਮੈਂਬਰਾਂ ਨੂੰ ਸੌਂਪਣਗੇ। ਇਸ ਦੌਰਾਨ ਉਹ ਸ਼੍ਰੀਲੰਕਾ ਦੇ ਚੋਟੀ ਦੇ ਆਗੂਆਂ ਨਾਲ ਦੁਵੱਲੀਆਂ ਮੀਟਿੰਗਾਂ ਕਰਨਗੇ, ਜਿਨ੍ਹਾਂ ਵਿੱਚ ਆਪਸੀ ਹਿੱਤਾਂ ਅਤੇ ਖੇਤਰੀ ਸਹਿਯੋਗ 'ਤੇ ਚਰਚਾ ਕੀਤੀ ਜਾਵੇਗੀ। ਇਸ ਦੌਰੇ ਦਾ ਮਕਸਦ ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਸੱਭਿਆਚਾਰਕ ਅਤੇ ਆਰਥਿਕ ਸਬੰਧਾਂ ਨੂੰ ਹੋਰ ਗੂੜ੍ਹਾ ਕਰਨਾ ਹੈ।

## ਜਲੰਧਰ ਪਹੁੰਚੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟੜ, ਮਹਿਲਾ ਰਾਖਵਾਂਕਰਨ ਦੇ ਮੁੱਦੇ 'ਤੇ ਘੇਰੀ ਕਾਂਗਰਸ

ਜਲੰਧਰ 19 ਅਪ੍ਰੈਲ। ਜਲੰਧਰ ਵਿਖੇ ਕੇਂਦਰੀ ਮੰਤਰੀ ਅਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਅੱਜ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ 'ਤੇ ਤਿੱਖੇ ਨਿਸ਼ਾਨੇ ਸਾਧੇ। ਮਨੋਹਰ ਲਾਲ ਖੱਟੜ ਨੇ ਕਿਹਾ ਕਿ ਦੇਸ਼ ਦੀ ਅੱਧੀ ਆਬਾਦੀ ਅਤੇ ਔਰਤਾਂ ਨਾਲ ਅਨਿਆਂ ਹੋ ਰਿਹਾ ਹੈ। ਕਾਂਗਰਸ ਸਰਕਾਰ ਨੇ ਕਦੇ ਵੀ ਮਹਿਲਾ ਰਾਖਵੇਂਕਰਨ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਹਮੇਸ਼ਾ ਇਸ 'ਚ ਅੜਿੱਕੇ ਡਾਹੇ ਹਨ। ਖੱਟੜ ਨੇ ਇਤਿਹਾਸ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ 1971-74 ਦੌਰਾਨ ਵੀ ਔਰਤਾਂ ਨੂੰ ਰਾਖਵਾਂਕਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਵਿਰੋਧੀ ਪਾਰਟੀਆਂ ਨੇ ਇਸ ਨੂੰ ਸਿਰੇ ਨਹੀਂ ਚੜ੍ਹਨ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ 2023 'ਚ 128ਵੀਂ ਸੰਵਿਧਾਨਕ ਸੋਧ ਵਜੋਂ ਮਹਿਲਾ ਰਾਖਵਾਂਕਰਨ ਬਿੱਲ ਲਿਆਂਦਾ ਗਿਆ ਸੀ, ਜਿਸ ਨੂੰ ਸਰਕਾਰ 2029 ਤੋਂ ਪਹਿਲਾਂ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਕਾਂਗਰਸ 'ਤੇ ਦੋਸ਼ ਲਾਇਆ ਕਿ ਉਹ ਇਸ ਬਿੱਲ 'ਤੇ ਰਾਜਨੀਤੀ ਕਰ ਰਹੀ ਹੈ ਅਤੇ ਇਸ ਦਾ ਨਤੀਜਾ ਉਨ੍ਹਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਔਰਤਾਂ ਦੇ ਗੁੱਸੇ ਦੇ ਰੂਪ ਵਿੱਚ ਭੁਗਤਣਾ ਪਵੇਗਾ। ਇਸ ਮੌਕੇ ਕੇਂਦਰੀ ਮੰਤਰੀ ਬੇਬੀ ਰਾਣੀ ਮੌਰਿਆ ਨੇ ਵੀ ਵਿਰੋਧੀ ਪਾਰਟੀਆਂ 'ਤੇ ਹਮਲਾ ਬੋਲਦਿਆਂ ਕਿਹਾ ਕਿ ਔਰਤਾਂ ਆਪਣਾ ਅਪਮਾਨ ਸਹਿਣ ਨਹੀਂ ਕਰਨਗੀਆਂ। ਉਨ੍ਹਾਂ ਕਿਹਾ ਕਿ ਜਦੋਂ ਸੰਸਦ 'ਚ ਇਹ ਬਿੱਲ ਪੇਸ਼ ਹੋਇਆ ਤਾਂ ਵਿਰੋਧੀ ਪਾਰਟੀਆਂ ਨੇ ਮਿਲ ਕੇ ਇਸ ਨੂੰ ਡੇਗ ਦਿੱਤਾ, ਜੋਕਿ ਦੇਸ਼ ਦੀਆਂ ਔਰਤਾਂ ਦਾ ਵੱਡਾ ਅਪਮਾਨ ਹੈ। ਮੌਰਿਆ ਨੇ ਵਿਰੋਧੀ ਪਾਰਟੀਆਂ ਨੂੰ 'ਪਰਿਵਾਰਵਾਦੀ ਪਾਰਟੀਆਂ' ਕਰਾਰ ਦਿੱਤਾ ਅਤੇ ਕਿਹਾ ਕਿ ਮੋਦੀ ਸਰਕਾਰ ਨੇ ਉੱਜਵਲਾ ਯੋਜਨਾ ਅਤੇ ਪਖਾਨਿਆਂ ਵਰਗੀਆਂ ਸਹੂਲਤਾਂ ਰਾਹੀਂ ਔਰਤਾਂ ਦਾ ਜੀਵਨ ਪਹਿਲਾਂ ਹੀ ਸੁਖਾਲਾ ਬਣਾਇਆ ਹੈ। ਖੱਟੜ ਨੇ ਸਪੱਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਇਸ ਮੁੱਦੇ ਦਾ ਕੋਈ ਸਿਹਰਾ ਨਹੀਂ ਲੈਣਾ ਚਾਹੁੰਦੇ, ਸਗੋਂ ਉਹ ਚਾਹੁੰਦੇ ਹਨ ਕਿ ਔਰਤਾਂ ਨੂੰ ਰਾਜਨੀਤੀ 'ਚ 33 ਫ਼ੀਸਦੀ ਰਾਖਵਾਂਕਰਨ ਮਿਲੇ ਤਾਂ ਜੋ ਉਹ ਰਾਸ਼ਟਰੀ ਰਾਜਨੀਤੀ 'ਚ ਆਪਣਾ ਯੋਗਦਾਨ ਪਾ ਸਕਣ।

## 70 ਕਰੋੜ ਔਰਤਾਂ ਨਾਲ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਨੇ ਕੀਤਾ ਵਿਸ਼ਵਾਸਘਾਤ : ਤਰੁਣ ਚੁੱਘ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ 19 ਅਪ੍ਰੈਲ। ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਾਂਗਰਸ ਦੀ ਅਗਵਾਈ ਵਾਲੇ (ਇੰਡੀਆ) ਗੱਠਜੋੜ ਅਤੇ ਆਮ ਆਦਮੀ ਪਾਰਟੀ ਨੂੰ ਲੈ ਕੇ ਵੱਡਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਸੰਸਦ ਵਿਚ 16 ਅਤੇ 17 ਅਪ੍ਰੈਲ ਨੂੰ ਜੋ ਹੋਇਆ, ਉਹ ਦੇਸ਼ ਦੀਆਂ ਲੱਗਭਗ 70 ਕਰੋੜ ਔਰਤਾਂ ਨਾਲ ਖੁੱਲ੍ਹਾ ਵਿਸ਼ਵਾਸਘਾਤ ਹੈ। ਇਹ ਸਿਰਫ਼ ਇਕ ਬਿੱਲ ਦਾ ਵਿਰੋਧ ਨਹੀਂ ਸੀ, ਸਗੋਂ ਔਰਤਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਤੋਂ ਵਾਂਝਾ ਰੱਖਣ ਦੀ ਸਾਜ਼ਿਸ਼ ਸੀ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਲਿਆਂਦਾ ਗਿਆ 'ਨਾਰੀ ਸ਼ਕਤੀ ਵੰਦਨ ਐਕਟ' ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦੇਣ ਦਾ ਇਕ ਇਤਿਹਾਸਕ ਕਦਮ ਹੈ ਪਰ ਜਦੋਂ ਇਸ ਅਧਿਕਾਰ ਨੂੰ ਲਾਗੂ ਕਰਨ ਦਾ ਮੌਕਾ ਆਇਆ, ਤਾਂ ਕਾਂਗਰਸ ਅਤੇ ਉਸ ਦੇ ਸਹਿਯੋਗੀਆਂ ਨੇ



ਬਹਾਨੇ ਬਣਾ ਕੇ ਇਸ ਨੂੰ ਰੋਕਣ ਦਾ ਕੰਮ ਕੀਤਾ। ਵਿਰੋਧੀ ਧਿਰ ਨੇ ਮੁੜ ਸਾਬਿਤ ਕਰ ਦਿੱਤਾ ਹੈ ਕਿ ਉਹ ਔਰਤਾਂ ਦੇ ਸਸ਼ਕਤੀਕਰਨ ਦੇ ਖ਼?ਲਾਫ਼ ਖੜ੍ਹੀ ਹੈ। ਚੁੱਘ ਨੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ 13 ਸੰਸਦ ਮੈਂਬਰਾਂ 'ਤੇ ਨਿਸ਼ਾਨਾ ਵ?ਹਿੰਨਦਿਆਂ ਕਿਹਾ ਕਿ ਇਨ੍ਹਾਂ ਸੰਸਦ ਮੈਂਬਰਾਂ ਨੇ ਆਪਣੇ ਹੀ ਸੂਬੇ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵੱਲੋਂ ਹੱਦਬੰਦੀ ਨੂੰ ਲੈ ਕੇ ਫੈਲਾਇਆ ਜਾ ਰਿਹਾ ਭਰਮ ਪੂਰੀ ਤਰ੍ਹਾਂ ਝੂਠਾ ਅਤੇ ਗੁੰਮਰਾਹਕੁੰਨ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹੱਦਬੰਦੀ ਇਕ ਸੰਵਿਧਾਨਕ ਪ੍ਰਕਿਰਿਆ ਹੈ ਅਤੇ ਇਸ ਤੋਂ ਬਿਨਾਂ ਮਹਿਲਾ ਰਾਖਵਾਂਕਰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਸੰਭਵ ਨਹੀਂ ਹੈ। ਵਿਰੋਧੀ ਧਿਰ ਜਾਣਬੁੱਝ ਕੇ ਤਕਨੀਕੀ ਬਹਾਨੇ ਬਣਾ ਕੇ ਔਰਤਾਂ ਦੇ ਹੱਕਾਂ ਨੂੰ ਟਾਲ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਇਤਿਹਾਸ ਔਰਤਾਂ ਨੂੰ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਰੱਖਣ ਦਾ ਰਿਹਾ ਹੈ, ਚਾਹੇ ਉਹ ਪਖਾਨੇ ਹੋਣ, ਬੈਂਕ ਖਾਤੇ ਹੋਣ ਜਾਂ ਸਿਹਤ ਸਹੂਲਤਾਂ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਔਰਤਾਂ ਹੁਣ ਜਾਗਰੂਕ ਹਨ ਅਤੇ ਆਉਣ ਵਾਲੀਆਂ ਚੋਣਾਂ ਵਿਚ ਇਸ ਵਿਸ਼ਵਾਸਘਾਤ ਦਾ ਜਵਾਬ ਦੇਣਗੀਆਂ।

## ਧੜਾਧੜ ਰੱਦ ਹੋਣ ਲੱਗੇ ਅਮਰੀਕਾ ਦੇ ਵੀਜ਼ੇ ! 61 ਫ਼ੀਸਦੀ ਭਾਰਤੀ ਵਿਦਿਆਰਥੀਆਂ ਨੂੰ ਹੋਈ 'ਨਾਂਹ'

ਕੌਮੀ ਪਤ੍ਰਿਕਾ

ਇੰਟਰਨੈਸ਼ਨਲ ਡੈਸਕ 19 ਅਪ੍ਰੈਲ। ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੇ ਸੁਪਨੇ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਸਥਿਤੀ ਹੋਰ ਵੀ ਮੁਸ਼ਕਲ ਹੁੰਦੀ ਜਾ ਰਹੀ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਸਾਲ 2025 ਵਿਚ 6-1 ਵੀਜ਼ਾ ਲਈ ਅਰਜ਼ੀ ਦੇਣ ਵਾਲੇ 61% ਭਾਰਤੀ ਵਿਦਿਆਰਥੀਆਂ ਨੂੰ ਰੱਦ ਕਰ ਦਿੱਤਾ ਗਿਆ। ਇਹ ਦਰ 2023 ਵਿੱਚ 36% ਅਤੇ 2024 ਵਿੱਚ 53% ਦਰ ਨਾਲੋਂ ਕਾਫ਼ੀ ਜ਼ਿਆਦਾ ਹੈ, ਜੋ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਵੀਜ਼ਾ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮੁਸ਼ਕਲ ਹੋ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਵਿਦਿਆਰਥੀਆਂ ਦੀ ਯੋਗਤਾ ਦਾ ਮਾਮਲਾ ਨਹੀਂ ਹੈ, ਸਗੋਂ ਇੱਕ ਭੂਗੋਲਿਕ ਕਾਰਕ ਵੀ ਹੈ। ਇਕ ਪਾਸੇ ਜਿਥੇ ਯੂਰਪੀਅਨ ਵਿਦਿਆਰਥੀਆਂ ਦੀ ਸਵੀਕ੍ਰਿਤੀ ਦਰ 90% ਤੋਂ ਵੱਧ ਹੈ, ਉਥੇ ਹੀ ਭਾਰਤੀ ਵਿਦਿਆਰਥੀਆਂ ਨੂੰ ਅਸਵੀਕਾਰ ਦੀ ਦਰ ਦਾ ਜ਼ਿਆਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਇਹ ਸਵਾਲ ਉੱਠਦਾ ਹੈ ਕਿ ਕੀ ਵੀਜ਼ਾ ਪ੍ਰੋਸੈਸਿੰਗ ਵਿੱਚ ਖੇਤਰੀ ਅਸਮਾਨਤਾਵਾਂ ਵਧ ਰਹੀਆਂ ਹਨ। ਆਸਟ?ਰੇਲੀਆ ਨੇ ਵੀ ਆਪਣੀ ਵੀਜ਼ਾ ਨੀਤੀ ਨੂੰ ਸਖ਼ਤ ਕਰ ਦਿੱਤਾ ਹੈ। 2026 ਤੋਂ ਸ਼ੁਰੂ ਹੋ ਕੇ ਲਗਭਗ 40% ਭਾਰਤੀ ਵਿਦਿਆਰਥੀ ਵੀਜ਼ਾ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ ਭਾਰਤ ਨੂੰ ਹੁਣ ਉੱਚ-ਜੋਖਮ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸ ਲਈ ਵਿਦਿਆਰਥੀਆਂ ਨੂੰ ਵਧੇਰੇ ਵਿੱਤੀ ਦਸਤਾਵੇਜ਼, ਵਿਸਤ੍ਰਿਤ ਅਕਾਦਮਿਕ ਰਿਕਾਰਡ ਅਤੇ ਇੱਕ ਮਜ਼ਬੂਤ ??ਸੱਚਾ ਵਿਦਿਆਰਥੀ ਬਿਆਨ ਪ੍ਰਦਾਨ ਕਰਨ ਦੀ ਲੋੜ ਹੈ। ਕੈਨੇਡਾ ਵਿੱਚ ਸਥਿਤੀ ਵੀ ਸੌਖੀ ਨਹੀਂ ਹੈ। 2025 ਵਿੱਚ ਸਟਡੀ ਪਰਮਿਟਾਂ ਦੀ ਗਿਣਤੀ ਵਿੱਚ 64% ਦੀ ਕਮੀ ਕੀਤੀ ਗਈ ਹੈ ਅਤੇ 2026 ਲਈ 7% ਹੋਰ ਕਟੌਤੀ ਦੀ ਯੋਜਨਾ ਬਣਾਈ ਗਈ ਹੈ। ਸਰਕਾਰ ਨੇ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਲਈ ਸਖ਼ਤ ਸੀਮਾਵਾਂ ਲਗਾਈਆਂ ਹਨ, ਜਿਸ ਨਾਲ ਭਾਰਤੀ ਵਿਦਿਆਰਥੀਆਂ ਲਈ ਮੌਕੇ ਹੋਰ ਘੱਟ ਗਏ ਹਨ। ਮਾਹਿਰਾਂ ਦੇ ਅਨੁਸਾਰ, ਵੀਜ਼ਾ ਫੈਸਲੇ ਹੁਣ ਸਿਰਫ਼ ਸਿੱਖਿਆ 'ਤੇ ਅਧਾਰਤ ਨਹੀਂ ਹਨ, ਸਗੋਂ ਇਮੀਗ੍ਰੇਸ਼ਨ




ਚਿੰਤਾਵਾਂ, ਘਰੇਲੂ ਰਾਜਨੀਤਿਕ ਦਬਾਅ ਅਤੇ ਗੈਰ-ਕਾਨੂੰਨੀ ਓਵਰਸਟੇਅ ਦੀ ਸੰਭਾਵਨਾ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਇਹੀ ਕਾਰਨ ਹੈ ਕਿ ਭਾਰਤ, ਨੇਪਾਲ, ਬੰਗਲਾਦੇਸ਼ ਅਤੇ ਪਾਕਿਸਤਾਨ ਵਰਗੇ ਦੱਖਣੀ ਏਸ਼ੀਆਈ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਹੋਰ ਸਖ਼ਤ ਨਿਯਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦਾ ਪ੍ਰਭਾਵ ਹੁਣ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਵਿਦੇਸ਼ਾਂ ਵਿੱਚ ਪੜ੍ਹਾਈ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਲਈ ਕਾਰੋਬਾਰ 35 ਤੋਂ 40 ਪ੍ਰਤੀਸ਼ਤ ਤੱਕ ਘਟਿਆ ਹੈ ਅਤੇ ਵਿਦਿਆਰਥੀਆਂ ਵਿੱਚ ਅਨਿਸ਼ਚਿਤਤਾ ਵਧੀ ਹੈ। ਹਾਲਾਂਕਿ, ਮਾਹਿਰ ਵਿਦਿਆਰਥੀਆਂ ਨੂੰ ਘਬਰਾਉਣ ਦੀ ਸਲਾਹ ਦੇ ਰਹੇ ਹਨ, ਸਗੋਂ ਆਪਣੀ ਤਿਆਰੀ ਨੂੰ ਮਜ਼ਬੂਤ ??ਕਰਨ, ਦਸਤਾਵੇਜ਼ਾਂ ਨੂੰ ਪੂਰੀ ਤਰ੍ਹਾਂ ਸਹੀ ਰੱਖਣ ਅਤੇ ਅਰਜ਼ੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਯੋਜਨਾਬੱਧ ਢੰਗ ਨਾਲ ਪੂਰਾ ਕਰਨ ਦੀ ਸਲਾਹ ਦੇ ਰਹੇ ਹਨ।

## ਪੰਜਾਬ 'ਚ 2027 ਦੀਆਂ ਚੋਣਾਂ ਲਈ ਤਿਆਰੀਆਂ ਤੇਜ਼ ! ਅਕਾਲੀ ਦਲ ਨੇ 3 ਸੀਟਾਂ ਤੋਂ ਐਲਾਨੇ ਹਲਕਾ ਇੰਚਾਰਜ

ਜਲੰਧਰ 19 ਅਪ੍ਰੈਲ। ਪੰਜਾਬ ਵਿਚ 2027 ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਹੁਣ ਤੋਂ ਹੀ ਤੇਜ਼ ਹੋ ਚੁੱਕੀਆਂ ਹਨ। ਇਸੇ ਤਹਿਤ ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਤਿੰਨ ਵਿਧਾਨ ਸਭਾ ਹਲਕਿਆਂ 'ਚ ਹਲਕਾ ਇੰਚਾਰਜ ਨਿਯੁਕਤ ਕੀਤੇ ਹਨ। ਉਨ੍ਹਾਂ ਨੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਲਈ ਬੀਬੀ ਰਮਨਦੀਪ ਕੌਰ ਨੂੰ ਹਲਕਾ ਇੰਚਾਰਜ ਨਿਯੁਕਤ ਕੀਤਾ ਹੈ, ਜਦਕਿ ਅਮਰਗੜ੍ਹ ਵਿਧਾਨ ਸਭਾ ਹਲਕੇ ਦੀ ਕਮਾਂਡ ਜਸਬੀਰ ਸਿੰਘ ਜੱਸੀ ਉਰਫ ਮਾਵੀ ਸੰਭਾਲਣਗੇ। ਦੁਆਬੇ ਦੇ ਬਲਾਚੌਰ ਵਿਧਾਨ ਸਭਾ ਹਲਕੇ ਲਈ ਯੂਥ ਅਕਾਲੀ ਦਲ ਦੇ ਆਗੂ ਸੰਦੀਪ ਚੌਧਰੀ ਟੌਸਾ ਨੂੰ ਹਲਕਾ ਇੰਚਾਰਜ ਲਾਇਆ ਗਿਆ ਹੈ। ਸੁਖਬੀਰ ਬਾਦਲ ਨੇ ਇਨ੍ਹਾਂ ਆਗੂਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ, ਇਸ ਲਈ ਉਹ ਲੋਕਾਂ ਦੇ ਮਸਲੇ ਡਟ ਕੇ ਹੱਲ ਕਰਨ। ਸੁਖਬੀਰ ਨੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੁਣੇ ਜਿਹੇ 40 ਵਿਧਾਨ ਸਭਾ ਹਲਕਿਆਂ 'ਚ ਵਿਸ਼ਾਲ ਰੈਲੀਆਂ ਕੀਤੀਆਂ ਸਨ, ਜਿਨ੍ਹਾਂ 'ਚ ਲੋਕਾਂ ਨੇ ਵੱਡੀ ਤਾਦਾਦ 'ਚ ਸ਼ਮੂਲੀਅਤ ਕੀਤੀ ਸੀ।

## ਭਾਗਵਤ ਨੂੰ ਮਿਲੀ 'ਜ਼ੈੱਡ ਪਲੱਸ' ਸੁਰੱਖਿਆ 'ਤੇ ਹੋ ਰਿਹਾ ਖ਼ਰਚਾ ਵਸੂਲਣ ਲਈ ਰਿਟ ਦਾਇਰ

ਨਾਗਪੁਰ 19 ਅਪ੍ਰੈਲ। ਬੰਬੇ ਹਾਈ ਕੋਰਟ ਦੀ ਨਾਗਪੁਰ ਬੈਂਚ ਦੇ ਸਾਹਮਣੇ ਇਕ ਲੋਕਹਿੱਤ ਰਿਟ ਦਾਇਰ ਕਰ ਕੇ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐੱਸ. ਐੱਸ.) ਦੇ ਮੁਖੀ ਮੋਹਨ ਭਾਗਵਤ ਨੂੰ ਮੁਹੱਈਆ ਕੀਤੀ ਗਈ 'ਜ਼ੈੱਡ ਪਲੱਸ' ਸੁਰੱਖਿਆ ਕਵਰ ਉਤੇ ਹੋਣ ਵਾਲੇ ਖ਼ਰਚ ਦੀ ਵਸੂਲੀ ਦੀ ਮੰਗ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਇਹ ਰਿਟ ਸੋਸ਼ਲ ਵਰਕਰ ਲਲਨ ਕਿਸ਼ੋਰ ਸਿੰਘ ਵੱਲੋਂ ਵਕੀਲ ਅਸ਼ਵਿਨ ਇੰਗੋਲੇ ਨੇ ਦਾਇਰ ਕੀਤੀ ਹੈ। ਦੱਸ ਦੇਈਏ ਕਿ ਜਸਟਿਸ ਅਨਿਲ ਕਿਲੋਰ ਅਤੇ ਜਸਟਿਸ ਰਾਜ ਵਾਕੋਡੇ ਦੀ ਬੈਂਚ 20 ਅਪ੍ਰੈਲ ਨੂੰ ਇਸ ਰਿਟ 'ਤੇ ਸੁਣਵਾਈ ਕਰਨ ਵਾਲੀ ਹੈ। ਰਿਟਕਰਤਾ ਦੇ ਅਨੁਸਾਰ ਜਨਤਕ ਧਨ ਦੀ ਵਰਤੋਂ ਕਰ ਕੇ ਉੱਚ ਪੱਧਰੀ ਸੁਰੱਖਿਆ ਮੁਹੱਈਆ ਕੀਤੀ ਜਾ ਰਹੀ ਹੈ ਅਤੇ ਰਿਟਕਰਤਾ ਨੇ ਮੰਗ ਕੀਤੀ ਹੈ ਕਿ ਇਸ ਪੂਰੇ ਖ਼ਰਚ ਦੀ ਵਸੂਲੀ ਸਬੰਧਤ ਵਿਅਕਤੀ ਜਾਂ



ਸੰਗਠਨ ਕੋਲੋਂ ਕੀਤੀ ਜਾਵੇ। ਰਿਟ ਵਿਚ ਸੁਪਰੀਮ ਕੋਰਟ ਦੇ ਫੈਸਲੇ ਦਾ ਵੀ ਹਵਾਲਾ ਦਿੱਤਾ ਗਿਆ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਕੁਝ ਮਾਮਲਿਆਂ ਵਿਚ ਸੁਰੱਖਿਆ ਦਾ ਖਰਚਾ ਲਾਭਪਾਤਰੀ ਨੂੰ ਖੁਦ ਝੱਲਣਾ ਚਾਹੀਦਾ ਹੈ।

## ਮੁੱਖ ਚੋਣ ਕਮਿਸ਼ਨਰ ਖ਼ਿਲਾਫ਼ ਨਵਾਂ ਨੋਟਿਸ ਦੇਣ ਦੀ ਤਿਆਰੀ 'ਚ ਵਿਰੋਧੀ ਧਿਰ

ਨਵੀਂ ਦਿੱਲੀ, 19 ਅਪ੍ਰੈਲ। ਵਿਰੋਧੀ ਧਿਰ ਦੀਆਂ ਪਾਰਟੀਆਂ ਮੁੱਖ ਚੋਣ ਕਮਿਸ਼ਨਰ (ਸੀ. ਈ. ਸੀ.) ਗਿਆਨੇਸ਼ ਕੁਮਾਰ ਨੂੰ ਅਹੁਦੇ ਤੋਂ ਹਟਾਉਣ ਦਾ ਪ੍ਰਸਤਾਵ ਲਿਆਉਣ ਸਬੰਧੀ ਨੋਟਿਸ ਲੋਕ ਸਭਾ ਸਪੀਕਰ ਅਤੇ ਰਾਜ ਸਭਾ ਦੇ ਚੇਅਰਮੈਨ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਹੁਣ ਇਕ ਨਵਾਂ ਨੋਟਿਸ ਦੇਣ ਦੀ ਯੋਜਨਾ ਬਣਾ ਰਹੀਆਂ ਹਨ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਉੱਚ ਪੱਧਰੀ ਸੂਤਰਾਂ ਨੇ ਦੱਸਿਆ ਕਿ ਕਈ ਵਿਰੋਧੀ ਪਾਰਟੀਆਂ ਦੇ ਨੇਤਾ ਗੱਲਬਾਤ ਕਰ ਰਹੇ ਹਨ ਅਤੇ ਕਾਂਗਰਸ, ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ (ਸਪਾ) ਅਤੇ ਦ੍ਰਵਿੜ ਮੁਨੇਤਰ ਕਸ਼ਗਮ (ਡੀ. ਐੱਮ. ਕੇ.) ਸਮੇਤ ਵੱਖ-ਵੱਖ ਪਾਰਟੀਆਂ ਦੇ ਘੱਟੋ-ਘੱਟ 5 ਸੀਨੀਅਰ ਸੰਸਦ ਮੈਂਬਰ ਨਵੇਂ ਨੋਟਿਸ ਦਾ ਖਰੜਾ ਤਿਆਰ ਕਰਨ 'ਤੇ ਕੰਮ ਕਰ ਰਹੇ ਹਨ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਅਜੇ ਤੱਕ ਇਹ ਤੈਅ ਨਹੀਂ ਹੋਇਆ ਹੈ ਕਿ ਨੋਟਿਸ ਕਿਸ ਸਦਨ 'ਚ ਪੇਸ਼ ਕੀਤਾ ਜਾਵੇਗਾ ਜਾਂ ਕੀ ਇਸ ਨੂੰ ਪਿਛਲੀ ਵਾਰ ਵਾਂਗ ਦੋਵਾਂ ਸਦਨਾਂ 'ਚ ਪੇਸ਼ ਕੀਤਾ ਜਾਵੇਗਾ।

## ਕਪਿਲ ਸਿੱਬਲ ਨੇ ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦੀ ਕੀਤੀ ਸਖ਼ਤ ਆਲੋਚਨਾ

ਨਵੀਂ ਦਿੱਲੀ 19 ਅਪ੍ਰੈਲ। ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਸ਼ਟਰ ਦੇ ਨਾਮ ਸੰਬੋਧਨ ਦੀ ਸਖ਼ਤ ਆਲੋਚਨਾ ਕਰਦਿਆਂ ਉਨ੍ਹਾਂ 'ਤੇ ਗੰਭੀਰ ਇਲਜ਼ਾਮ ਲਗਾਏ ਹਨ। ਸਿੱਬਲ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਰਾਹੀਂ ਚੋਣਵੀਂ ਭਾਸ਼ਣ ਦੇ ਕੇ ਆਦਰਸ਼ ਚੋਣ ਜ਼ਾਬਤੇ ($33) ਦੀ ਉਲੰਘਣਾ ਕੀਤੀ ਹੈ। ਕਪਿਲ ਸਿੱਬਲ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਅਜਿਹੀਆਂ ਟਿੱਪਣੀਆਂ ਰਾਜਨੀਤੀ ਵਿੱਚ ਇੱਕ ਨਵਾਂ ਨਿਘਾਰ ਹਨ ਅਤੇ ਇਹ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਰਿਆਦਾ ਨੂੰ ਘਟਾਉਂਦੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਤੀਤ ਵਿੱਚ ਕਿਸੇ ਵੀ ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ ਅਜਿਹਾ ਕੰਮ ਨਹੀਂ ਕੀਤਾ ਹੈ। ਸਿੱਬਲ ਦੀ ਇਹ ਪ੍ਰਤੀਕਿਰਿਆ ਪ੍ਰਧਾਨ ਮੰਤਰੀ ਦੇ ਉਸ ਸੰਬੋਧਨ ਤੋਂ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਮਹਿਲਾ ਰਾਖਵਾਂਕਰਨ ਸੋਧ ਬਿੱਲ ਦੇ ਪਾਸ ਨਾ ਹੋਣ ਲਈ ਕਾਂਗਰਸ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਦੀ ਸਖ਼ਤ ਨਿੰਦਾ ਕੀਤੀ ਸੀ। ਕਪਿਲ ਸਿੱਬਲ ਨੇ ਆਪਣੀ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਵਾਰ-ਵਾਰ ਚੋਣ ਜ਼ਾਬਤੇ ਦੀ ਉਲੰਘਣਾ ਕਰਦੇ ਹਨ, ਪਰ ਉਨ੍ਹਾਂ ਨੂੰ ਭਰੋਸਾ ਹੈ ਕਿ ਨਾ ਤਾਂ ਮੁੱਖ ਚੋਣ ਕਮਿਸ਼ਨਰ ਅਤੇ ਨਾ ਹੀ ਕੋਈ ਹੋਰ ਸੰਸਥਾ ਇਸ ਮਾਮਲੇ ਵਿੱਚ ਕੋਈ ਕਾਰਵਾਈ ਕਰੇਗੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਮੁਖਾਤਬ ਹੁੰਦਿਆਂ ਕਿਹਾ, ਤੁਸੀਂ ਚੋਣਾਂ ਜਿੱਤ ਸਕਦੇ ਹੋ, ਪਰ ਤੁਹਾਨੂੰ ਸੰਸਥਾਵਾਂ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ।

## ਪਹਿਲਗਾਮ ਅੱਤਵਾਦੀ ਹਮਲੇ ਦੀ ਵਰ੍ਹੇਗੰਢ: ਕਸ਼ਮੀਰ ਦੇ ਸੈਰ-ਸਪਾਟਾ ਸਥਾਨਾਂ 'ਤੇ ਸੁਰੱਖਿਆ ਸਖ਼ਤ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਸ਼੍ਰੀਨਗਰ 19 ਅਪ੍ਰੈਲ। ਕਸ਼ਮੀਰ ਦੇ ਪਹਿਲਗਾਮ ਵਿੱਚ ਪਿਛਲੇ ਸਾਲ 22 ਅਪ੍ਰੈਲ ਨੂੰ ਲਸ਼ਕਰ-ਏ-ਤੋਇਬਾ ਦੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲੇ ਦੀ ਪਹਿਲੀ ਵਰ੍ਹੇਗੰਢ ਤੋਂ ਪਹਿਲਾਂ ਘਾਟੀ ਦੇ ਸੈਰ-ਸਪਾਟਾ ਸਥਾਨਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਇਸ ਹਮਲੇ ਵਿੱਚ ਲਸ਼ਕਰ-ਏ-ਤੋਇਬਾ ਦੇ ਅੱਤਵਾਦੀਆਂ ਨੇ 26 ਲੋਕਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੀ ਵਰ੍ਹੇਗੰਢ ਦੀ ਪੂਰਵ ਸੰਧਿਆ 'ਤੇ ਕਿਸੇ ਵੀ ਸੰਭਾਵੀ ਵਿਨਾਸ਼ਕਾਰੀ ਗਤੀਵਿਧੀ, ਖਾਸ ਕਰਕੇ ਸੈਰ-ਸਪਾਟਾ ਸਥਾਨਾਂ ਦੇ ਆਲੇ-ਦੁਆਲੇ, ਪ੍ਰਤੀ ਚੌਕਸ ਰਹਿਣ ਲਈ ਕਿਹਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਮਜ਼ਬੂਤ ??ਸੁਰੱਖਿਆ ਯੋਜਨਾ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਮੁੱਢਲੀਆਂ ਮੀਟਿੰਗਾਂ ਕੀਤੀਆਂ ਗਈਆਂ ਸਨ, ਜਦੋਂ ਕਿ ਸੀਨੀਅਰ ਅਧਿਕਾਰੀਆਂ ਨੇ ਹਾਲ ਹੀ ਵਿੱਚ ਇਨ੍ਹਾਂ ਪ੍ਰਬੰਧਾਂ ਦੀ ਸਮੀਖਿਆ ਕੀਤੀ ਸੀ। 22 ਅਪ੍ਰੈਲ, 2025 ਨੂੰ ਪਹਿਲਗਾਮ ਦੀ ਸੁੰਦਰ ਬੈਸਰਨ ਘਾਟੀ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 25 ਸੈਲਾਨੀ ਅਤੇ ਇੱਕ ਸਥਾਨਕ ਵਿਅਕਤੀ ਮਾਰੇ ਗਏ ਸਨ। ਲਸ਼ਕਰ-ਏ-ਤੋਇਬਾ ਦੇ ਅੱਤਵਾਦੀਆਂ ਦੁਆਰਾ ਕੀਤੇ



ਜ਼ਾਲਮ ਹਮਲੇ ਕਾਰਨ ਜੰਮੂ-ਕਸ਼ਮੀਰ ਤੋਂ ਸੈਲਾਨੀ ਭੱਜ ਗਏ ਅਤੇ ਅਧਿਕਾਰੀਆਂ ਨੂੰ ਕਰੀਬ 50 ਸੈਰ-ਸਪਾਟਾ ਸਥਾਨਾਂ ਨੂੰ ਬੰਦ ਕਰਨਾ ਪਿਆ ਅਤੇ ਸੁਰੱਖਿਆ ਆਡਿਟ ਤੋਂ ਬਾਅਦ ਕੁਝ ਨੂੰ ਪੜਾਅਵਾਰ ਮੁੜ ਖੋਲ੍ਹਿਆ ਗਿਆ। ਪਹਿਲਗਾਮ ਹਮਲੇ ਦੇ ਕਰੀਬ ਇਕ ਸਾਲ ਬਾਅਦ ਬੈਸਰਨ ਘਾਟੀ ਫਿਰ ਤੋਂ ਸੈਲਾਨੀਆਂ ਨਾਲ ਭਰੀ ਹੋਈ ਹੈ ਅਤੇ ਅਨੰਤਨਾਗ ਜ਼ਿਲ੍ਹੇ ਵਿਚ ਸਥਿਤ ਮਿੰਨੀ ਸਵਿਟਜ਼ਰਲੈਂਡ ਵਿਚ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵੱਧ ਰਹੀ ਹੈ। ਪਹਿਲਗਾਮ ਰਿਜ਼ੋਰਟ ਵਿਚ ਸੈਲਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਈ ਨਵੇਂ ਉਪਾਅ ਲਾਗੂ ਕੀਤੇ ਗਏ ਹਨ। ਇਸ ਵਿਚ ਸੇਵਾ ਪ੍ਰਦਾਤਾਵਾਂ ਅਤੇ ਵਿਕਰੇਤਾਵਾਂ, ਜਿਨ੍ਹਾਂ ਵਿਚ ਪੋਨੀਵਾਲੇ ਵੀ ਸ਼ਾਮਲ ਹਨ, ਨਾਲ ਸੰਪਰਕ ਕਰਨ ਤੋਂ ਪਹਿਲਾਂ ਪੂਰਵ-ਤਸਦੀਕ ਸ਼ਾਮਲ ਹਨ। ਪਹਿਲਗਾਮ ਵਿਚ ਸੈਲਾਨੀਆਂ ਦੀ ਸੁਰੱਖਿਆ ਲਈ ਸਾਰੇ ਸੈਰ-ਸਪਾਟਾ ਸੇਵਾ ਪ੍ਰਦਾਤਾਵਾਂ ਲਈ ਇਕ QR ਕੋਡ-ਆਧਾਰਿਤ ਪਛਾਣ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਇਹ ਪ੍ਰਣਾਲੀ ਅਸਲੀ ਅਤੇ ਰਜਿਸਟਰਡ ਸੇਵਾ ਪ੍ਰਦਾਤਾਵਾਂ ਦੀ ਪਛਾਣ ਅਤੇ ਤਸਦੀਕ ਨੂੰ ਆਸਾਨ ਬਣਾਉਂਦੀ ਹੈ, ਜਿਸ ਵਿੱਚ ਪੋਨੀ ਰਾਈਡ ਆਪਰੇਟਰ, ਹਾਕਰ, ਵਪਾਰਕ ਅਦਾਰੇ ਅਤੇ ਨਾਲ ਹੀ ਬਾਹਰੀ ਵਿਕਰੇਤਾ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ, ਹਰੇਕ ਸੇਵਾ ਪ੍ਰਦਾਤਾ ਦੀ ਪੁਲਸ ਦੁਆਰਾ ਸਹੀ ਢੰਗ ਨਾਲ ਜਾਂਚ ਕੀਤੀ ਜਾਂਦੀ ਹੈ, ਅਧਿਕਾਰੀਆਂ ਨੇ ਉਸ ਦਾ ਪੰਜੀਕਰਣ ਕਰਾਇਆ ਅਤੇ ਉਨ੍ਹਾਂ ਨੂੰ ਇੱਕ ਵਿਲੱਖਣ QR ਕੋਡ ਪ੍ਰਦਾਨ ਕੀਤਾ, ਜਿਸ ਵਿੱਚ ਨਿੱਜੀ ਜਾਣਕਾਰੀ ਅਤੇ ਵਿਅਕਤੀ ਬਾਰੇ ਹੋਰ ਵੇਰਵੇ ਦਰਜ ਹਨ। ਉਨ੍ਹਾਂ ਦੱਸਿਆ ਕਿ ਸੈਲਾਨੀ ਆਪਣੇ ਮੋਬਾਈਲ ਫੋਨਾਂ ਨਾਲ ਕੋਡ ਨੂੰ ਸਕੈਨ ਕਰਕੇ ਵਿਅਕਤੀ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। QR ਕੋਡ ਵਿੱਚ ਸੇਵਾ ਪ੍ਰਦਾਤਾ ਦਾ ਨਾਮ, ਪਿਤਾ ਦਾ ਨਾਮ, ਵਿਸਤ੍ਰਿਤ ਪਤਾ, ਮੋਬਾਈਲ ਨੰਬਰ, ਆਧਾਰ ਨੰਬਰ, ਰਜਿਸਟ?ਰੇਸ਼ਨ ਨੰਬਰ, ਸੰਚਾਲਨ ਦਾ ਰਸਤਾ ਅਤੇ ਕੀ ਇਸਦੀ ਪੁਲਸ ਦੁਆਰਾ ਤਸਦੀਕ ਕੀਤੀ ਗਈ ਹੈ, ਵਰਗੀ ਜਾਣਕਾਰੀ ਹੁੰਦੀ ਹੈ। ਕਸ਼ਮੀਰ ਦੇ ਇੰਸਪੈਕਟਰ ਜਨਰਲ ਆਫ਼ ਪੁਲਸ (ਆਈਜੀਪੀ) ਵੀਕੇ ਬਿਰਦੀ ਨੇ ਹਾਲ ਹੀ ਵਿੱਚ ਇੱਕ ਸਮੀਖਿਆ ਮੀਟਿੰਗ ਵਿੱਚ ਨਿਰਦੇਸ਼ ਦਿੱਤੇ ਕਿ ਸੈਲਾਨੀਆਂ ਲਈ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣ ਲਈ ਪ੍ਰਮੁੱਖ ਸੈਰ-ਸਪਾਟਾ ਸਥਾਨਾਂ ਸਮੇਤ ਸੰਵੇਦਨਸ਼ੀਲ ਸਥਾਪਨਾਵਾਂ ਦੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧ ਮਜ਼ਬੂਤ ??ਕੀਤੇ ਜਾਣ। ਬਿਰਦੀ ਨੇ ਕਸ਼ਮੀਰ ਘਾਟੀ ਵਿੱਚ ਹੋਣ ਵਾਲੇ ਆਗਾਮੀ ਸਮਾਗਮਾਂ ਲਈ ਸੁਰੱਖਿਆ ਪ੍ਰਬੰਧਾਂ ਦਾ ਮੁਲਾਂਕਣ ਕਰਨ ਅਤੇ ਅੰਤਿਮ ਰੂਪ ਦੇਣ ਲਈ ਪੀਸੀਆਰ ਕਸ਼ਮੀਰ ਵਿਖੇ ਇੱਕ ਸੁਰੱਖਿਆ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਸਥਾਨਕ ਪੁਲਸ, ਕੇਂਦਰੀ ਰਿਜ਼ਰਵ ਪੁਲਸ ਫੋਰਸ, ਸੀਮਾ ਸੁਰੱਖਿਆ ਫੋਰਸ , ਟ?ਰੈਫਿਕ ਪੁਲਸ, ਰੇਲਵੇ, ਸੁਰੱਖਿਆ ਅਤੇ ਰਾਜ ਆਫ਼ਤ ਪ੍ਰਤੀਕਿਰਿਆ ਫੋਰਸ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

ਕੌਮੀ ਪੱਤ੍ਰਿਕਾ

# ਤੇਲ ਮਾਰਕੀਟਿੰਗ ਕੰਪਨੀਆਂ ਨੇ ਹਰਿਆਣਾ ਵਿੱਚ ਪੈਟਰੋਲੀਅਮ ਉਤਪਾਦਾਂ ਅਤੇ ਐੱਲਪੀਜੀ ਦੀ ਨਿਰਵਿਘਨ ਸਪਲਾਈ ਦਾ ਭਰੋਸਾ ਦਿੱਤਾ

**ਪਾਣੀਪਤ 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਤੇਲ ਮਾਰਕੀਟਿੰਗ ਕੰਪਨੀਆਂ (ਓਐੱਮਸੀਜ਼) ਨੇ ਹਰਿਆਣਾ ਦੇ ਨਾਗਰਿਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਪੈਟਰੋਲੀਅਮ ਉਤਪਾਦਾਂ ਅਤੇ ਐੱਲਪੀਜੀ ਦੀ ਸਪਲਾਈ ਸਥਿਰ, ਢੁਕਵੀਂ ਅਤੇ ਮੌਜੂਦਾ ਮੰਗ ਨੂੰ ਮੁਕੰਮਲ ਤੌਰ 'ਤੇ ਪੂਰਾ ਕਰਨ ਦੇ ਯੋਗ ਹੈ। ਰਾਜ ਵਿੱਚ ਕਿਸੇ ਵੀ ਕਿਸਮ ਦੀ ਘਾਟ ਦੀ ਸਥਿਤੀ ਨਹੀਂ ਹੈ।

ਇੰਡੀਅਨ ਆਇਲ ਕਾਰਪੋਰੇਸ਼ਨ ਲਿਮਿਟੇਡ, ਪਾਣੀਪਤ ਮੰਡਲ ਦਫ਼ਤਰ ਦੇ ਹਰਿਆਣਾ ਰਾਜ ਪੱਧਰੀ ਕੋਆਰਡੀਨੇਟਰ ਸ੍ਰੀ ਅਨਿਲ ਕੁਮਾਰ ਸਿੰਘ ਨੇ ਦੱਸਿਆ ਕਿ ਐੱਲਪੀਜੀ ਸਪਲਾਈ ਦੀ ਸਥਿਤੀ ਆਰਾਮਦਾਇਕ ਬਣੀ ਹੋਈ ਹੈ। ਹਰਿਆਣਾ ਭਰ ਵਿੱਚ ਬੋਟਲਿੰਗ ਪਲਾਂਟਾਂ 'ਤੇ ਐੱਲਪੀਜੀ ਦਾ ਸਟਾਕ ਪੱਧਰ ਇਤਿਹਾਸਕ ਮਿਆਰਾਂ ਹੇਠ ਅਤੇ ਮੁੜ ਭਰਾਈ ਯੋਜਨਾਬੱਧ ਅਤੇ ਨਿਰੰਤਰ ਅਧਾਰ 'ਤੇ ਕੀਤੀ ਜਾ ਰਹੀ ਹੈ। ਓਐੱਮਸੀਜ਼ ਗ੍ਰਾਹਕਾਂ ਦੀ ਜ਼ਰੂਰਤ ਅਨੁਸਾਰ ਘਰੇਲੂ ਐੱਲਪੀਜੀ ਸਿਲੰਡਰਾਂ ਦੀ ਮੰਗ ਪੂਰੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਇਸ ਤੋਂ ਇਲਾਵਾ, ਤਰਜੀਹੀ ਖੇਤਰਾਂ ਨੂੰ ਵਪਾਰਕ ਐੱਲਪੀਜੀ ਦੀ ਸਪਲਾਈ ਸਰਕਾਰੀ ਨੀਤੀ ਦੇ ਅਨੁਸਾਰ ਪੂਰਵ ਸੰਕਟ ਪੱਧਰਾਂ ਦੇ 70% ਤੱਕ ਜਾਰੀ ਰੱਖੀ ਜਾ ਰਹੀ ਹੈ।

ਉਨ੍ਹਾਂ ਨੇ ਦੱਸਿਆ ਕਿ ਪ੍ਰਵਾਸੀ ਮਜ਼ਦੂਰਾਂ ਲਈ 5 ਕਿਲੋਗ੍ਰਾਮ ਫ੍ਰੀ ਟ੍ਰੇਡ ਐੱਲਪੀਜੀ ਸਿਲੰਡਰਾਂ ਦੀ ਸਪਲਾਈ ਰਾਹੀਂ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਵਿੱਚ ਰੋਜ਼ਾਨਾ 2,000-2,500 ਸਿਲੰਡਰਾਂ ਦੀ ਵੰਡ ਯਕੀਨੀ ਬਣਾਈ ਜਾ ਰਹੀ ਹੈ, ਜੋ ਪ੍ਰੀ-ਕ੍ਰਾਈਸਿਸ ਪੱਧਰਾਂ ਦੇ ਬਰਾਬਰ ਹੈ। ਇਸ ਯਤਨ ਨੂੰ ਸਮਰਥਨ ਦੇਣ ਲਈ, ਓਐੱਮਸੀਜ਼ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਮਰਪਿਤ ਐੱਲਪੀਜੀ ਵੰਡ ਕੈਂਪ ਲਗਾਏ ਜਾ ਰਹੇ ਹਨ।

ਸ਼੍ਰੀ ਅਨਿਲ ਕੁਮਾਰ ਸਿੰਘ ਨੇ ਕਿਹਾ ਕਿ ਓਐੱਮਸੀਜ਼ ਸਥਿਤੀ ਦੀ ਨਜ਼ਦੀਕੀ ਨਿਗਰਾਨੀ ਕਰ ਰਹੇ ਹਨ ਅਤੇ ਹਰਿਆਣਾ ਸਰਕਾਰ ਦੇ ਸਹਿਯੋਗ ਨਾਲ ਲਾਜਿਸਟਿਕਸ ਨੂੰ ਸੁਚਾਰੂ ਬਣਾਉਣ ਅਤੇ ਡਿਲੀਵਰੀ ਨੂੰ ਤੇਜ਼ ਕਰਨ ਲਈ ਸਰਗਰਮ ਕਦਮ ਚੁੱਕੇ ਹਨ। ਰਾਜ ਸਰਕਾਰ ਨਾਲ ਕਈ ਮੀਟਿੰਗਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਪੈਟਰੋਲੀਅਮ ਉਤਪਾਦਾਂ ਦੀ ਉਪਲਬਧਤਾ ਅਤੇ ਵੰਡ ਅਤੇ ਸਿਟੀ ਗੈਸ ਡਿਸਟ੍ਰੀਬਿਊਸ਼ਨ (ਸੀਜੀਡੀ) ਨੈੱਟਵਰਕ ਦੇ ਵਿਸਥਾਰ 'ਤੇ ਧਿਆਨ ਦਿੱਤਾ ਗਿਆ। ਕੇਂਦਰ ਸਰਕਾਰ ਦੇ ਨਿਰਦੇਸ਼ਾਂ ਦੇ ਅਨੁਸਾਰ, ਰਾਜ ਸਰਕਾਰ ਨੇ ਵੱਖ-ਵੱਖ ਡੀਮਡ ਮਨਜ਼ੂਰੀਆਂ ਜਾਰੀ ਕੀਤੀਆਂ ਹਨ, ਜਿਸ ਨਾਲ ਸੀਜੀਡੀ ਪ੍ਰੋਜੈਕਟਾਂ ਦੀ ਸੁਚਾਰੂ ਅਤੇ ਤੇਜ਼ ਕਾਰਗੁਜ਼ਾਰੀ ਅਤੇ ਪੀਐੱਨਜੀ ਦੇ ਪ੍ਰਸਾਰ ਨੂੰ ਯੋਗ ਬਣਾਇਆ ਗਿਆ ਹੈ।

ਐੱਲਪੀਜੀ ਉਪਭੋਗਤਾਵਾਂ ਨੂੰ ਸਿਰਫ਼ ਅਧਿਕਾਰਤ ਡਿਜੀਟਲ ਪਲੇਟਫਾਰਮਾਂ ਰਾਹੀਂ ਸਿਲੰਡਰ ਬੁੱਕ ਕਰਨ ਅਤੇ ਡਿਲੀਵਰੀ ਦੇ ਸਮੇਂ ਡੀਏਸੀ (ਡਿਲੀਵਰੀ ਆਥੈਂਟੀਕੇਸ਼ਨ ਕੋਡ) ਦੀ ਵਰਤੋਂ ਕਰਕੇ ਪ੍ਰਮਾਣਿਕਤਾ ਯਕੀਨੀ ਬਣਾਉਣ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ। ਇਸ ਨਾਲ ਪਾਰਦਰਸ਼ੀ, ਬਿਨਾ ਕਿਸੇ ਮੁਸ਼ਕਲ ਦੇ ਡਿਲੀਵਰੀ ਅਨੁਭਵ ਅਤੇ ਅਸਲ ਗ੍ਰਾਹਕਾਂ ਨੂੰ ਸਮੇਂ 'ਤੇ ਸੇਵਾ ਯਕੀਨੀ ਬਣਦੀ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ, ਹਰਿਆਣਾ ਭਰ ਵਿੱਚ ਪੈਟਰੋਲ ਅਤੇ ਐੱਚਐੱਸਡੀ (ਹਾਈ-ਸਪੀਡ ਡੀਜ਼ਲ) ਦੇ ਸਟਾਕ ਆਮ ਵਾਂਗ ਹਨ। ਓਐੱਮਸੀ ਡਿਪੋਜ਼ ਵਿੱਚ ਵਧੀਆ ਸਟਾਕ ਮੌਜੂਦ ਹੈ ਅਤੇ ਰਿਟੇਲ ਆਊਟਲੈਟਾਂ 'ਤੇ ਨਿਰਵਿਘਨ ਵਿਕਰੀ ਲਈ ਪ੍ਰਚੁਰ ਸਪਲਾਈ ਉਪਲਬਧ ਹੈ। ਆਟੋਮੋਟਿਵ ਈਂਧਣ ਦੀ ਉਪਲਬਧਤਾ ਬਾਰੇ ਚਿੰਤਾ ਕਰਨ ਦਾ ਕੋਈ ਕਾਰਨ ਨਹੀਂ ਹੈ।

ਸ਼੍ਰੀ ਅਨਿਲ ਨੇ ਕਿਹਾ ਕਿ ਇਹ ਗੌਰਤਲਬ ਹੈ ਕਿ ਅਪ੍ਰੈਲ 2025 ਤੋਂ ਫਰਵਰੀ 2026 (ਪੂਰਵ ਸੰਕਟ ਮਿਆਦ) ਤੱਕ ਐੱਚਐੱਸਡੀ ਦੀ ਖਪਤ ਵਿੱਚ ਵਾਧਾ ਸਥਿਰ (0%) ਰਿਹਾ, ਜਦਕਿ ਮਾਰਚ 2026 ਵਿੱਚ ਮੰਗ ਵਿੱਚ 22% ਦਾ ਤੇਜ਼ ਵਾਧਾ ਦਰਜ ਕੀਤਾ ਗਿਆ। ਓਐੱਮਸੀਜ਼ ਨੇ ਇਸ ਵਾਧੇ ਨੂੰ ਬਿਨਾ ਕਿਸੇ ਰੁਕਾਵਟ ਦੇ ਸਫਲਤਾਪੂਰਵਕ ਸੰਭਾਲਿਆ ਅਤੇ ਪੂਰਾ ਕੀਤਾ। ਓਐੱਮਸੀਜ਼ ਪੈਟਰੋਲੀਅਮ ਉਤਪਾਦਾਂ ਅਤੇ ਐੱਲਪੀਜੀ ਦੀ ਬਿਨਾ ਰੁਕਾਵਟ ਸਪਲਾਈ ਯਕੀਨੀ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਉਂਦੀਆਂ ਹਨ ਅਤੇ ਜਨਤਾ ਨੂੰ ਘਬਰਾਹਟ ਵਿੱਚ ਖਰੀਦਦਾਰੀ ਤੋਂ ਬਚਣ ਦੀ ਅਪੀਲ ਕਰਦੀਆਂ ਹਨ।

ਮੰਗ ਨੂੰ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨ ਲਈ ਸਾਰੀਆਂ ਲੋੜੀਂਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ।

## ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੰਡਸਟਰੀ ਨੂੰ ਸਾਜਗਾਰ ਮਾਹੌਲ ਦੇਣ ਲਈ ਲਗਾਤਾਰ ਯਤਨ : ਵਿਰਾਜ ਐਸ. ਤਿੜਕੇ

**ਮਲੇਰਕੋਟਲਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਉਦਯੋਗ ਅਤੇ ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਕਾਰੋਬਾਰ ਲਈ ਸਾਜਗਾਰ ਮਾਹੌਲ ਤਿਆਰ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਇਸੇ ਸੰਦਰਭ ਵਿੱਚ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਵਿਰਾਜ ਐਸ. ਤਿੜਕੇ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਦਫ਼ਤਰ ਦੇ ਮੀਟਿੰਗ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੇ ਪ੍ਰਤੀਨਿਧੀਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਚੇਅਰਮੈਨ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਆਜ਼ਮ ਦਾਰਾ, ਚੇਅਰਮੈਨ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਇਮਿਤਿਆਜ਼ ਅਲੀ, ਚੇਅਰਮੈਨ ਵਿਧਾਨ ਸਭਾ ਹਲਕਾ ਅਮਰਗੜ੍ਹ ਅਸ਼ਵਨੀ ਕੁਮਾਰ, ਐਸ.ਡੀ.ਐਮ ਮਾਲੇਰਕੋਟਲਾ ਕਨੂ ਗਰਗ, ਐਸ.ਡੀ.ਐਮ ਅਮਰਗੜ੍ਹ ਹਰਬੰਸ ਸਿੰਘ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਬੜੀ ਗੰਭੀਰਤਾ ਨਾਲ ਸੁਣਿਆ ਅਤੇ ਉਨ੍ਹਾਂ ਦੇ ਸਮੇਂ-ਸਿਰ ਨਿਪਟਾਰੇ ਲਈ ਸਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ।

ਉਨ੍ਹਾਂ ਕਿਹਾ ਕਿ ਵਪਾਰਕ ਗਤੀਵਿਧੀਆਂ ਨੂੰ ਸੁਚਾਰੂ ਬਣਾਉਣਾ ਅਤੇ ਵਪਾਰੀਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਨਾ ਜ਼ਿਲ੍ਹਾ ਪ੍ਰਸ਼ਾਸਨ ਦੀ ਪ੍ਰਾਥਮਿਕਤਾ ਹੈ।

ਉਨ੍ਹਾਂ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਕਿ ਕਮਰਸ਼ੀਅਲ ਇਲਾਕਿਆਂ ਅਤੇ ਬਾਜ਼ਾਰਾਂ ਵਿੱਚ ਪੈਟਰੋਲਿੰਗ ਵਧਾਈ ਜਾਵੇ ਤਾਂ ਜੋ ਵਪਾਰੀਆਂ ਨੂੰ ਸੁਰੱਖਿਅਤ ਮਾਹੌਲ ਮਿਲ ਸਕੇ। ਇਸ ਤੋਂ ਇਲਾਵਾ ਟਰੈਫਿਕ ਸੰਬੰਧੀ ਸਮੱਸਿਆਵਾਂ ਦੇ ਹੱਲ ਲਈ ਅਹਿਮਦਗੜ੍ਹ, ਅਮਰਗੜ੍ਹ ਅਤੇ ਮਾਲੇਰਕੋਟਲਾ ਸ਼ਹਿਰ ਲਈ ਵਿਸ਼ੇਸ਼ ਟਰੈਫਿਕ ਯੋਜਨਾ ਤਿਆਰ ਕਰਨ ਦੇ ਆਦੇਸ਼ ਦਿੱਤੇ ਗਏ।

ਚੇਅਰਮੈਨ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਆਜ਼ਮ ਦਾਰਾ ਨੇ ਦੱਸਿਆ ਕਿ ਟਰੇਡਰਜ਼ ਕਮਿਸ਼ਨ ਦੇ ਪ੍ਰਤੀਨਿਧੀਆਂ ਵੱਲੋਂ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਜਾ ਕੇ ਵਪਾਰੀਆਂ ਨਾਲ ਸਿੱਧਾ ਸੰਪਰਕ ਕੀਤਾ ਗਿਆ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਇਕੱਠਾ ਕਰਕੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਨੇ ਬਾਜ਼ਾਰਾਂ ਵਿੱਚ ਪਖਾਨਿਆਂ ਅਤੇ ਬਜਾਰਾਂ ਦੀ ਸਾਫ ਸਫਾਈ, ਪਾਰਕਿੰਗ ਅਤੇ ਸਟ੍ਰੀਟ ਲਾਈਟਾਂ ਵਰਗੀਆਂ ਮੁੱਢਲੀਆਂ ਸਹੂਲਤਾਂ ਦੇ ਤੁਰੰਤ ਸੁਧਾਰ ਦੀ ਲੋੜ 'ਤੇ ਜ਼ੋਰ ਦਿੱਤਾ।

ਡਿਪਟੀ ਕਮਿਸ਼ਨਰ ਨੇ ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣ, ਕਿਉਂਕਿ ਪੰਜਾਬ ਸਰਕਾਰ ਵੱਲੋਂ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕੀਤੇ ਗਏ ਹਨ।ਉਨ੍ਹਾਂ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਪਾਰ ਅਤੇ ਉਦਯੋਗ ਦੇ ਵਿਕਾਸ ਲਈ ਹਰ ਸੰਭਵ ਸਹਿਯੋਗ ਪ੍ਰਦਾਨ ਕਰਦਾ ਰਹੇਗਾ ਅਤੇ ਵਪਾਰੀਆਂ ਦੀਆਂ ਵਾਜਿਬ ਸਮੱਸਿਆਵਾਂ ਦਾ ਨਿਪਟਾਰਾ ਤਰਜੀਹ ਦੇ ਅਧਾਰ 'ਤੇ ਕੀਤਾ ਜਾਵੇਗਾ।

ਇਸ ਮੌਕੇ ਡੀ.ਡੀ.ਪੀ.ਓ ਰੂਪ ਸਿੰਘ, ਐਕਸ਼ੀਅਨ ਪੀ.ਐਸ.ਪੀ.ਸੀ.ਐਲ ਇੰਜੀ ਹਰਵਿੰਦਰ ਸਿੰਘ, ਜ਼ਿਲਾ ਮੰਡੀ ਅਫਸਰ ਜਸਪਾਲ ਸਿੰਘ, ਲੇਬਰ ਇੰਸਪੈਕਟਰ ਗੁਰਪ੍ਰੀਤ ਸਿੰਘ,ਏ.ਐਮ.ਈ ਇੰਜ. ਨਰਿੰਦਰ ਕੁਮਾਰ, ਈ.ਟੀ.ਓ ਨਛੱਤਰ ਸਿੰਘ, ਇੰਸਪੈਕਟਰ ਦਵਿੰਦਰ ਸਿੰਘ, ਆਬਕਾਰੀ ਇੰਸਪੈਕਟਰ ਅਜੇ ਕੁਮਾਰ ਮਿੱਤਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

# 70 ਸਾਲਾਂ ਬਾਅਦ ਹੁਸ਼ਿਆਰਪੁਰ ਦੇ ਕੰਢੀ ਖੇਤਰ ਵਿੱਚ ਸ਼ਾਨਦਾਰ ਸੜਕਾਂ ਬਣਾਈਆਂ ਜਾਣਗੀਆਂ; ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 150 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ

## ਟਾਂਡਾ ਉੜਮੁੜ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਕੀਤਾ ਜਾਵੇਗਾ: ਮੁੱਖ ਮੰਤਰੀ

**ਟਾਂਡਾ (ਹੁਸ਼ਿਆਰਪੁਰ); 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੰਢੀ ਖੇਤਰ ਵਿੱਚ ਦਹਾਕਿਆਂ ਦੀ ਅਣਦੇਖੀ ਨੂੰ ਦੂਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਟਾਂਡਾ ਉੜਮੁੜ ਵਿੱਚ 150 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਲਗਭਗ 70 ਸਾਲਾਂ ਤੋਂ ਸਹੂਲਤਾਂ ਪੱਖੋਂ ਵਾਂਝੇ ਪਿੰਡਾਂ ਲਈ ਆਧੁਨਿਕ ਸੜਕੀ ਬੁਨਿਆਦੀ ਢਾਂਚਾ, ਉੱਚ ਪੱਧਰੀ ਪੁਲ ਅਤੇ ਅਤਿ-ਆਧੁਨਿਕ ਸਿਹਤ ਸਹੂਲਤਾਂ ਦੇ ਵਿਆਪਕ ਨੈੱਟਵਰਕ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਪਿਛਲੀਆਂ ਸਰਕਾਰਾਂ ਦੇ ਸਿਆਸੀ ਵਿਤਕਰੇ ਨੂੰ ਦੂਰ ਕਰਕੇ ਫੈਸਲਾਕੁੰਨ ਬਦਲਾਅ ਲਿਆਏਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਲੰਬੇ ਸਮੇਂ ਤੋਂ ਅਣਗੌਲਿਆਂ ਕੀਤੇ ਇਸ ਖੇਤਰ ਨੂੰ ਬਿਹਤਰ ਬੁਨਿਆਦੀ ਢਾਂਚਾ ਅਤੇ ਮਾਣ-ਸਨਮਾਨ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਅਕਾਲੀ ਦਲ ਨੂੰ ਜਨਤਾ ਦੇ ਭਰੋਸੇ ਨੂੰ ਤੋੜਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕਰਨ ਲਈ ਵੀ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਅੱਜ ਦੀ ਇਸ ਪਹਿਲਕਦਮੀ ਨੂੰ ਵਿਕਾਸ ਵਿੱਚ ਵਾਧੇ ਅਤੇ ਸੂਬੇ ਦੀ ਸਿਆਸਤ ਲਈ ਨੈਤਿਕ ਮੁਲਾਂਕਣ ਵਜੋਂ ਦਰਸਾਇਆ।

ਸਮਾਗਮ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਨੇ ਐਕਸ ਹੈਂਡਲ 'ਤੇ ਲਿਖਿਆ: ਅੱਜ ਮੈਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਟਾਂਡਾ ਵਿੱਚ 150 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਸਬੰਧੀ ਕਰਵਾਏ ਗਏ ਸੂਬਾ ਪੱਧਰੀ ਸਮਾਗਮ ਵਿੱਚ ਹਿੱਸਾ ਲਿਆ। ਸਾਡੀ ਸਰਕਾਰ ਸੂਬੇ ਦੇ ਬੁਨਿਆਦੀ ਢਾਂਚੇ ਅਤੇ ਸਿਹਤ ਸਹੂਲਤਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾ ਰਹੀ ਹੈ।

ਮੁੱਖ ਮੰਤਰੀ ਨੇ ਅੱਗੇ ਲਿਖਿਆ: ਖੇਤਰ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਲਈ 141.88 ਕਰੋੜ ਰੁਪਏ ਦੇ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ ਗਏ ਹਨ। ਇਸ ਦੇ ਨਾਲ ਹੀ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਜਾਣ ਵਾਲੀ ਸੰਗਤ ਦੀ ਸਹੂਲਤ ਲਈ 2.39 ਕਰੋੜ ਰੁਪਏ ਦੀ ਲਾਗਤ ਨਾਲ ਇੱਕ 'ਉੱਚ ਪੱਧਰੀ ਪੁਲ' ਬਣਾਇਆ ਜਾਵੇਗਾ। ਸਿਹਤ ਸਹੂਲਤਾਂ ਦਾ ਵਿਸਥਾਰ ਕਰਦਿਆਂ 3.30 ਕਰੋੜ ਰੁਪਏ ਦੀ ਲਾਗਤ ਨਾਲ 6 ਪਿੰਡਾਂ ਵਿੱਚ 'ਹੈਲਥ ਐਂਡ ਵੈਲਨੈਸ ਸੈਂਟਰ' ਸਥਾਪਤ ਕੀਤੇ ਜਾ ਰਹੇ ਹਨ ਅਤੇ 1.35 ਕਰੋੜ ਰੁਪਏ ਦੀ ਲਾਗਤ ਨਾਲ ਗੜ੍ਹਦੀਵਾਲਾ ਵਿੱਚ ਇੱਕ 'ਸ਼ਹਿਰੀ ਪ੍ਰਾਇਮਰੀ ਸਿਹਤ ਕੇਂਦਰ' ਸਥਾਪਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਅੰਤ ਵਿੱਚ ਲਿਖਿਆ, ਇਸ ਤੋਂ ਇਲਾਵਾ ਪਿੰਡ ਤਲਵੰਡੀ ਡੱਡੀਆਂ ਵਿੱਚ 1.54 ਕਰੋੜ ਰੁਪਏ ਦੀ ਲਾਗਤ ਵਾਲਾ ਇੱਕ ਜਲ ਸਪਲਾਈ ਪ੍ਰਾਜੈਕਟ ਵੀ ਸ਼ੁਰੂ ਕੀਤਾ ਗਿਆ ਹੈ। ਆਮ ਆਦਮੀ ਦੀ ਸਰਕਾਰ ਰੰਗਲਾ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਹਰ ਨਾਗਰਿਕ ਨੂੰ ਮਿਆਰੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਹੁਸ਼ਿਆਰਪੁਰ ਦੇ ਕੰਢੀ ਖੇਤਰ ਵਿੱਚ 70 ਸਾਲਾਂ ਬਾਅਦ ਸ਼ਾਨਦਾਰ ਸੜਕਾਂ ਬਣਾਈਆਂ ਜਾਣਗੀਆਂ। ਟਾਂਡਾ ਉੜਮੁੜ ਵਿੱਚ ਲਿੰਕ ਸੜਕਾਂ ਦਾ ਨਵੀਨੀਕਰਨ ਅਤੇ ਅਪਗ੍ਰੇਡ ਕੀਤਾ ਜਾਵੇਗਾ। ਲੋਕ ਨਿਰਮਾਣ ਵਿਭਾਗ ਵੱਲੋਂ ਹੁਸ਼ਿਆਰਪੁਰ-ਦਸੂਹਾ ਰੋਡ ਨੂੰ ਗੁਰਦੁਆਰਾ ਰਾਮਪੁਰ ਖੇੜਾ ਨਾਲ ਜੋੜਨ ਵਾਲੀ ਲਿੰਕ ਸੜਕ 'ਤੇ ਉੱਚ-ਪੱਧਰੀ ਪੁਲ ਬਣਾਇਆ ਜਾਵੇਗਾ।

ਉਨ੍ਹਾਂ ਅੱਗੇ ਕਿਹਾ, ਛੇ ਪਿੰਡਾਂ ਕੰਧਾਲਾ ਸ਼ੇਖਾਂ, ਰਾਜਪੁਰ, ਧੁੱਗਾ ਕਲਾਂ, ਪ੍ਰੇਮਪੁਰ, ਗਿਲਜੀਆਂ ਅਤੇ ਜਹੂਰਾ ਵਿੱਚ ਆਧੁਨਿਕ ਹੈਲਥ ਐਂਡ ਵੈਲਨੈਸ ਸੈਂਟਰ ਵਿਕਸਤ ਕੀਤੇ ਜਾ ਰਹੇ ਹਨ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 70 ਸਾਲਾਂ ਤੋਂ ਟਾਂਡਾ ਉੜਮੁੜ ਇਲਾਕਾ ਸਿਆਸੀ ਵਿਤਕਰੇ ਦਾ ਸ਼ਿਕਾਰ ਰਿਹਾ ਕਿਉਂਕਿ ਪਿਛਲੀਆਂ ਸਰਕਾਰਾਂ ਇੱਥੇ ਵਿਕਾਸ ਕਾਰਜ ਕਰਨ ਵਿੱਚ ਅਸਫਲ ਰਹੀਆਂ। ਸਾਡੀ ਸਰਕਾਰ ਨੇ ਇਲਾਕੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਯਕੀਨੀ ਬਣਾਉਣ ਲਈ ਕਈ ਸ਼ਾਨਦਾਰ ਪਹਿਲਕਦਮੀਆਂ ਕੀਤੀਆਂ ਹਨ। ਇਸ ਨੇਕ ਕੰਮ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਕਿਉਂਕਿ ਪੰਜਾਬ ਸਰਕਾਰ ਸੂਬੇ ਦੇ ਹਰ ਕੋਨੇ-ਕੋਨੇ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਵੱਲੋਂ ਹੁਣ ਤੱਕ ਸੂਬੇ ਭਰ ਵਿੱਚ 990 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਜਿਨ੍ਹਾਂ ਵਿੱਚ ਪੇਂਡੂ ਖੇਤਰਾਂ 'ਚ 576 ਕਲੀਨਿਕ ਅਤੇ ਸ਼ਹਿਰੀ ਖੇਤਰਾਂ 'ਚ 414 ਕਲੀਨਿਕ ਸ਼ਾਮਲ ਹਨ। ਉਨ੍ਹਾਂ ਕਿਹਾ, ਇਨ੍ਹਾਂ ਨਵੇਂ ਕਲੀਨਿਕਾਂ ਵਿੱਚ 107 ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ ਅਤੇ 47 ਤਰ੍ਹਾਂ ਦੇ ਡਾਇਗਨੌਸਟਿਕ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ, ਸੂਬੇ ਦੇ ਹਰ ਨਾਗਰਿਕ ਨੂੰ ਸਿਹਤ ਸਹੂਲਤਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਉਪਲਬਧ ਕਰਵਾਉਣ ਲਈ ਜਲਦ ਹੀ ਹੋਰ 400 ਕਲੀਨਿਕ ਖੋਲ੍ਹੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ, ਪਿਛਲੇ 75 ਸਾਲਾਂ ਵਿੱਚ ਕਿਸੇ ਵੀ ਸਰਕਾਰ ਨੇ ਆਮ ਲੋਕਾਂ ਨੂੰ ਅਜਿਹੀਆਂ ਸਹੂਲਤਾਂ ਦੇਣ ਦੀ ਖੇਚਲ ਨਹੀਂ ਕੀਤੀ ਪਰ 'ਆਪ' ਸਰਕਾਰ ਵੱਲੋਂ ਸਾਰੇ ਲੋਕਾਂ ਲਈ ਇਹ ਕਲੀਨਿਕ ਖੋਲ੍ਹੇ ਗਏ ਹਨ।

ਸਿੱਖਿਆ ਖੇਤਰ ਵਿੱਚ ਸੂਬੇ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਨੇ ਰਾਸ਼ਟਰੀ ਸਰਵੇਖਣ 2024 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਅੱਗੇ ਕਿਹਾ, ਇਹ ਸਾਰੇ ਪੰਜਾਬੀਆਂ ਲਈ ਬੇਹੱਦ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਇਸ ਸਰਵੇਖਣ ਵਿੱਚ ਸੂਬੇ ਨੇ ਕੇਰਲ ਨੂੰ ਵੀ ਪਛਾੜ ਦਿੱਤਾ ਹੈ।

ਉਨ੍ਹਾਂ ਕਿਹਾ, ਪਿਛਲੇ ਕੁਝ ਸਾਲਾਂ ਦੌਰਾਨ 740 ਵਿਦਿਆਰਥੀਆਂ ਨੇ ਜੇਈਈ ਪ੍ਰੀਖਿਆ ਅਤੇ 1284 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ। ਸੂਬੇ ਭਰ ਵਿੱਚ 118 ਸਕੂਲ ਆਫ਼ ਐਮੀਨੈਂਸ ਸਥਾਪਿਤ ਕੀਤੇ ਜਾ ਰਹੇ ਹਨ ਅਤੇ 60 ਪਹਿਲਾਂ ਹੀ ਕਾਰਜਸ਼ੀਲ ਕੀਤੇ ਜਾ ਚੁੱਕੇ ਹਨ। ਇਹ ਸਕੂਲ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਇਹਨਾਂ ਦਾ ਉਦੇਸ਼ ਵਿਦਿਆਰਥੀਆਂ ਦੀਆਂ ਯੋਗਤਾਵਾਂ ਅਤੇ ਰੁਚੀਆਂ ਦੇ ਆਧਾਰ 'ਤੇ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਵੱਡੀਆਂ ਮੱਲ੍ਹਾਂ ਮਾਰ ਸਕਣ। ਪਹਿਲੀ ਵਾਰ 24 ਲੱਖ ਮਾਪਿਆਂ ਨੇ ਮੈਗਾ ਪੀਟੀਐਮ ਵਿੱਚ ਹਿੱਸਾ ਲਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮੈਡੀਕਲ ਅਤੇ ਨਾਨ-ਮੈਡੀਕਲ ਸਮੇਤ ਸਾਰੀਆਂ ਸਟ੍ਰੀਮਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ, ਆਰਮਡ ਫੋਰਸਿਜ਼ ਪ੍ਰੈਪਰੇਟਰੀ, ਨੀਟ, ਜੇਈਈ ਅਤੇ ਸੀਐਲਏਟੀ ਵਰਗੀਆਂ ਵੱਕਾਰੀ ਪ੍ਰੀਖਿਆਵਾਂ ਲਈ ਕੋਚਿੰਗ ਵੀ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ, ਸਿੱਖਿਆ ਰਾਹੀਂ ਹੀ ਸਮਾਜਿਕ ਬੁਰਾਈਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਇਸ ਲਈ ਪੰਜਾਬ ਸਰਕਾਰ ਨੇ ਸਿੱਖਿਆ ਨੂੰ ਤਰਜੀਹ ਦਿੱਤੀ ਹੈ ਅਤੇ ਲੋਕਾਂ ਦੇ ਜੀਵਨ ਨੂੰ ਬਦਲਣ ਲਈ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਪਹਿਲਕਦਮੀਆਂ ਕੀਤੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਕੋਈ ਵੀ ਮੁਫ਼ਤ ਸਹੂਲਤ ਜਾਂ ਰਿਆਇਤ ਸੂਬੇ ਵਿੱਚੋਂ ਗਰੀਬੀ ਜਾਂ ਹੋਰ ਸਮਾਜਿਕ ਬੁਰਾਈਆਂ ਨੂੰ ਖਤਮ ਨਹੀਂ ਕਰ ਸਕਦੀ ਪਰ ਸਿੱਖਿਆ ਹੀ ਉਹ ਕੁੰਜੀ ਹੈ ਜੋ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਕੇ ਉਨ੍ਹਾਂ ਨੂੰ ਗਰੀਬੀ ਵਿੱਚੋਂ ਬਾਹਰ ਕੱਢ ਸਕਦੀ ਹੈ। ਉਨ੍ਹਾਂ ਅੱਗੇ ਕਿਹਾ, ਸਿੱਖਿਆ ਉਹ ਰੌਸ਼ਨੀ ਹੈ ਜੋ ਹਨੇਰੇ ਨੂੰ ਦੂਰ ਕਰਕੇ ਦੁਨੀਆ ਨੂੰ ਰੁਸ਼ਨਾਉਂਦੀ ਹੈ। ਉਨ੍ਹਾਂ ਅੱਗੇ ਕਿਹਾ, ਪੰਜਾਬ ਸਰਕਾਰ ਵੱਲੋਂ ਇਸ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, ਸੂਬੇ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਦਿੱਤਾ ਜਾ ਰਿਹਾ ਹੈ ਅਤੇ 30 ਲੱਖ ਤੋਂ ਵੱਧ ਲਾਭਪਾਤਰੀ ਪਹਿਲਾਂ ਹੀ ਸਿਹਤ ਕਾਰਡ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ, ਇਸ ਯੋਜਨਾ ਤਹਿਤ 1.65 ਲੱਖ ਲੋਕਾਂ ਨੂੰ ਮੁਫ਼ਤ ਇਲਾਜ ਮਿਲ ਚੁੱਕਾ ਹੈ। ਉਨ੍ਹਾਂ ਕਿਹਾ, ਲੋਕਾਂ ਨੂੰ ਇਨ੍ਹਾਂ ਕਾਰਡਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ, ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਟਿਊਬਵੈਲਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਗਈ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਕਿਸਾਨਾਂ ਨੂੰ ਹੁਣ ਪਹਿਲੀ ਵਾਰ ਸਿੰਚਾਈ ਲਈ ਦਿਨ ਵੇਲੇ ਵੀ ਬਿਜਲੀ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ ਹੈ। ਉਨ੍ਹਾਂ ਅੱਗੇ ਕਿਹਾ, ਆਪ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਸਮਝਦਾਰੀ ਨਾਲ ਵਰਤੋਂ ਕਰ ਰਹੀ ਹੈ। ਮਾਵਾਂ ਧੀਆਂ ਸਤਿਕਾਰ ਯੋਜਨਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, ਪੰਜਾਬ ਸਰਕਾਰ ਨੇ ਇਹ ਯੋਜਨਾ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਸ਼ੁਰੂ ਕੀਤੀ ਹੈ, ਜਿਸ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਦਿੱਤੇ ਜਾਣਗੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਟੈਕਸ ਦਾ ਪੈਸਾ ਸੂਬੇ ਦੇ ਲੋਕਾਂ ਦਾ ਹੈ ਅਤੇ ਉਹ ਇਸਨੂੰ ਸਮਝਦਾਰੀ ਨਾਲ ਲੋਕਾਂ ਦੀ ਭਲਾਈ 'ਤੇ ਖਰਚ ਕਰ ਰਹੇ ਹਨ। ਟੈਕਸਦਾਤਾਵਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਕੋਲ ਵਾਪਸ ਆ ਰਿਹਾ ਹੈ। ਭਾਵੇਂ 'ਆਪ' ਸਰਕਾਰ ਨੇ ਆਪਣੀਆਂ ਸਾਰੀਆਂ ਗਰੰਟੀਆਂ ਪੂਰੀਆਂ ਕਰ ਲਈਆਂ ਹਨ ਪਰ ਫਿਰ ਵੀ ਪੰਜਾਬ ਦੇ ਵਿਕਾਸ ਲਈ ਯਤਨ ਜਾਰੀ ਰਹਿਣਗੇ।

## ਜ਼ਿਲ੍ਹਾ ਸੰਗਰੂਰ ਵਿੱਚ ਅੱਠਵੇਂ ਰਾਊਂਡ ਦੀ ਮੁਫਤ ਮੂੰਹ ਖੁਰ ਵੈਕਸੀਨੇਸ਼ਨ ਮੁਹਿੰਮ ਦੀ ਕੀਤੀ ਸ਼ੁਰੂਆਤ

**ਸੰਗਰੂਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਸੰਗਰੂਰ ਵਿੱਚ ਪਸ਼ੂ ਧਨ ਨੂੰ ਲਾਗ ਦੀ ਖਤਰਨਾਕ ਬਿਮਾਰੀ ਮੂੰਹ ਖੁਰ ਤੋਂ ਬਚਾਉਣ ਲਈ ਅੱਠਵੇਂ ਰਾਊਂਡ ਦੀ ਟੀਕਾਕਰਨ ਮੁਹਿੰਮ ਦਾ ਅਗਾਜ਼ ਗਊਸ਼ਾਲਾ ਬੇਸਹਾਰਾ ਪਸ਼ੂ ਭਲਾਈ ਸੰਸਥਾ ਉਬਾਵਾਲ ਰੋਡ ਸੰਗਰੂਰ ਤੋਂ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੰਗਰੂਰ ਨੇ ਦੱਸਿਆ ਕਿ ਸਰਦਾਰ ਗੁਰਮੀਤ ਸਿੰਘ ਖੁਡੀਆਂ ਕੈਬਨਟ ਮੰਤਰੀ ਪਸ਼ੂ ਪਾਲਣ ਅਤੇ ਰਾਹੁਲ ਭੰਡਾਰੀ ਜੀ ਪ੍ਰਮੁੱਖ ਸਕੱਤਰ ਪਸ਼ੂ ਪਾਲਣ ਪੰਜਾਬ ਸਰਕਾਰ ਜੀ ਦੀਆਂ ਹਦਾਇਤਾਂ ਮੁਤਾਬਕ ਇਸ ਅੱਠਵੇਂ ਰਾਊਂਡ ਤਹਿਤ ਮੂੰਹ ਖੁਰ ਦੀ ਬਿਮਾਰੀ ਤੋਂ ਪਸ਼ੂ ਧਨ ਨੂੰ ਬਚਾਉਣ ਲਈ ਜਿਲ੍ਹੇ ਭਰ ਵਿੱਚ 65 ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਘਰ ਘਰ ਜਾ ਕੇ 505600 ਪਸ਼ੂਆਂ ਦੇ ਟੀਕਾਕਰਨ ਨੂੰ ਯਕੀਨੀ ਬਣਾਉਣਗੇ ।ਇਹ ਮੁਹਿੰਮ 15 ਅਪ੍ਰੈਲ ਤੋਂ 29 ਮਈ ਤੱਕ ਚਲੇਗੀ । ਇਹ ਟੀਕਾਕਰਨ ਬਿਲਕੁਲ ਮੁਫਤ ਕੀਤਾ ਜਾਏਗਾ ਅਤੇ ਇਸਦੀ ਰਜਿਸਟਰੇਸ਼ਨ ਭਾਰਤ ਪਸ਼ੂਧਨ ਪੋਰਟਲ ਤੇ ਨਾਲੋ ਨਾਲ ਕੀਤੀ ਜਾਵੇਗੀ। ਇਸ ਮੌਕੇ ਡਿਪਟੀ ਡਾਇਰੈਕਟਰ ਨੇ ਪਸ਼ੂ ਪਾਲਕਾਂ ਨੂੰ ਇਸ ਮੁਹਿੰਮ ਤਹਿਤ 100% ਟੀਕਾਕਰਨ ਕਰਵਾਉਣ ਦੀ ਅਪੀਲ ਕੀਤੀ।

ਸਮੂਹ ਪੰਚਾਇਤਾਂ ਸਮਾਜ ਭਲਾਈ ਕਲੱਬਾਂ, ਸੰਸਥਾਵਾਂ ਨੂੰ ਇਸ ਕੰਮ ਵਿੱਚ ਭਰਪੂਰ ਸਹਿਯੋਗ ਦੀ ਅਪੀਲ ਕੀਤੀ ਗਈ ਤਾਂ ਕਿ ਅਸੀਂ ਆਪਣੇ ਪਸ਼ੂ ਧਨ ਨੂੰ ਲਾਗ ਦੀ ਖਤਰਨਾਕ ਬਿਮਾਰੀ ਤੋਂ ਬਚਾ ਸਕੀਏ ਅਤੇ ਜਿਲਾ ਸੰਗਰੂਰ ਨੂੰ ਐਫਐਮਡੀ ਮੁਕਤ ਜੋਨ ਬਣਾਉਣ ਵਿੱਚ ਆਪਣਾ ਯੋਗਦਾਨ ਪਾਈਏ। ਗਊਸ਼ਾਲਾ ਦੇ ਪ੍ਰਧਾਨ ਸ੍ਰੀ ਨਰੇਸ਼ ਕੁਮਾਰ ਜੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਇਸ ਮੌਕੇ ਡਾ. ਪਰਮਿੰਦਰਜੀਤ ਸਿੰਘ, ਡਾ. ਅਨੁਰਾਧਾ ,ਸ੍ਰੀ ਗੁਰਪ੍ਰੀਤ ਸਿੰਘ ਸ੍ਰੀ ਕੁਲਦੀਪ ਸਿੰਘ, ਅਤੇ ਗਊਸ਼ਾਲਾ ਦੇ ਪ੍ਰਬੰਧਕ ਹਾਜ਼ਰ ਰਹੇ।

# ਹਰਪਾਲ ਸਿੰਘ ਚੀਮਾ ਵੱਲੋਂ ਰੰਗਲਾ ਪੰਜਾਬ ਵਿਕਾਸ ਸਕੀਮ ਦੇ ਪਹਿਲੇ ਪੜਾਅ ਦੇ ਵਿਕਾਸ ਕਾਰਜ ਮੁਕੰਮਲ ਕਰਨ ਲਈ 15 ਮਈ ਦੀ ਸਮਾਂ-ਸੀਮਾ ਤੈਅ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਸਪੱਸ਼ਟ ਹਦਾਇਤਾਂ ਜਾਰੀ ਕਰਦਿਆਂ 15 ਮਈ, 2026 ਤੱਕ ਰੰਗਲਾ ਪੰਜਾਬ ਵਿਕਾਸ ਸਕੀਮ ਦੇ ਪਹਿਲੇ ਪੜਾਅ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਮਜ਼ਬੂਤ ਵਿੱਤੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ, ਵਿੱਤ ਮੰਤਰੀ ਨੇ ਸਕੀਮ ਲਈ ਲੋੜੀਂਦੇ ਫੰਡਾਂ ਦੀ ਵੰਡ ਦੀ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਦੂਜੇ ਪੜਾਅ ਲਈ ਵੀ ਫੰਡ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਸਾਰੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਇਨ੍ਹਾਂ ਸਰੋਤਾਂ ਦੀ ਸੁਚੱਜੇ ਢੰਗ ਨਾਲ ਅਤੇ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸਖ਼ਤੀ ਨਾਲ ਵਰਤੋਂ ਕੀਤੀ ਜਾਵੇ, ਕਿਉਂਕਿ ਫੰਡਾਂ ਦੀ ਬਿਲਕੁਲ ਕੋਈ ਕਮੀ ਨਹੀਂ ਹੈ।

ਕੰਮ ਦੇ ਉੱਚ ਮਿਆਰਾਂ ਨੂੰ ਯਕੀਨੀ ਬਣਾਉਣ ਲਈ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਡਿਪਟੀ ਕਮਿਸ਼ਨਰਾਂ ਨੂੰ ਸਬੰਧਤ ਵਿਭਾਗੀ ਅਧਿਕਾਰੀਆਂ ਵੱਲੋਂ ਨਿਯਮਤ ਫੀਲਡ ਦੌਰੇ ਲਾਜ਼ਮੀ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, ਇਸ ਕਦਮ ਦਾ ਉਦੇਸ਼ ਜ਼ਮੀਨੀ ਪੱਧਰ 'ਤੇ



ਚੱਲ ਰਹੀਆਂ ਵਿਕਾਸ ਪਹਿਲਕਦਮੀਆਂ ਦੀ ਗੁਣਵੱਤਾ ਅਤੇ ਰਫ਼ਤਾਰ ਦੋਵਾਂ ਦੀ ਬਾਰੀਕੀ ਨਾਲ ਨਿਗਰਾਨੀ ਕਰਨਾ ਹੈ।

ਵੱਡੇ ਬੁਨਿਆਦੀ ਢਾਂਚੇ ਦੇ ਕਾਰਜਾਂ ਲਈ ਜੋ ਅਟੱਲ ਕਾਰਨਾਂ ਕਰਕੇ 15 ਮਈ ਦੇ ਟੀਚੇ ਤੋਂ ਅੱਗੇ ਜਾ ਸਕਦੇ ਹਨ, ਵਿੱਤ ਮੰਤਰੀ ਨੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਨੂੰ ਯਕੀਨੀ ਬਣਾਉਣ ਲਈ ਸੋਧੀਆਂ ਅਤੇ ਸਖ਼ਤ ਸਮਾਂ-ਸੀਮਾਵਾਂ ਤੁਰੰਤ ਪੇਸ਼ ਕਰਨ ਦੇ ਆਦੇਸ਼ ਦਿੱਤੇ।

ਇਸ ਮੌਕੇ ਪਾਰਦਰਸ਼ਤਾ ਅਤੇ ਡਿਜੀਟਲ ਜਵਾਬਦੇਹੀ ਦੀ ਲੋੜ 'ਤੇ ਜ਼ੋਰ ਦਿੰਦਿਆਂ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਸਮਰਪਿਤ ਨੋਡਲ ਅਫ਼ਸਰ ਨਿਯੁਕਤ ਕਰਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਕਿਹਾ, ਇਹ ਅਧਿਕਾਰੀ ਸਾਰੇ ਵਿਕਾਸ ਕਾਰਜਾਂ ਦੀਆਂ ਰੀਅਲ-ਟਾਈਮ ਸਥਿਤੀ ਰਿਪੋਰਟਾਂ ਨੂੰ ਸਿੱਧਾ ਰੰਗਲਾ ਪੰਜਾਬ ਪੋਰਟਲ 'ਤੇ ਅਪਲੋਡ ਕਰਨ ਦੀ ਜ਼ਿੰਮੇਵਾਰੀ ਨਿਭਾਉਣਗੇ। ਜਿਹੜੇ ਵੀ ਸਬੰਧਤ ਕਰਮਚਾਰੀਆਂ ਨੇ ਅਜੇ ਤੱਕ ਪੋਰਟਲ ਦੀ ਸਿਖਲਾਈ ਪ੍ਰਾਪਤ ਨਹੀਂ ਕੀਤੀ ਹੈ, ਉਨ੍ਹਾਂ ਨੂੰ ਭਲਕੇ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐਨਆਈਸੀ) ਦੁਆਰਾ ਕਰਵਾਏ ਜਾਣ ਵਾਲੇ ਇੱਕ ਵਿਸ਼ੇਸ਼ ਸਿਖਲਾਈ ਸੈਸ਼ਨ ਵਿੱਚ ਜ਼ਰੂਰ ਸ਼ਾਮਲ ਹੋਣ।

ਇਹ ਹਦਾਇਤਾਂ ਵਿੱਤ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੌਰਾਨ ਦਿੱਤੀਆਂ ਗਈਆਂ। ਇਸ ਮੀਟਿੰਗ ਵਿੱਚ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਵਿਸ਼ੇਸ਼ ਮੁੱਖ ਸਕੱਤਰ ਖੇਡਾਂ ਅਤੇ ਯੁਵਕ ਸੇਵਾਵਾਂ ਸਰਵਜੀਤ ਸਿੰਘ, ਵਧੀਕ ਮੁੱਖ ਸਕੱਤਰ ਯੋਜਨਾਬੰਦੀ ਜਸਪ੍ਰੀਤ ਤਲਵਾੜ, ਵਧੀਕ ਮੁੱਖ ਸਕੱਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਕਾਸ ਪ੍ਰਤਾਪ, ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਸਕੱਤਰ ਪੇਂਡੂ ਵਿਕਾਸ ਅਤੇ ਪੰਚਾਇਤਾਂ ਅਜੀਤ ਬਾਲਾਜੀ ਜੋਸ਼ੀ, ਸਕੱਤਰ ਸਥਾਨਕ ਸਰਕਾਰਾਂ ਮਨਜੀਤ ਸਿੰਘ ਬਰਾੜ, ਸਕੱਤਰ ਸਿੱਖਿਆ ਸੋਨਾਲੀ ਗਿਰੀ, ਸਕੱਤਰ ਪੰਜਾਬ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਕੁਮਾਰ ਅਮਿਤ, ਵਿਸ਼ੇਸ਼ ਸਕੱਤਰ ਲੋਕ ਨਿਰਮਾਣ ਵਿਭਾਗ ਹਰਗੁਣਜੀਤ ਕੌਰ, ਅਤੇ ਐਮ.ਡੀ. ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਅਮਿਤ ਤਲਵਾੜ ਸ਼ਾਮਲ ਹੋਏ। ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਇਸ ਕਾਰਵਾਈ ਵਿੱਚ ਹਿੱਸਾ ਲਿਆ।

## ਜ਼ਿਲ੍ਹਾ ਮਾਲੇਰਕੋਟਲਾ ਵਿਖੇ ਡਾ. ਬੀ.ਆਰ. ਅੰਬੇਦਕਰ ਜਯੰਤੀ ਸ਼ਰਧਾ ਨਾਲ ਮਨਾਈ ਗਈ

**ਮਲੇਰਕੋਟਲਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮਾਲੇਰਕੋਟਲਾ ਵਿੱਚ ਡਾ. ਬੀ.ਆਰ. ਅੰਬੇਦਕਰ ਜਯੰਤੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਈ ਗਈ। ਇਹ ਸਮਾਗਮ ਵਧੀਕ ਡਿਪਟੀ ਕਮਿਸ਼ਨਰ (ਏ.ਡੀ.ਸੀ) ਰਿੰਪੀ ਗਰਗ ਦੀ ਅਗਵਾਈ ਹੇਠ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਭਲਾਈ ਵਿਭਾਗ ਵੱਲੋਂ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਭਾਗ ਦੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਇਲਾਵਾ ਹੋਰ ਵਿਭਾਗਾਂ ਦੇ ਨੁਮਾਇੰਦਿਆ ਨੇ ਹਿੱਸਾ ਲਿਆ ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ਼) ਰਿੰਪੀ ਗਰਗ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੂੰ ਨਮਨ ਕਰਦਿਆਂ ਉਨ੍ਹਾਂ ਦੀਆਂ ਦੇਸ਼ ਲਈ ਬੇਮਿਸਾਲ ਸੇਵਾਵਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਡਾ. ਅੰਬੇਦਕਰ ਸਿਰਫ਼ ਸੰਵਿਧਾਨ ਨਿਰਮਾਤਾ ਹੀ ਨਹੀਂ ਸਨ, ਸਗੋਂ ਉਹ ਸਮਾਜਿਕ ਬਰਾਬਰੀ ਅਤੇ ਨਿਆਂ ਦੇ ਮਹਾਨ ਪੈਰੋਕਾਰ ਵੀ ਸਨ।

ਉਨ੍ਹਾਂ ਵੱਲੋਂ ਦਿੱਤੇ ਸਿਧਾਂਤ ਅੱਜ ਵੀ ਸਮਾਜ ਨੂੰ ਅੱਗੇ ਵਧਣ ਦਾ ਰਸਤਾ ਦਿਖਾਉਂਦੇ ਹਨ।

ਉਨ੍ਹਾਂ ਕਿਹਾ ਕਿ ਸਿੱਖਿਆ ਹੀ ਸਮਾਜਿਕ ਤਬਦੀਲੀ ਦਾ ਸਭ ਤੋਂ ਵੱਡਾ ਸਾਧਨ ਹੈ ਅਤੇ ਹਰ ਵਿਅਕਤੀ ਨੂੰ ਸਿੱਖਿਆ ਪ੍ਰਾਪਤ ਕਰਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਉਨ੍ਹਾਂ ਸਮਾਜ ਦੇ ਪਿੱਛੜੇ ਵਰਗਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਯੋਜਨਾਵਾਂ ਦਾ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ ਅਤੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਹ ਯੋਜਨਾਵਾਂ ਲੋੜਵੰਦਾਂ ਤੱਕ ਪਹੁੰਚਣ।

ਸਮਾਗਮ ਦੌਰਾਨ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਭਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਡਾ. ਅੰਬੇਦਕਰ ਦੇ ਜੀਵਨ ਸੰਦੇਸ਼ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ ਗਿਆ।

ਇਸ ਮੌਕੇ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਹਰਪ੍ਰੀਤ ਸਿੰਘ ਸਮੇਤ ਵੱਖ ਵੱਖ ਵਿਭਾਗ ਦੇ ਨੁਮਾਇੰਦੇ ਅਤੇ ਸਟਾਫ ਮੌਜੂਦ ਸੀ, ਸਮਾਗਮ ਦੇ ਅੰਤ 'ਤੇ ਸਾਰੇ ਹਾਜ਼ਰ ਵਿਅਕਤੀਆਂ ਨੇ ਡਾ. ਅੰਬੇਦਕਰ ਦੇ ਦਿਖਾਏ ਰਾਹ 'ਤੇ ਚੱਲਣ ਅਤੇ ਸਮਾਜ ਵਿੱਚ ਬਰਾਬਰੀ, ਨਿਆਂ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ।

# ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਮਤਿ ਸਮਾਗਮ ਮੌਕੇ ਸ਼ਮੂਲੀਅਤ



**ਮਾਛੀਵਾੜਾ ਸਾਹਿਬ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਬਹਾਦਰਗੜ੍ਹ, ਪਟਿਆਲਾ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਧਾਰਮਿਕ ਗਤੀਵਿਧੀਆਂ ਦੀ ਪੇਸ਼ਕਾਰੀ ਅਤੇ ਪ੍ਰਦਰਸ਼ਨੀ 'ਖਾਲਸਾ ਸਾਜਨਾ ਦਿਵਸ' ਨੂੰ ਸਮਰਪਿਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤੀ ਗਈ। ਸਮਾਗਮ ਵਿੱਚ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ (ਲੁਧਿ.) ਦੀਆਂ ਵਿਦਿਆਰਥਣਾਂ ਅਤੇ ਸਟਾਫ ਵੱਲੋਂ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਵਿੱਚ ਸ਼ਮੂਲੀਅਤ ਕੀਤੀ ਗਈ ।ਕਾਲਜ ਵਿਦਿਆਰਥਣਾਂ ਵੱਲੋਂ ਦੀਵਾਨ ਹਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਸਥਾ ਵੱਲੋਂ ਉਲੀਕੇ ਗੁਰਮਤਿ ਸਮਾਗਮ ਵਿੱਚ ਸ਼ਬਦ ਕੀਰਤਨ, ਕਵੀਸ਼ਰੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਧਾਰਮਿਕ ਕਵਿਤਾ ਰਾਹੀਂ ਹਾਜ਼ਰੀ ਲਗਵਾਈ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਗੁਰਬਾਣੀ ਵਿੱਚ ਵਰਣਿਤ ਪੌਦਿਆਂ ਅਤੇ ਹਵਾ ਦੀ ਸ਼ੁੱਧਤਾ ਰੱਖਣ ਵਾਲੇ ਪੌਦਿਆਂ ਦੀ ਪ੍ਰਦਰਸ਼ਨੀ ਵੀ ਵਿਸ਼ੇਸ਼ ਤੌਰ 'ਤੇ ਲਗਾਈ ਗਈ, ਜੋ ਕਿ ਤਖਤ ਸਾਹਿਬ ਤੇ ਨਤਮਸਤਕ ਹੋਣ ਲਈ ਆਈ ਸੰਗਤ ਲਈ ਖਿੱਚ ਦਾ ਕੇਂਦਰ ਬਣੀ ਰਹੀ। ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਕਮੇਟੀ ਦੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਅਤੇ ਸਿਧਾਤਾਂ ਨਾਲ ਜੋੜਨ ਦਾ ਇਹ ਯਤਨ ਭਵਿੱਖ ਵਿੱਚ ਵਧੀਆ ਨਤੀਜੇ ਲੈ ਕੇ ਆਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੀ ਇਸ ਸਮਾਗਮ ਵਿੱਚ ਖਾਸ ਤੌਰ ਤੇ ਪੁੱਜੇ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਟੀਚਾ ਵਿਦਿਆਰਥੀਆਂ ਨੂੰ ਦੁਨਿਆਵੀ ਸਿੱਖਿਆ ਦੇ ਨਾਲ ਧਰਮ ਅਤੇ ਵਿਰਸੇ ਨਾਲ ਜੋੜਨਾ ਅਤੇ ਸਿੱਖੀ ਸਿਧਾਂਤਾਂ ਵਿੱਚ ਪ੍ਰਪੱਕ ਕਰਨਾ ਵੀ ਹੈ। ਪ੍ਰਧਾਨ ਸਾਹਿਬ ਨੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਮਾਡਲਾਂ ਅਤੇ ਹੋਰ ਪੇਸ਼ਕਾਰੀਆਂ ਦੀ ਸ਼ਲਾਘਾ ਕਰਦੇ ਹੋਏ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ । ਸ਼੍ਰੋਮਣੀ ਕਮੇਟੀ ਦੇ ਵਿੱਦਿਆ ਸਕੱਤਰ ਇੰਜ. ਸੁਖਮਿੰਦਰ ਸਿੰਘ ਨੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਕਾਲਜਾਂ ਨੂੰ ਵੱਖ-ਵੱਖ ਜੋਨਾਂ ਵਿੱਚ ਵੰਡ ਕੇ ਤਿੰਨੋਂ ਤਖ਼ਤ ਸਾਹਿਬਾਨ ਵਿਖੇ ਉਲੀਕੇ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਗਿਆ ਹੈ।ਇਸ ਸਮਾਗਮ ਮੌਕੇ ਕਾਲਜ ਵਿਦਿਆਰਥਣਾਂ ਅਤੇ ਸਟਾਫ ਵੱਲੋਂ ਨੀਲੇ ਅਤੇ ਕੇਸਰੀ ਦੁਪੱਟੇ ਸਜਾਏ ਗਏ। ਬੀਬੀ ਹਰਜਿੰਦਰ ਕੌਰ ਮੈਂਬਰ ਅੰਤ੍ਰਿੰਗ ਕਮੇਟੀ ਸ਼੍ਰੋਮਣੀ ਗੁ.ਪ੍ਰ.ਕਮੇਟੀ, ਮੈਂਬਰ ਸਾਹਿਬਾਨ ਸ਼੍ਰੋਮਣੀ ਗੁ.ਪ੍ਰ.ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਵੱਖ-ਵੱਖ ਸਕੂਲਾਂ/ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,ਹੋਰ ਪ੍ਰਮੁੱਖ ਸ਼ਖਸੀਅਤਾਂ, ਅਧਿਆਪਕ ਸਾਹਿਬਾਨ, ਵਿਦਿਆਰਥੀ ਅਤੇ ਭਾਰੀ ਗਿਣਤੀ ਵਿੱਚ ਸੰਗਤ ਵੱਲੋਂ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀ ਲਗਵਾ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਅਤੇ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਗਈਆਂ।

## ਕੋਕਾ-ਕੋਲ੍ਹਾ ਇੰਡੀਆ ਨੂੰ ਦੁਬਾਰਾ ਕਲਪਨਾ ਕਰਨ ਲਈ ਦਿਲਜੀਤ ਦੋਸਾਂਝ ਅਤੇ ਜਾਨ੍ਹਵੀ ਕਪੂਰ ਨੂੰ ਸ਼ਾਮਲ ਕੀਤਾ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਕਾ-ਕੋਲ੍ਹਾ ਨੇ ਅੱਜ ਦਿਲਜੀਤ ਦੋਸਾਂਝ ਅਤੇ ਜਾਨ੍ਹਵੀ ਕਪੂਰ ਨੂੰ ਲੈ ਕੇ ਆਪਣੀ ਮੁਹਿੰਮ ਦਾ ਐਲਾਨ ਕੀਤਾ, ਜੋ ਰੋਜ਼ਾਨਾ ਦੇ ਪਲਾਂ ਵਿੱਚ ÷ ਕੋਕਾ-ਕੋਲਾ ਹਾਫਟਾਈਮ÷ ਦੇ ਵਿਚਾਰ ਨੂੰ ਜੀਵਨ ਵਿੱਚ ਲਿਆਉਂਦੀ ਹੈ। ਇਸਦੇ ਮੂਲ ਰੂਪ ਵਿੱਚ, ਇਹ ਵਿਚਾਰ ਇਸ ਵਿਸ਼ਵਾਸ 'ਤੇ ਬਣਿਆ ਹੈ ਕਿ ਹਾਫਟਾਈਮ ਨੂੰ ਸਿਰਫ਼ ਦਿਨ ਨੂੰ ਰੋਕਣ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ, ਇਹ ਤੁਹਾਨੂੰ ਇਸ ਵਿੱਚ ਵਾਪਸ ਖਿੱਚਣਾ ਚਾਹੀਦਾ ਹੈ।

ਕੋਕਾ-ਕੋਲਾ, ਆਪਣੇ ਸੁਆਦੀ ਅਤੇ ਤਾਜ਼ਗੀ ਭਰੇ ਸੁਆਦ ਦੇ ਨਾਲ, ਉਸ ਉਤਸ਼ਾਹਜਨਕ ਬ੍ਰੇਕ ਦੀ ਭੂਮਿਕਾ ਨਿਭਾਉਂਦਾ ਹੈ, ਰੋਜ਼ਾਨਾ ਅਨੁਭਵਾਂ ਵਿੱਚ ਨਿੱਘ ਅਤੇ ਸਬੰਧ ਦੀ ਭਾਵਨਾ ਪੈਦਾ ਕਰਦਾ ਹੈ। ਇਹ ਇੱਕ ਸਧਾਰਨ, ਪਹੁੰਚਯੋਗ ਰਸਮ ਬਣ ਜਾਂਦਾ ਹੈ, ਇੱਕ ਛੋਟਾ ਪਰ ਸ਼ਕਤੀਸ਼ਾਲੀ ਅੱਧਾ ਸਮਾਂ ਜੋ ਲੋਕਾਂ ਨੂੰ ਵਧੇਰੇ ਮੌਜੂਦ ਮਹਿਸੂਸ ਕਰਨ, ਆਪਣੇ ਆਲੇ ਦੁਆਲੇ ਦੇ ਲੋਕਾਂ ਦੇ ਨੇੜੇ ਮਹਿਸੂਸ ਕਰਨ ਅਤੇ ਆਪਣੇ ਆਲੇ ਦੁਆਲੇ ਦੇ ਮਾਹੌਲ ਨਾਲ ਜੁੜੇ ਰਹਿਣ ਦੀ ਆਗਿਆ ਦਿੰਦਾ ਹੈ।

ਕੋਕਾ-ਕੋਲਾ ਇੰਡੀਆ ਅਤੇ ਦੱਖਣ-ਪੱਛਮੀ ਏਸ਼ੀਆ ਦੇ ਮਾਰਕੀਟਿੰਗ ਦੇ ਸੀਨੀਅਰ ਡਾਇਰੈਕਟਰ ਕਾਰਤਿਕ ਸੁਬਰਾਮਨੀਅਮ ਨੇ ਕਿਹਾ: ਅੱਜ ਦੇ ਖਪਤਕਾਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਭਰਪੂਰ ਅਤੇ ਤੇਜ਼ ਜ਼ਿੰਦਗੀ ਜੀ ਰਹੇ ਹਨ। ਅਤੇ ਫਿਰ ਵੀ, ਉਹ ਛੋਟੇ, ਅਰਥਪੂਰਨ ਬ੍ਰੇਕ ਨੂੰ ਵਧਾਉਂਦੇ ਹੋਏ ਮਹੱਤਵ ਦਿੰਦੇ ਹਨ ਜੋ ਉਨ੍ਹਾਂ ਨੂੰ ਪਲ ਵਿੱਚ ਸਥਿਰ ਰਹਿਣ ਵਿੱਚ ਮਦਦ ਕਰਦੇ ਹਨ। ਕੋਕਾ-ਕੋਲਾ, ਜੋ ਆਪਣੇ ਦਸਤਖਤ ਸੁਆਦ ਲਈ ਜਾਣਿਆ ਜਾਂਦਾ ਹੈ, ਲੰਬੇ ਸਮੇਂ ਤੋਂ ਇਨ੍ਹਾਂ ਰੋਜ਼ਾਨਾ ਰਸਮਾਂ ਦਾ ਹਿੱਸਾ ਰਿਹਾ ਹੈ, ਅਤੇ ਇਹ ਮੁਹਿੰਮ ਇਹ ਜਸ਼ਨ ਮਨਾਉਂਦੀ ਹੈ ਕਿ ਕਿਵੇਂ ਇੱਕ ਸਧਾਰਨ ਅੱਧਾ ਸਮਾਂ ਲੋਕਾਂ ਨੂੰ ਉਨ੍ਹਾਂ ਦੇ ਆਲੇ ਦੁਆਲੇ ਦੀਆਂ ਮਹੱਤਵਪੂਰਨ ਚੀਜ਼ਾਂ ਦੇ ਨੇੜੇ ਲਿਆ ਸਕਦਾ ਹੈ।

VML ਦੀ ਅਗਵਾਈ ਹੇਠ WPP ਓਪਨ X ਦੁਆਰਾ ਸੰਕਲਪਿਤ , ਇਹ ਫਿਲਮਾਂ, ਮੁਹਿੰਮ ਦੇ ਹਿੱਸੇ ਵਜੋਂ ਸ਼ੁਰੂ ਕੀਤੀਆਂ ਗਈਆਂ, 'ਵਿਚਕਾਰ' ਵਿੱਚ ਸੁੰਦਰਤਾ ਲੱਭਦੀਆਂ ਹਨ, ਉਹ ਆਟੋਪਾਇਲਟ ਪਲ ਜਿੱਥੇ ਅਸੀਂ ਸਰੀਰਕ ਤੌਰ 'ਤੇ ਮੌਜੂਦ ਹੁੰਦੇ ਹਾਂ ਪਰ ਮਾਨਸਿਕ ਤੌਰ 'ਤੇ ਕਿਤੇ ਹੋਰ।

## ਲਖਮੀਰਵਾਲਾ ਰੋਡ ਨੇੜੇ ਡੈਂਟਲ ਕਾਲਜ ਖੜੀ ਕਣਕ ਨੂੰ ਅੱਗ ਲੱਗੀ

**ਸੁਨਾਮ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਨਾਮ ਊਧਮ ਸਿੰਘ ਵਾਲਾ ਵਿਖੇ ਲਖਮੀਰਵਾਲਾ ਰੋਡ ਨੇੜੇ ਡੈਂਟਲ ਕਾਲਜ ਖੜੀ ਕਣਕ ਨੂੰ ਅੱਗ ਲੱਗ ਗਈ ਸੀ ਲੋਕਾਂ ਨੇ ਬੜੀ ਜੱਦੋ ਜਹਿਦ ਕਰਕੇ ਟਰੈਕਟਰਾਂ ਨਾਲ ਅੱਗ ਤੇ ਕਾਬੂ ਪਾਇਆ ਲਗਭਗ 10 ਤੋਂ 15 ਏਕੜ ਖੜੀ ਕਣਕ ਸੜ ਕੇ ਸੁਆਹ ਹੋ ਗਈ ਜਦੋਂ ਕਿ ਅੱਗ ਲੱਗਣ ਦੇ ਕਾਰਨਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ ਮੌਕੇ ਤੇ ਪੁੱਜੇ ਅਕਾਲੀ ਦਲ ਬਾਦਲ ਦੇ ਲੀਡਰ ਵਿਨਰਜੀਤ ਗੋਲਡੀ ਨੇ ਕਿਹਾ ਕਿ ਬਿਜਲੀ ਮਹਿਕਮੇ ਨੂੰ ਵੀ ਚਾਹੀਦਾ ਹੈ ਕਿ ਪੂਰੀ ਮੁਸਤੈਦੀ ਦੇ ਨਾਲ ਪੰਜ ਸੱਤ ਦਿਨਾਂ ਲਈ ਧਿਆਨ ਰੱਖਿਆ ਜਾਵੇ ਅਤੇ ਗੌਰਮਿੰਟ ਤੋਂ ਕਿਸਾਨਾਂ ਲਈ ਸਹਾਇਤਾ ਦੀ ਮੰਗ ਕੀਤੀ ਗਈ ਕਿਸਾਨਾਂ ਦੇ ਦੱਸਣ ਦੇ ਮੁਤਾਬਕ ਜਦੋਂ ਅੱਗ ਲੱਗੀ ਤਾਂ ਜਿਹੜੇ ਕਿਸਾਨਾਂ ਨੇ ਜਮੀਨ ਠੇਕੇ ਉੱਤੇ ਲੈਂਤੀ ਹੋਈ ਸੀ ਉਹ ਨੇੜੇ ਹੀ ਕੰਬਾਈਨ ਨਾਲ ਕਣਕ ਵੱਢ ਰਹੇ ਸੀ ਅਤੇ ਟਰੈਕਟਰਾਂ ਨਾਲ ਲੋਕਾਂ ਨੇ ਇਕੱਠੇ ਹੋ ਕੇ ਅੱਗ ਨੂੰ ਬੁਝਾਇਆ ਜਾਨੀ ਨੁਕਸਾਨ ਤੋਂ ਬਚਤ ਪਰ ਜਿੰਨਾ ਕਿਸਾਨਾਂ ਦੀ ਠੇਕੇ ਤੇ ਲੈਂਤੀ ਹੋਈ ਜਮੀਨ ਵਿੱਚ ਖੜੀ ਕਣਕ ਨੂੰ ਅੱਗ ਲੱਗੀ ਉਹਨਾਂ ਦਾ ਬਹੁਤ ਜਿਆਦਾ ਨੁਕਸਾਨ ਹੋਇਆ ਅਤੇ ਫਾਇਰ ਬਗਰੇਡ ਦੀ ਗੱਡੀ ਨੇ ਪਹੁੰਚ ਕੇ ਲਗਭਗ 30 ਮਿੰਟਾਂ ਵਿੱਚ ਅੱਗ ਨੂੰ ਬੁਝਾਇਆ ।

# ਲੜਕੀ ਦੇ ਜਨਮ ਲਈ ਔਰਤ ਨਹੀਂ ਜ਼ਿੰਮੇਵਾਰ

ਪ੍ਰੋ. ਬਸੰਤ ਸਿੰਘ ਬਰਾੜ

ਹੈਰਾਨੀਜਨਕ ਅਤੇ ਪੜ੍ਹੇ-ਲਿਖੇ ਵਰਗ ਲਈ ਸ਼ਰਮਿੰਦਗੀ ਵਾਲੀ ਗੱਲ ਹੈ ਕਿ ਅੱਜ ਵੀ ਭਾਰਤ ਵਿਚ ਔਰਤਾਂ ਉੱਤੇ ਅਨੇਕ ਥਾਵਾਂ ’ਤੇ ਇਸ ਲਈ ਜ਼ੁਲਮ ਹੋ ਰਹੇ ਹਨ ਕਿ ਉਹ ਲੜਕੀਆਂ ਨੂੰ ਜਨਮ ਦਿੰਦੀਆਂ ਹਨ। ਜੀਵ-ਵਿਗਿਆਨ ਦੀ ਇਹ ਮੁੱਢਲੀ ਸਚਾਈ ਹੈ ਕਿ ਨਰ ਜਾਂ ਮਾਦਾ ਬੱਚੇ ਦੇ ਜਨਮ ਲਈ ਮਾਂ ਦਾ ਰੱਤੀ ਭਰ ਵੀ ਸਬੰਧ ਨਹੀਂ ਹੁੰਦਾ। ਇਸ ਦੇ ਲਈ ਸਿਰਫ਼ ਤਾਂ ਸਿਫ਼ਰ ਨਰ ਜ਼ਿੰਮੇਵਾਰ ਹੁੰਦਾ ਹੈ। ਇਸ ਅਗਿਆਨਤਾ ਦੇ ਕਾਰਣ ਅਨੇਕ ਔਰਤਾਂ ਨੂੰ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ, ਤਲਾਕ ਹੋ ਜਾਂਦੇ ਹਨ ਅਤੇ ਕਈ ਪੀੜਤ ਮਾਵਾਂ ਆਤਮ-ਹੱਤਿਆ ਵੀ ਕਰ ਲੈਂਦੀਆਂ ਹਨ ਜਾਂ ਮਾਰ ਦਿੱਤੀਆਂ ਜਾਂਦੀਆਂ ਹਨ। ਇਹ ਘੋਰ ਬੇਇਨਸਾਫ਼ੀ ਹੀ ਨਹੀਂ ਸਗੋਂ ਗਊ-ਹੱਤਿਆ ਵਰਗਾ ਪਾਪ ਹੈ।

## ਤਸੀਹੇ ਅਤੇ ਤਾਹਨੇ

ਲੜਕੀਆਂ ਨੂੰ ਜਨਮ ਦੇਣ ਵਾਲੀਆਂ ਅਣਗਿਣਤ ਮਾਵਾਂ ਹਨ ਜੋ ਸਹੁਰੇ ਪਰਿਵਾਰ ਵਿਚ ਚੁੱਪ-ਚਾਪ ਕੁੱਟਮਾਰ, ਤਸੀਹੇ ਅਤੇ ਤਾਹਨੇ ਸਹੀ ਜਾਂਦੀਆਂ ਹਨ। ਭਾਰਤੀ ਸਮਾਜ ਵਿਚ ਇਕ ਲੜਕੇ ਤੋਂ ਬਗ਼ੈਰ ਪਰਿਵਾਰ ਸੰਪੂਰਨ ਨਹੀਂ ਸਮਝਿਆ ਜਾਂਦਾ ਕਿਉਂਕਿ ਉਸ ਨੂੰ ਵੰਸ਼ ਚਲਾਉਣ ਵਾਲਾ ਸਮਝਿਆ ਜਾਂਦਾ ਹੈ। ਇਸ ਅੰਧਵਿਸ਼ਵਾਸ ਦਾ ਸ਼ਿਕਾਰ ਸਿਰਫ਼ ਔਰਤਾਂ ਹੀ ਹੁੰਦੀਆਂ ਹਨ। ‘ਬੇਟੀ ਬਚਾਓ, ਬੇਟੀ ਪੜ੍ਹਾਓ ਵਰਗੇ ਫੋਕੇ ਨਾਹਰੇ ਲਾ ਕੇ ਅਤੇ ਇਹ ਕਹਿ ਕੇ ਕਿ ਅੱਜ ਕੱਲ੍ਹ ਲੜਕੇ ਅਤੇ ਲੜਕੀ ਵਿਚ ਕੋਈ ਫ਼ਰਕ ਨਹੀਂ ਸਭ ਲੋਕ ਇਸ ਵਿਕਰਾਲ ਸਮੱਸਿਆ ਪ੍ਰਤੀ ਅਵੇਸਲੇ ਹੋ ਜਾਂਦੇ ਹਨ।

## ਧਾਰਮਿਕ ਪਰੰਪਰਾ

ਭਾਰਤ ਵਿਚ ਕਥਨੀ ਅਤੇ ਕਰਨੀ ਵਿਚ ਦਿਨ ਰਾਤ ਦਾ ਫ਼ਰਕ ਹੈ। ਧਾਰਮਿਕ ਪਰੰਪਰਾ ਅਨੁਸਾਰ ਔਰਤ ਨੂੰ ਦੇਵੀ ਅਤੇ ਮਾਤਾ ਦੀ ਪਦਵੀ ਦਿੱਤੀ ਜਾਂਦੀ ਹੈ। ਕਿਸੇ ਦੇਸ਼ ਵਿਚ ਇੰਨੀਆਂ ਦੇਵੀਆਂ ਨਹੀਂ ਪੂਜੀਆਂ ਜਾਂਦੀਆਂ ਜਿੰਨੀਆਂ ਭਾਰਤ ਵਿਚ ਪੂਜੀਆਂ ਜਾਂਦੀਆਂ ਹਨ। ਵੇਦਾਂ ਦੀ ਰਚਨਾਂ ਵਿਚ ਕਈ ਔਰਤਾਂ ਦਾ ਮਹੱਤਵਪੂਰਣ ਯੋਗਦਾਨ ਰਿਹਾ ਹੈ। ਵੈਦਿਕ ਕਾਲ ਵਿਚ ਔਰਤਾਂ ਦੀ ਹਾਜ਼ਰੀ ਤੋਂ ਬਗ਼ੈਰ ਕੋਈ ਯੱਗ ਸੰਪੂਰਨ ਨਹੀਂ ਹੁੰਦਾ ਸੀ। ਹੁਣ ਵੀ ਨਰਾਤਿਆਂ ਵਿਚ ਨਾਰੀ-ਸ਼ਕਤੀ ਦੀਆਂ ਪ੍ਰਤੀਕ ਦੇਵੀਆਂ ਦੀ ਪੂਜਾ ਕਰ ਕੇ ਕੰਜਕਾਂ ਖਵਾਈਆਂ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਔਰਤਾਂ ਨੂੰ ਉੱਚੀ ਪਦਵੀ ਬਖ਼ਸ਼ੀ। ਵਰਤਮਾਨ ਸਰਕਾਰਾਂ ਵੀ ਔਰਤਾਂ ਦੀ ਹਾਲਤ ਸੁਧਾਰਨ ਲਈ ਕੁਝ ਉਪਰਾਲੇ ਕਰ ਰਹੀਆਂ ਹਨ ਪ੍ਰੰਤੂ ਵਿਗਿਆਨਕ ਸੋਚ ਅਤੇ ਸਮਾਜਿਕ ਅਤੇ ਧਾਰਮਿਕ ਪ੍ਰਵਾਨਗੀ ਤੋਂ ਬਗ਼ੈਰ ਇਹ ਸਾਰਥਿਕ ਸਿੱਧ ਨਹੀਂ ਹੋ ਰਹੇ। ਕਲਪਨਾ ਚਾਵਲਾ ਵਰਗੀਆਂ ਇੱਕਾ-ਦੁੱਕਾ ਔਰਤਾਂ ਦੀਆਂ ਪ੍ਰਾਪਤੀਆਂ ਦੇ ਬਾਵਜੂਦ ਅਧਿਕਤਰ ਅਣਪੜ੍ਹ ਹੀ ਨਹੀਂ ਬਲਕਿ ਪੜ੍ਹੀਆਂ ਲਿਖੀਆਂ ਔਰਤਾਂ ਦੀ ਹਾਲਤ ਵੀ ਤਰਸਯੋਗ ਹੈ। ਇਹ ਸਥਿਤੀ ਨਾਲ ਨਜਿਠਣ ਲਈ ਕਈ ਸਮਾਜਿਕ ਸੰਸਥਾਵਾਂ ਕੰਮ ਕਰ ਰਹੀਆਂ ਹਨ।



### ਇਨਸਾਫ਼

*ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰ ਅਤੇ ਇਨਸਾਫ਼ ਦਿਵਾਉਣ ਲਈ ਰਾਸ਼ਟਰੀ ਅਤੇ ਰਾਜ ਪੱਧਰਾਂ ’ਤੇ ਕਾਨੂੰਨੀ ਮਾਨਤਾ ਪ੍ਰਾਪਤ ਕਮਿਸ਼ਨ ਬਣੇ ਹੋਏ ਹਨ ਪ੍ਰੰਤੂ ਇਹ ਸਿਰਫ਼ ਦਹੇਜ, ਬਲਾਤਕਾਰ ਅਤੇ ਅਗਵਾ ਕਰਨ ਦੇ ਕੇਸਾਂ ਵਿਚ ਹੀ ਕੁਝ ਹੱਥ ਪੈਰ ਮਾਰਦੇ ਹਨ। ਹੋ ਸਕਦਾ ਹੈ ਕਿ ਇਸ ਬੁਰਾਈ ਦੀ ਗੰਭੀਰਤਾ ਅਤੇ ਵਿਸ਼ਾਲਤਾ ਬਾਰੇ ਪੜ੍ਹੇ ਲਿਖੇ ਸ਼ਹਿਰੀ ਵਰਗ ਨੂੰ ਅਨੁਮਾਨ ਹੀ ਨਾ ਹੋਵੇ ਕਿਉਂਕਿ ਕੁੜੀਆਂ ਦੀਆਂ ਮਾਵਾਂ ਉੱਤੇ ਸੱਸਾਂ, ਨਣਾਨਾਂ ਅਤੇ ਪਤੀਆਂ ਦਾ ਅੱਤਿਆਚਾਰ ਘਰਾਂ ਦੀਆਂ ਗੂੰਗੀਆਂ, ਬੋਲ਼ੀਆਂ ਕੰਧਾਂ ਅਤੇ ਬੰਦ ਦਰਵਾਜ਼ਿਆਂ ਪਿੱਛੇ ਹੁੰਦਾ ਹੈ ਅਤੇ ਇਨ੍ਹਾਂ ਬਦਕਿਸਮਤ ਔਰਤਾਂ ਦੇ ਸਿਰਫ਼ ਗਰਭਪਾਤ, ਕਤਲ, ਆਤਮ-ਹੱਤਿਆਵਾਂ ਅਤੇ ਤਲਾਕ ਦੀਆਂ ਕੁਝ ਕੁ ਖ਼ਬਰਾਂ ਹੀ ਮੀਡੀਆ ਦੇ ਸਾਹਮਣੇ ਆਉਂਦੀਆਂ ਹਨ। ਅਗਿਆਨਤਾ ਜਾਂ ਸਮਾਜਿਕ ਅਤੇ ਆਰਥਿਕ ਲਾਚਾਰੀ ਕਰਕੇ ਇਹ ਵਿਚਾਰੀਆਂ ਕਿਸੇ ਕੋਲ ਭਾਫ਼ ਹੀ ਨਹੀਂ ਕੱਢਦੀਆਂ।*

**ਵੈਦਿਕ ਕਾਲ ਵਿਚ ਔਰਤਾਂ ਦੀ ਹਾਜ਼ਰੀ ਤੋਂ ਬਗ਼ੈਰ ਕੋਈ ਯੱਗ ਸੰਪੂਰਨ ਨਹੀਂ ਹੁੰਦਾ ਸੀ। ਹੁਣ ਵੀ ਨਾਰੀ-ਸ਼ਕਤੀ ਦੀਆਂ ਪ੍ਰਤੀਕ ਦੇਵੀਆਂ ਦੀ ਪੂਜਾ ਕਰ ਕੇ ਕੰਜਕਾਂ ਖਵਾਈਆਂ ਜਾਂਦੀਆਂ ਹਨ...**

## ਅਗਿਆਨਤਾ

ਹਰ ਜੀਵ ਵਾਂਗ ਇਨਸਾਨ ਦੀ ਜਣਨ ਕਿਰਿਆ ਵੀ ਇੰਨੀ ਵਚਿੱਤਰ ਹੈ ਕਿ ਕੁਦਰਤ ਦੇ ਇਸ ਕ੍ਰਿਸ਼ਮੇ ਨੂੰ ਸਮਝ ਕੇ ਆਦਮੀ ਅਸ਼-ਅਸ਼ ਕਰ ਉਠਦਾ ਹੈ। ਇਕ ਬੱਚੇ ਦੇ ਜਨਮ ਲੈਣ ਵਿਚ ਕਿੰਨੇ ਹੀ ਚਮਤਕਾਰੀ ਰਸਾਇਣਕ ਅਤੇ ਸਰੀਰਕ ਪਰਿਵਰਤਨ ਅਤੇ ਅਮਲ ਯੋਗਦਾਨ ਪਾਉਂਦੇ ਹਨ। ਇੱਥੇ ਇਨ੍ਹਾਂ ਸਾਰੀਆਂ ਪੇਚੀਦਾ ਅਤੇ ਅਤਿ ਗੁੰਝਲਦਾਰ ਕਿਰਿਆਵਾਂ ਬਾਰੇ ਜਾਣਨ ਦੀ ਲੋੜ ਨਹੀਂ। ਸਿਰਫ਼ ਇਹ ਸਮਝਣਾ ਜ਼ਰੂਰੀ ਹੈ ਕਿ ਗਰਭ-ਧਾਰਣ ਸਮੇਂ ਬੱਚੇ ਦਾ ਨਰ ਜਾਂ ਮਾਦਾ ਲਿੰਗ ਕਿਵੇਂ ਨਿਰਧਾਰਤ ਹੁੰਦਾ ਹੈ। ਤੁਰੰਤ ਹੀ ਇਹ ਨਿਰਣਾ ਹੋ ਜਾਂਦਾ ਹੈ ਅਤੇ ਬਾਅਦ ਵਿਚ ਕੋਈ ਵੀ ਦਵਾਈ ਆਦਿ ਇਸ ਨੂੰ ਬਦਲ ਨਹੀਂ ਸਕਦੇ। ਲੋਕ ਅਗਿਆਨਤਾ ਵਿਚ ਹੀ ਅਖਾਉਤੀ ਸਾਧਾਂ-ਸੰਤਾਂ ਕੋਲ ਪੈਸੇ ਬਰਬਾਦ ਕਰਦੇ ਹਨ।

## ਜੀਵਨ ਦਾ ਮੁੱਢ

ਜੀਵਨ ਦਾ ਮੁੱਢ ਨਰ ਅਤੇ ਮਾਦਾ ਕਰੋਮੋਸੋਮਾਂ ਦੇ ਮਿਲਣ ਨਾਲ ਬਝਦਾ ਹੈ। ਇਨ੍ਹਾਂ ਦੀਆਂ ਦੋ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਵਰਣਮਾਲ਼ਾ ਦੇ ਐਕਸ ਅਤੇ ਵਾਈ ਅੱਖਰਾਂ ਨਾਲ ਦਰਸਾਇਆ ਜਾਂਦਾ ਹੈ। ਔਰਤ ਦੇ ਸਰੀਰ ਵਿਚ ਹਰ ਮਹੀਨੇ ਸਿਰਫ਼ ਇਕ ਓਵਮ ਪੈਦਾ ਹੁੰਦਾ ਹੈ ਜਿਸ ਨੂੰ ਪੰਜਾਬੀ ਵਿਚ ਅੰਡਾਣੂ ਜਾਂ ਆਂਡਾ ਕਿਹਾ ਜਾਂਦਾ ਹੈ। ਇਹ ਨਿਰੋਲ ਤੌਰ ’ਤੇ ਐਕਸ ਕਰੋਮੋਸੋਮਾਂ ਦਾ ਬਣਿਆ ਹੋਇਆ ਹੁੰਦਾ ਹੈ। ਇਸ ਦਾ ਆਪਣਾ ਕੋਈ ਲਿੰਗ ਨਹੀਂ ਹੁੰਦਾ ਅਰਥਾਤ ਇਹ ਨਾ ਨਰ ਹੁੰਦਾ ਹੈ ਨਾ ਮਾਦਾ। ਆਦਮੀ ਦੇ ਸਰੀਰ ਵਿਚ ਜੋ ਉਤਪਾਦਕ ਬੀਜ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਸਪਰਮ ਅਥਵਾ ਸ਼ੁਕਰਾਣੂ ਕਿਹਾ ਜਾਂਦਾ ਹੈ। ਇਹ ਐਕਸ ਅਤੇ ਵਾਈ ਦੋਹਾਂ ਕਿਸਮਾਂ ਦੇ ਹੁੰਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਕਰੋੜਾਂ ਵਿੱਚ ਹੁੰਦੀ ਹੈ। ਹਰ ਇਕ ਸ਼ੁਕਰਾਣੂ ਵਿਚ ਜਾਂ ਤਾਂ ਨਿਰੋਲ ਐਕਸ ਕਰੋਮੋਸੋਮ ਹੁੰਦੇ ਹਨ ਅਤੇ ਜਾਂ ਨਿਰੋਲ ਵਾਈ ਕਰੋਮੋਸੋਮ ਹੁੰਦੇ ਹਨ।

ਇਨ੍ਹਾਂ ਅਣਗਿਣਤ ਸ਼ੁਕਰਾਣੂਆਂ ’ਚੋਂ ਸਿਰਫ਼ ਇਕ ਸ਼ੁਕਰਾਣੂ ਅੱਗੇ ਤੈਰ ਕੇ ਔਰਤ ਦੇ ਅੰਡਾਣੂ ਨਾਲ ਜੁੜ ਜਾਂਦਾ ਹੈ ਅਤੇ ਜੀਵਨ ਲੀਲ੍ਹਾ ਦੀ ਪ੍ਰਕਿਰਿਆ ਆਰੰਭ ਹੋ ਜਾਂਦੀ ਹੈ। ਜੇਕਰ ਉਹ ਸ਼ੁਕਰਾਣੂ ਵਾਈ ਕਰੋਮੋਸੋਮਾਂ ਵਾਲਾ ਹੋਵੇ ਤਾਂ ਲੜਕਾ ਪੈਦਾ ਹੁੰਦਾ ਹੈ ਅਰਥਾਤ ਔਰਤ ਦੇ ਐਕਸ ਅਤੇ ਆਦਮੀ ਦੇ ਵਾਈ ਕਰੋਮੋਸੋਮ ਦੇ ਜੁੜਣ ਨਾਲ ਲੜਕੇ ਦੀ ਸਿਰਜਨਾ ਹੁੰਦੀ ਹੈ। ਇਸ ਦੇ ਉਲਟ ਜੇਕਰ ਔਰਤ ਦੇ ਐਕਸ ਕਰੋਮੋਸੋਮਾਂ ਵਾਲੇ ਅੰਡਾਣੂ ਨਾਲ ਆਦਮੀ ਦਾ ਐਕਸ ਕਰੋਮੋਸੋਮਾਂ ਵਾਲਾ ਸ਼ੁਕਰਾਣੂ ਜੁੜ ਜਾਵੇ ਤਾਂ ਲੜਕੀ ਪੈਦਾ ਹੁੰਦੀ ਹੈ ਦੱਸੋ ਕਿ ਲੜਕੀ ਨੂੰ ਜਨਮ ਦੇਣ ਵਿਚ ਵਿਚਾਰੀ ਔਰਤ ਦਾ ਕੀ ਕਸੂਰ ਹੁੰਦਾ ਹੈ। ਇਸ ਸਾਧਾਰਣ ਜਿਹੇ ਤੱਥ ਬਾਰੇ ਅਗਿਆਨਤਾ ਹੋਣ ਕਰਕੇ ਦੇਸ਼ਾਂ ਵਿਚ ਲੱਖਾਂ ਔਰਤਾਂ ਦੇ ਜੀਵਨ ਬਰਬਾਦ ਹੋ ਜਾਂਦੇ ਹਨ। ਇਹ ਜਾਗਰੂਕਤਾ ਪੈਦਾ ਕਰਨ ਲਈ ਮੀਡੀਆ ਪ੍ਰਯੋਗ ਕਰਨਾ ਚਾਹੀਦਾ ਹੈ।

## ਗੰਭੀਰ ਖ਼ਤਰਾ

ਅੱਜ ਕੱਲ੍ਹ ਬੇਔਲਾਦ ਜੋੜਿਆਂ ਵਿਚ ਟੈਸਟ ਟਿਊਬ ਬੇਬੀ ਪੈਦਾ ਕਰਨ ਦੀ ਪ੍ਰਣਾਲੀ ਵਰਦਾਨ ਸਿੱਧ ਹੋ ਰਹੀ ਹੈ, ਪਰ ਇਹ ਪ੍ਰਣਾਲੀ ਇਕ ਗੰਭੀਰ ਖ਼ਤਰਾ ਵੀ ਪੈਦਾ ਕਰ ਰਹੀ ਹੈ। ਅਜੇ ਤਕ ਆਦਮੀ ਦੇ ਅਤਿ-ਸੂਖਮ ਐਕਸ ਅਤੇ ਵਾਈ ਕਰੋਮੋਸੋਮਾਂ ਵਾਲੇ ਸ਼ੁਕਰਾਣੂਆਂ ਨੂੰ ਅਲੱਗ ਕਰ ਕੇ ਇੱਛਾ ਅਨੁਸਾਰ ਪ੍ਰਯੋਗ ਕਰਨ ਦੀ ਵਿਧੀ ਸ਼ੁਰੂ ਨਹੀਂ ਹੋਈ। ਜੇ ਅਜੇਹੀ ਤਕਨੀਕ ਚੱਲ ਪਈ ਤਾਂ ਭਾਰਤ ਵਰਗੇ ਸਿਰਫ਼ ਲੜਕੇ ਚਾਹੁਣ ਵਾਲੇ ਦੇਸ਼ ਵਿਚ ਹਰ ਪਾਸੇ ਲੜਕੇ ਹੀ ਲੜਕੇ ਵਿਖਾਈ ਦੇਣ ਦੀ ਨੌਬਤ ਆ ਸਕਦੀ ਹੈ। ਦੂਰਅੰਦੇਸ਼ ਬਰਤਾਨਵੀ ਲੇਖਕ ਆਲਡਸ ਹਕਸਲੀ ਨੇ ਆਪਣੇ 1932 ਵਿਚ ਛਪੇ ਨਾਵਲ ਵਿਚ ਇਸ ਖ਼ਤਰੇ ਬਾਰੇ ਚਿਤਾਵਨੀ ਦੇ ਦਿੱਤੀ ਸੀ। ਚੀਨ ਵਿਚ ਇਸ ਵਿਧੀ ਬਾਰੇ ਗੱਲ ਚੱਲ ਪਈ ਹੈ। ਭਾਰਤ ਵਿਚ ਵੀ ਅਣਚਾਹੇ ਵੱਛਿਆਂ ਦੀ ਵਧ ਰਹੀ ਗਿਣਤੀ ਤੋਂ ਬਚਣ ਲਈ ਗਊਆਂ ਉੱਤੇ ਇਹ ਪ੍ਰਯੋਗ ਕਰਨ ਦੀ ਗੱਲ ਚੱਲ ਰਹੀ ਹੈ ਤਾਂ ਕਿ ਉਹ ਸਿਰਫ਼ ਵੱਛੀਆਂ ਹੀ ਪੈਦਾ ਕਰਨ। ਜੇ ਅਜੇਹਾ ਹੋ ਗਿਆ ਤਾਂ ਅੱਗੇ ਮਨੁੱਖਾਂ ਤਕ ਇਹ ਵਿਧੀ ਪਹੁੰਚਣ ਵਿਚ ਦੇਰ ਨਹੀਂ ਲੱਗੇਗੀ। •

98149-41214

### ਪੜ੍ਹੇ-ਲਿਖੇ ਲੋਕ

ਗਰਭ-ਧਾਰਣ ਸਮੇਂ ਮੁੰਡੇ ਜਾਂ ਕੁੜੀ ਦਾ ਲਿੰਗ ਕਿਸ ਤਰ੍ਹਾਂ ਨਿਰਧਾਰਤ ਹੁੰਦਾ ਹੈ, ਇਸ ਪ੍ਰਕਿਰਿਆ ਨੂੰ ਸਮਝਾਉਣ ਲਈ ਥੋੜ੍ਹੀ ਬੇਬਾਕੀ ਦੀ ਲੋੜ ਪੈਂਦੀ ਹੈ। ਸ਼ਾਇਦ ਇਸ ਬਾਰੇ ਗਿਆਨ ਰੱਖਣ ਵਾਲੇ ਅਧਿਕਤਰ ਪੜ੍ਹੇ-ਲਿਖੇ ਲੋਕ ਇਸ ਵਿਸ਼ੇ ’ਤੇ ਲਿਖਣ ਜਾਂ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਨ ਜਾਂ ਉਨ੍ਹਾਂ ਕੋਲ ਭਾਰਤੀ ਭਾਸ਼ਾਵਾਂ ਦਾ ਉਚਿਤ ਸ਼ਬਦ-ਭੰਡਾਰ ਨਹੀਂ ਹੁੰਦਾ। ਜਦ ਇਹ ਵਿਸ਼ਾ ਜੀਵ-ਵਿਗਿਆਨ ਦੇ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਸਕਦਾ ਹੈ ਤਾਂ ਸਬੰਧਤ ਬਾਲਗ਼ਾਂ ਨੂੰ ਸਮਝਾਉਣ ਵਿਚ ਸੰਗ ਸ਼ਰਮ ਵਾਲੀ ਕਿਹੜੀ ਗੱਲ ਹੈ? ਸਗੋਂ ਸਾਰੇ ਸੂਝਵਾਨ ਲੋਕਾਂ ਨੂੰ ਇਸ ਅਟੱਲ ਸਚਾਈ ਬਾਰੇ ਭਾਸ਼ਣ ਦੇਣੇ ਚਾਹੀਦੇ ਹਨ ਅਤੇ ਪੋਸਟਰ ਲਗਾਉਣੇ ਚਾਹੀਦੇ ਹਨ। ਔਰਤ ਦੀ ਨਿਰਦੋਸ਼ਤਾ ਬਾਰੇ ਚਾਨਣ ਪਾਉਣਾ ਬਹੁਤ ਪੁੰਨ ਦਾ ਕੰਮ ਹੈ। ਆਖ਼ਰ ਲੱਖਾਂ ਔਰਤਾਂ ਲਈ ਇਹ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੁੰਦਾ ਹੈ।





ਯਾਦਾਂ ਦੀ ਪਟਾਰੀ

# ਕੁੜੀਆਂ ਜਦੋਂ ਹੋਈਆਂ ਖ਼ੁਸ਼ੀ ’ਚ ਖੀਵੀਆਂ

ਸਰਕਾਰੀ ਸਕੂਲਾਂ ਵਿਚ ਸਿੱਖਿਆ ਮਹਿਕਮੇ ਵੱਲੋਂ ਜਿੱਥੇ ਸਮੇਂ-ਸਮੇਂ ਪੜ੍ਹਾਈ ਦਾ ਮਿਆਰ ਉੱਪਰ ਚੁੱਕਣ ਦਾ ਉਪਰਾਲਾ ਕੀਤਾ ਜਾਂਦਾ ਹੈ ਉੱਥੇ ਇਸ ਵਾਰ ਇਕ ਆਦੇਸ਼ ਜਾਰੀ ਹੋਇਆ ਸਕੂਲਾਂ ਵਿਚ ਜਨਵਰੀ ਮਹੀਨੇ ਦੀ ਕਿਸੇ ਵੀ ਤਰੀਕ ਨੂੰ ਇਨਾਮ ਵੰਡ ਸਮਾਰੋਹ ਕਰਵਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪਿਛਲੇ ਸਾਲ ਦੀ ਪ੍ਰਾਪਤੀ ਲਈ ਇਨਾਮ ਦੇ ਕੇ ਪ੍ਰੇਰਿਆ ਜਾਵੇ। ਇਸ ਕਦਮ ਨਾਲ ਦੋ ਉਦੇਸ਼ ਪੂਰੇ ਹੁੰਦੇ ਹਨ ਇਕ ਤਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਹੁੰਦੀ ਹੈ ਦੂਜੇ ਮਾਪਿਆਂ ਦੇ ਨਾਲ-ਨਾਲ ਪਿੰਡ ਦੀਆਂ ਪੰਚਾਇਤਾਂ ਦਾ ਮੇਲ ਮਿਲਾਪ ਵਧਦਾ ਹੈ ਅਤੇ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਇਜ਼ਾਫ਼ਾ ਹੋਣ ਦੀਆਂ ਸੰਭਾਵਨਾਵਾਂ ਬਣਦੀਆਂ ਹਨ। ਸਾਡਾ ਸਕੂਲ ਲੜਕੀਆਂ ਦਾ ਸਕੂਲ ਹੋਣ ਕਰਕੇ ਸਾਨੂੰ ਮੁੱਖ ਮਹਿਮਾਨ ਦੀ ਚੋਣ ਕਰਨ ਵਿਚ ਬਹੁਤ ਹੀ ਸੁਚੇਤ ਰਹਿਣਾ ਪੈਂਦਾ ਹੈ। ਸਾਡੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਮਨੀ ਰਾਮ ਪੰਜਾਬੀ ਸਾਹਿਤ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਦੀ ਕੋਸ਼ਿਸ਼ ਸ਼ੁਰੂ ਤੋਂ ਹੀ ਰਹੀ ਹੈ ਕਿ ਮੁੱਖ ਮਹਿਮਾਨ ਸਾਹਿਤਕ ਖਿੱਤੇ ਵਿੱਚੋਂ ਹੋਵੇ। ਇਸ ਵਾਰੀ ਪੰਜਾਬੀ ਸਾਹਿਤ ਦੀ ਪ੍ਰਸਿੱਧ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਸਾਡੇ ਵਿਹੜੇ ਦੀ ਸ਼ਾਨ ਬਣਨ ਜਾ ਰਹੇ ਸਨ। ਉਨ੍ਹਾਂ ਦੀ ਮੁੱਖ ਮਹਿਮਾਨ ਦੀ ਚੋਣ ਸਾਡੇ ਕੰਨਿਆ ਸਕੂਲ ਲਈ ਢੁਕਵੀਂ ਸੀ।

ਔਰਤਾਂ ਤੇ ਕੁੜੀਆਂ ਦੇ ਹੱਕਾਂ ਦੀ ਤਰਜਮਾਨੀ ਉਨ੍ਹਾਂ ਦੀਆਂ ਨਜ਼ਮਾਂ ਤੇ ਗ਼ਜ਼ਲਾਂ ਕਰਦੀਆਂ ਰਹੀਆਂ ਹਨ। ਸਾਡਾ ਸਾਰਾ ਸਕੂਲ ਪੱਬਾਂ ਭਾਰ ਹੋ ਕੇ ਤਿਆਰੀਆਂ ਵਿਚ ਲੱਗ ਗਿਆ। ਸਕੂਲ ਦੇ ਪੰਜਾਬੀ ਲੈਕਚਰਾਰ ਡਾ. ਪਰਮਜੀਤ ਕੌਰ ਦੇ ਹੱਥ ਸੱਭਿਆਚਾਰਕ ਪ੍ਰੋਗਰਾਮ ਨੂੰ ਵਧੀਆ ਨੇਪਰੇ ਚਾੜ੍ਹਨ ਦੀ ਪੂਰੀ ਕਮਾਨ ਸੀ। ਉਨ੍ਹਾਂ ਨੂੰ ਸਹਿਯੋਗ ਮੈਡਮ ਜਸਵਿੰਦਰ ਕੌਰ ਤੇ ਜਸਵਿੰਦਰ ਕੌਰ ਦੇ ਰਹੇ ਸਨ ਜਿਨ੍ਹਾਂ ਦਾ ਪੰਜਾਬੀ ਸਾਹਿਤ ਨਾਲ ਕਾਫ਼ੀ ਲਗਾਅ ਸੀ। ਵਿਦਿਆਰਥਣਾਂ ਦੇ ਚਿਹਰਿਆਂ ’ਤੇ ਰੌਣਕ ਸੀ ਉਹ ਖ਼ੁਸ਼ੀ ਵਿਚ ਖੀਵੀਆਂ ਹੋਈਆਂ ਸਮਾਰੋਹ ਦਾ ਦਿਨ ਉਡੀਕ ਰਹੀਆਂ ਸਨ। ਸਮਾਰੋਹ ਤੋਂ ਦੋ ਦਿਨ ਪਹਿਲਾਂ ਅੱਧੀ ਛੁੱਟੀ ਤੋਂ ਬਾਅਦ ਪ੍ਰਿੰਸੀਪਲ ਨੇ ਸਾਰੇ ਅਧਿਆਪਕਾਂ ਦੀ ਮੀਟਿੰਗ ਲੈ ਕੇ ਉਨ੍ਹਾਂ ਨੂੰ ਡਿਊਟੀਆਂ ਵੰਡ ਦਿੱਤੀਆਂ। ਪੰਡਾਲ ਪੂਰੀ ਤਰ੍ਹਾਂ ਆਲੇ-ਦੁਆਲੇ ਦੇ ਪਿੰਡਾਂ ਦੀਆਂ ਪੰਚਾਇਤਾਂ, ਮਾਪਿਆਂ ਅਤੇ ਨਾਲ ਦੇ ਸਕੂਲਾਂ ਦੇ ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨਾਲ ਭਰ ਗਿਆ। ਸਟੇਜ ਦੇ ਐਨ ਸਾਹਮਣੇ ਰੱਖੇ ਸੋਫੇ ’ਤੇ ਮੁੱਖ ਮਹਿਮਾਨ ਸੁਸ਼ੋਭਿਤ ਹੋ ਗਏ। ਸਟੇਜ ਪੂਰੀ ਤਰ੍ਹਾਂ ਸੱਜੀ ਹੋਈ ਸੀ। ਸਟੇਜ ਦੀ ਵਧੀਆ ਦਿੱਖ ਬਣਾਉਣ ਵਿਚ ਮੈਡਮ ਮਮਤਾ, ਵੀਨਾ ਤੇ ਨੀਲਮ ਦਾ ਕਾਫ਼ੀ ਯੋਗਦਾਨ ਰਿਹਾ। ਬੱਚਿਆਂ ਵਿਚ ਅਨੁਸ਼ਾਸਨ ਕਾਇਮ ਰੱਖਣ ਦੀ ਪੂਰੀ ਜ਼ਿੰਮੇਵਾਰੀ ਲੈਕਚਰਾਰ ਹਰਪ੍ਰੀਤ ਕੌਰ ਅਤੇ ਸਤਵੀਰ ਸਿੰਘ ਨੇ ਨਿਭਾਈ। ਪੰਡਾਲ ਵਿਚ ਵੱਖ-ਵੱਖ ਚਾਰਟਾਂ ’ਤੇ ਮੁੱਖ ਮਹਿਮਾਨ ਦੀਆਂ ਨਜ਼ਮਾਂ ਦੀਆਂ ਸਤਰਾਂ ਸਮਾਰੋਹ ਦੀ ਰੌਣਕ ਵਧਾ ਰਹੀਆਂ ਸਨ ਜਿਨ੍ਹਾਂ ਨੂੰ ਮੈਡਮ ਗੀਤਾਂਜਲੀ ਅਤੇ ਰਾਜਵਿੰਦਰ ਨੇ ਬੜੀ ਮਿਹਨਤ ਨਾਲ ਤਿਆਰ ਕਰਵਾਇਆ ਸੀ। ਸਟੇਜ ਦਾ ਮੰਚ ਸੰਚਾਲਨ ਡਾ. ਪਰਮਜੀਤ ਕੌਰ ਕਰ ਰਹੇ ਸਨ ਜੋ ਸਟੇਜ ਵਾਲੀ ਭੂਮਿਕਾ ਨਿਭਾਉਣਾ ਬਾਖ਼ੂਬੀ ਜਾਣਦੇ ਸਨ ਸਭ ਤੋਂ ਪਹਿਲਾਂ ਸ਼ਬਦ ਗਾਇਣ ਕੀਤਾ ਗਿਆ। ਸ਼ਬਦ ਗਾਇਣ ਤੋਂ ਬਾਅਦ ਮੈਨੂੰ ਸਟੇਜ ’ਤੇ ਸਵਾਗਤੀ ਭਾਸ਼ਣ ਲਈ ਬੁਲਾਇਆ ਗਿਆ। ਸੰਖੇਪ ਵਿਚ ਮੁੱਖ ਮਹਿਮਾਨ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰ ਕੇ ਮੈਂ ਵਾਪਸ ਆਪਣੇ ਅਧਿਆਪਕ ਸਾਥੀਆਂ ਨਾਲ ਜਾ ਕੇ ਬੈਠ ਗਿਆ।

**ਸਾਰਿਆਂ ਦਾ ਧਿਆਨ ਮੁੱਖ ਮਹਿਮਾਨ ‘ਸੁਖਵਿੰਦਰ ਅੰਮ੍ਰਿਤ’ ਨੂੰ ਸੁਣਨ ਵੱਲ ਸੀ। ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਕਿਵੇਂ ਉਹ ਸੰਘਰਸ਼ਮਈ ਦੌਰ ’ਚੋਂ ਲੰਘਦੇ ਹੋਏ ਖ਼ਾਸ ਮੁਕਾਮ ਹਾਸਲ ਕਰਨ ’ਚ ਸਫ਼ਲ ਹੋਏ ਹਨ...**

ਮੇਰੇ ਤੋਂ ਬਾਅਦ ਸੱਭਿਆਚਾਰਕ ਪ੍ਰੋਗਰਾਮ ਬੱਚਿਆਂ ਵੱਲੋਂ ਪੇਸ਼ ਕੀਤਾ। ਇਸ ਸਾਹਿਤਕ ਮਾਹੌਲ ਵਿਚ ਬੱਚਿਆਂ ਨੇ ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹੀਆਂ। ਰੰਗਾਰੰਗ ਪ੍ਰੋਗਰਾਮ ਵੇਖਣ ਵਾਲਾ ਸੀ। ਸਕੂਲ ਦੇ ਪ੍ਰਿੰਸੀਪਲ ਮਨੀ ਰਾਮ ਨੇ ਸਕੂਲ ਦੀ ਸਲਾਨਾ ਪ੍ਰਗਤੀ ਰਿਪੋਰਟ ਪੜ੍ਹੀ। ਸਾਰੀਆਂ ਪ੍ਰਾਪਤੀਆਂ ਵਿੱਚੋਂ ਵਿਸ਼ੇਸ਼ ਪ੍ਰਾਪਤੀ ਸਾਡੇ ਸਕੂਲ ਦੀਆਂ ਲੜਕੀਆਂ ਕਬੱਡੀ ਦੇ ਅੰਡਰ 14 ਵਰਗ ਵਿੱਚੋਂ ਸਟੇਟ ਵਿੱਚੋਂ ਤੀਜੇ ਨੰਬਰ ’ਤੇ ਰਹੀ ਅਤੇ ਦੋ ਲੜਕੀਆਂ ਨੇ ਨੈਸ਼ਨਲ ਲਈ ਕੁਆਲੀਫਾਈ ਕੀਤਾ। ਇਸ ਤੋਂ ਇਲਾਵਾ ਹੋਰ ਖੇਡਾਂ ਵਿਚ ਜ਼ਿਲ੍ਹੇ ਵਿੱਚੋਂ ਪਹਿਲੀਆਂ ਪੁਜ਼ੀਸ਼ਨਾਂ ਲਈ ਬੱਚਿਆਂ ਨੂੰ ਇਨਾਮ ਦਿੱਤੇ ਗਏ। ਅਕਾਦਮਿਕ ਖੇਤਰ ਵਿਚ ਵੀ 80 ਪ੍ਰਤੀਸ਼ਤ ਤੋਂ ਜ਼ਿਆਦਾ ਨੰਬਰ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਮਿਲਿਆ। ਸਾਡੇ ਸਕੂਲ ਦੇ ਬਾਬਾ ਬੋਹੜ ਸਾਇੰਸ ਮਾਸਟਰ ਸ਼੍ਰੀ ਜੀਵਨ ਦਾਸ ਨੂੰ ਉਨ੍ਹਾਂ ਦੀ ਸਕੂਲ ਵਿਚ ਸ਼ਾਨਦਾਰ ਸੇਵਾ ਲਈ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਕਬੱਡੀ ਕੋਚ ਹਰਪ੍ਰੀਤ ਕੌਰ ਨੂੰ ਵੀ ਇਨਾਮ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਲੈਕਚਰਾਰ ਮਨਜੀਤ ਸਿੰਘ ਬਲਬੀਰ ਸਟੇਜ ’ਤੇ ਇਨਾਮ ਵੰਡਾਉਣ ਵਿਚ ਮਸਰੂਫ਼ ਰਹੇ। ਸਾਰਿਆਂ ਦਾ ਧਿਆਨ ਮੁੱਖ ਮਹਿਮਾਨ ਸੁਖਵਿੰਦਰ ਅੰਮ੍ਰਿਤ ਵੱਲ ਸੀ ਜਿਨ੍ਹਾਂ ਨੂੰ ਸੁਣਨ ਲਈ ਸਾਰੇ ਕਾਹਲੇ ਸਨ। ਉਨ੍ਹਾਂ ਨੇ ਬੱਚਿਆਂ ਨੂੰ ਦੱਸਿਆ ਕਿਵੇਂ ਉਹ ਸੰਘਰਸ਼ਮਈ ਦੌਰ ’ਚੋਂ ਲੰਘਦੇ ਹੋਏ ਖ਼ਾਸ ਮੁਕਾਮ ਨੂੰ ਹਾਸਲ ਕਰਨ ’ਚ ਸਫ਼ਲ ਹੋਏ ਹਨ। ਉਨਾਂ ਨੇ ਆਪਣੀਆਂ ਗ਼ਜ਼ਲਾਂ ਵਿੱਚੋਂ ਕੁਝ ਸ਼ੇਅਰ ਸੁਣਾਏ ਜਿਸ ਦਾ ਹਰ ਹਾਜ਼ਰ ਵਿਅਕਤੀ ਨੇ ਲੁਤਫ਼ ਉਠਾਇਆ। ਪ੍ਰਿੰਸੀਪਲ ਸਾਹਿਬ ਨੇ ਮੁੱਖ ਮਹਿਮਾਨ ਨੂੰ ਵਿਸ਼ੇਸ਼ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਤੇ ਲੈਕਚਰਾਰ ਬਲਬੀਰ ਨੇ ਮੁੱਖ ਮਹਿਮਾਨ, ਮਾਪਿਆਂ ਅਤੇ ਬਾਹਰੋਂ ਆਏ ਪੰਚਾਂ, ਸਰਪੰਚਾਂ ਦਾ ਧੰਨਵਾਦ ਕੀਤਾ। ਵਿਦਾਈ ਤੋਂ ਪਹਿਲਾਂ ਕੁੜੀਆਂ ਤੇ ਸਟਾਫ਼ ਮੈਂਬਰਾਂ ਨੇ ਸੁਖਵਿੰਦਰ ਅੰਮ੍ਰਿਤ ਨਾਲ ਗਰੁੱਪ ਫੋਟੋ ਕਰਵਾਈ। ਇਸ ਸਮਾਰੋਹ ਦੀਆਂ ਯਾਦਾਂ ਲੰਬੇ ਸਮੇਂ ਤੱਕ ਯਾਦਾਂ ’ਚ ਤਾਜ਼ਾ ਰਹਿਣਗੀਆਂ।

•ਨਵਦੀਪ ਸਿੰਘ ਭਾਟੀਆ

98767-29056

# ਮਾਣ-ਸਤਿਕਾਰ ਦਾ ਚਿੰਨ੍ਹ ਚਾਹ-ਪਾਣੀ ਪੁੱਛਣਾ

ਅੰਮ੍ਰਿਤ ਪਾਲ

**ਜਦੋਂ ਕਿਸੇ ਦੁਆਰਾ ਨਾ ਕੀਤੇ ਗਏ ਸਤਿਕਾਰ ਦੇ ਭਾਵ ਉਜਾਗਰ ਕਰਨੇ ਹੋਣ ਤਾਂ ਅਸੀਂ ਕਹਿੰਦੇ ਹਾਂ ਬਈ ਮੈਂ ਉਸ ਨੂੰ ਮਿਲਣ ਗਿਆ ਉਸ ਨੇ ਤਾਂ ਚਾਹ ਦਾ ਕੱਪ ਵੀ ਨਹੀਂ ਪਿਲਾਇਆ ਤੇ ਮੈਂ ਉਨ੍ਹੀਂ ਪੈਰੀਂ ਵਾਪਸ ਆ ਗਿਆ...**



ਚਾਹ ਦਾ ਇਤਿਹਾਸ ਸਦੀਆਂ ਪੁਰਾਣਾ ਹੈ ਇਸ ਦੀ ਖੋਜ ਅਤੇ ਵਿਕਾਸ ਨਾਲ ਸਬੰਧਿਤ ਕਈ ਰੋਚਕ ਤੱਥ ਹਨ। ਇਸ ਦੇ ਵਿਕਾਸ ਵਿਚ ਕਈ ਦੇਸ਼ਾਂ ਦਾ ਯੋਗਦਾਨ ਹੈ। ਜਿੱਥੋਂ ਤਕ ਇਸ ਦੇ ਸੇਵਨ ਦਾ ਸਵਾਲ ਹੈ ਇਸ ਨਾਲ ਸਬੰਧਿਤ ਵੀ ਸਭਨਾ ਦਾ ਆਪੋ ਆਪਣਾ ਨਜ਼ਰੀਆ ਹੈ। ਕਈਆਂ ਦੀ ਦ੍ਰਿਸ਼ਟੀ ਵਿਚ ਚਾਹ ਊਰਜਾ ਦੇ ਸਰੋਤ ਵਜੋਂ ਸੁਸਤੀ ਭਜਾਕੇ ਚੁਸਤੀ-ਫੁਰਤੀ ਲਿਆਉਂਦੀ ਹੈ ਪਰ ਕਈਆਂ ਅਨੁਸਾਰ ਇਹ ਸਿਹਤ ਲਈ ਹਾਨੀਕਾਰਕ ਸ਼ੈਅ ਹੈ। ਕਈਆਂ ਦੀ ਅੱਖ ਚਾਹ ਦੀਆਂ ਚੁਸਕੀਆਂ ਭਰਦੇ ਪੂਰੀ ਤਰ੍ਹਾਂ ਖੁੱਲ੍ਹਦੀ ਹੈ ਅਤੇ ਕਈਆਂ ਨੂੰ ਚਾਹ ਪੀਤੇ ਵਗੈਰ ਨੀਂਦ ਨਹੀਂ ਆਉਂਦੀ। ਡਾਕਟਰੀ ਦ੍ਰਿਸ਼ਟੀਕੋਣ ਤੋਂ ਵੀ ਇਸ ਦੇ ਚੰਗੇ ਮਾੜੇ ਦੋਵੇਂ ਪੱਖ ਹਨ।

ਕੁਝ ਵੀ ਹੋਵੇ ਚਾਹ ਅਜਿਹਾ ਸ਼ਬਦ ਹੈ ਜਿਸ ਦਾ ਜ਼ਿਕਰ ਦਿਨ ਵਿਚ ਅਸੀਂ ਕਈ ਵਾਰ ਕਰਦੇ ਹਾਂ। ਇਸ ਦੀ ਸਮਾਜਿਕ ਸਬੰਧਾਂ ਵਿਚ ਇਕ ਬਿਲਕੁਲ ਅਲੱਗ ਤਰ੍ਹਾਂ ਦੇ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ। ਚਾਹ ਸਿਰਫ਼ ਪਾਣੀ, ਖੰਡ, ਚਾਹਪੱਤੀ, ਦੁੱਧ ਆਦਿ ਪਾ ਕੇ ਕਾੜ੍ਹਿਆ ਅਤੇ ਉਬਾਲਿਆ ਮਿਸ਼ਰਣ ਹੀ ਨਹੀਂ, ਸਗੋਂ ਸਾਡੇ ਸਮਾਜਿਕ ਜੀਵਨ ਵਿਚ ਮਾਣ ਸਤਿਕਾਰ ਦੀ ਤਰਜਮਾਨੀ ਕਰਦਾ ਸਦੀਆਂ ਪੁਰਾਣਾ ਪ੍ਰਤੀਕ ਜਾਂ ਚਿੰਨ ਵੀ ਹੈ ਕਿਸੇ ਨੂੰ ਚਾਹ ਪੀਣ ਬਾਰੇ ਪੁੱਛਣਾ ਸਿਰਫ਼ ਸ਼ਬਦਾਂ ਦਾ ਸਮੂੱਚ ਨਹੀਂ ਬਲਕਿ ਸਾਹਮਣੇ ਵਾਲੇ ਵਿਅਕਤੀ ਨੂੰ ਦਿੱਤੀ ਇੱਜ਼ਤ-ਮਾਣ ਦਾ ਸਮਾਜਿਕ ਚਿੰਨ੍ਹ ਵੀ ਹੈ ਕਿਉਂਕਿ ਚਾਹ ਕੋਈ ਬਹੁਤੀ ਮਹਿੰਗੀ ਚੀਜ਼ ਨਹੀਂ ਜਾਂ ਚਾਹ ਲੋਕੀ ਆਪਣੇ ਘਰ ਵੀ ਪੀਂਦੇ ਹਨ ਪਰ ਚਾਹ ਪੀਣ ਬਾਰੇ ਪੁੱਛਣ ਪਿੱਛੇ ਮਾਣ-ਸਤਿਕਾਰ ਦੇ ਭਾਵ ਛੁਪੇ ਹੁੰਦੇ ਹਨ

ਜਦੋਂ ਕਿਸੇ ਖ਼ਾਸ ਵਿਅਕਤੀ ਦੁਆਰਾ ਨਾ ਕੀਤੇ ਗਏ ਸਤਿਕਾਰ ਦੇ ਭਾਵ ਉਜਾਗਰ ਕਰਨੇ ਹੋਣ ਤਾਂ ਅਸੀਂ ਕਹਿੰਦੇ ਹਾਂ ਬਈ, ‘ਉਸ ਨੇ ਤਾਂ ਚਾਹ ਵੀ ਨਹੀਂ ਪੁੱਛੀ’ ਜਾਂ ਮੈਂ ਐਨਾ ਪੈਂਡਾ ਤਹਿ ਕਰ ਕੇ ਉਸ ਨੂੰ ਮਿਲਣ ਗਿਆ ਉਸ ਨੇ ਤਾਂ ਚਾਹ ਦਾ ਕੱਪ ਵੀ ਨਹੀਂ ਪਿਲਾਇਆ, ਮੈਂ ਉਨੀ ਪੈਰੀਂ ਵਾਪਸ ਆ ਗਿਆ। ਜੇ ਕਿਸੇ ਦੁਆਰਾ ਮਾਣ-ਸਤਿਕਾਰ ਨਾਲ ਸਬੰਧਿਤ ਦਿਖਾਏ ਭਾਵਾਂ ਬਾਰੇ ਦੱਸਣਾ ਹੋਵੇ ਤਾਂ ਅਸੀ ਕਹਿੰਦੇ ਹਾਂ ਮੈਂ ਬਥੇਰਾ ਕਿਹਾ ਪਰ ਮੱਲੋਜ਼ੋਰੀ ਮਿੰਟ ’ਚ ਚਾਹ ਮਗਵਾ ਲਈ, ਮੈਨੂੰ ਚਾਹ ਪਿਆ ਕੇ ਹੀ ਦਮ ਲਿਆ। ਜੇ ਰੁੱਖੇ, ਅਮੀਰ, ਕੰਜੂਸ, ਇੱਜ਼ਤ ਮਾਣ ਜਹੇ ਭਾਵਾਂ ਤੋਂ ਸੱਖਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਮਿੱਤਰਾਂ ਬਾਰੇ ਦੱਸਣਾ ਹੋਵੇ ਤਾਂ ਅਸੀਂ ਕਹਿੰਦੇ ਹਾਂ ਕਿ ਉਹ ਤਾਂ ਆਏ ਗਏ ਨੂੰ ਚਾਹ ਦਾ ਕੱਪ ਵੀ ਨਹੀਂ ਪੁੱਛਦੇ ਪਰ ਜੇਕਰ ਮਾਣ-ਸਤਿਕਾਰ ਦੇ ਭਾਵ ਜ਼ਾਹਰ ਕਰਨ ਵਾਲੇ ਸਬੰਧੀਆਂ ਬਾਰੇ ਦੱਸਣਾ ਹੋਵੇ ਤਾਂ ਕਹਿੰਦੇ ਹਾਂ ਕਿ ਅਸੀ ਬੈਠੇ ਹੀ ਸਾਂ ਝੱਟ ਚਾਹ ਬਣਕੇ ਆ ਗਈ।

ਚਾਹ ਪੀਣ ਲਈ ਪੁੱਛਣਾ ਕਿਸੇ ਨੂੰ ਇੱਜ਼ਤ ਦੇਣ ਦਾ ਜ਼ਰੀਆਂ ਹੈ ਜਦੋਂ ਅਸੀਂ ਕਿਤੇ ਜਾਈਏ ਜਾਂ ਸਾਡੇ ਘਰ ਕੋਈ ਆਉਂਦਾ ਹੈ ਤਾਂ ਅਸੀਂ ਆਪਣੇ ਪਰਿਵਾਰਕ ਮੈਂਬਰ ਨੂੰ ਕਹਿੰਦੇ ਹਾਂ ਚਾਹ ਬਣਾਓ ਜਾਂ ਅਸੀਂ ਆਪਣੇ ਘਰ ਬਾਹਰ ਖੜ੍ਹੇ ਹੋਈਏ ਤਾਂ ਸਾਹਮਣੇ ਲੰਘਣ ਵਾਲਿਆਂ ਨੂੰ ਜ਼ਰੂਰ ਕਹਿੰਦੇ ਹਾਂ, ਆ ਜਾਓ ਚਾਹਾਂ ਪਿਲਾਉਂਦੇ ਹਾਂ। ਜਿੰਨੀ ਦੇਰ ਚਾਹ ਹੈ ਓਨੀ ਦੇਰ ਇਹ ਮਾਣ-ਸਤਿਕਾਰ ਦਾ ਚਿੰਨ੍ਹ ਬਣੀ ਰਹੇਗੀ। ਇਸ ਲਈ ਸਾਨੂੰ ਆਪਣੇ ਦੋਸਤਾਂ ਮਿੱਤਰਾਂ ਅਤੇ ਸਕੇ ਸਬੰਧੀਆਂ ਨੂੰ ਚਾਹ ਪਾਣੀ ਪੁੱਛਦੇ ਰਹਿਣਾ ਚਾਹੀਦਾ ਹੈ। •

94649-29718

### ਮਹਿਕਦਾਰ ਪਦਾਰਥ

ਚਾਹ, ਜਿਸ ਨੂੰ ਅੰਗਰੇਜ਼ੀ ਵਿਚ tea ਕਿਹਾ ਜਾਂਦਾ ਹੈ, ਪੀਣ ਵਾਲਾ ਮਹਿਕਦਾਰ ਪਦਾਰਥ ਹੈ। ਪਾਣੀ ਤੋਂ ਬਾਅਦ ਦੁਨੀਆਂ ਵਿਚ ਸਭ ਤੋਂ ਵੱਧ ਪੀਤਾ ਜਾਣ ਵਾਲਾ ਇਹ ਦੂਜਾ ਪਦਾਰਥ ਹੈ। ਇਸ ਦੀ ਖੋਜ ਦਸਵੀਂ ਸਦੀ ਵਿਚ ਚੀਨ ਵਿਚ ਹੋਈ। ਚਾਹ ਵਿਚ ਕੈਫ਼ੀਨ ਦੀ ਮੌਜੂਦਗੀ ਪੀਣ ਵਾਲੇ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਚਾਹ ਦੇ ਪੌਦੇ ਦੇ ਮੂਲ ਸਥਾਨਾਂ ’ਚ ਪੂਰਬੀ ਚੀਨ, ਦੱਖਣ ਪੂਰਬੀ ਚੀਨ, ਮਿਆਂਮਾਰ ਅਤੇ ਭਾਰਤ ਦਾ ਇਲਾਕਾ ਆਸਾਮ ਸ਼ਾਮਲ ਹੈ।

# ਵੰਝਲੀ ਦੀ ਹੂਕ ਸੁਣ ਕੇ



ਗੀਤ ਤੇਰੇ ਦੀਆਂ ਰਮਜ਼ਾਂ

ਪਿਛਲੀ ਅੱਧੀ ਸਦੀ ਤੋਂ ਜਿਹੜਾ ਬੰਦਾ ਪੰਜਾਬੀ ਅਵਾਮ ਦੇ ਖ਼ਿਆਲਾਂ ਨੂੰ ਅਗਾਂਹ ਤੋਰ ਰਿਹਾ ਹੈ, ਉਹ ਹੈ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ। ਇਕ ਐਸਾ ਗੀਤਕਾਰ ਜੀਹਨੇ ਠੇਠ ਮੁਹਾਵਰਿਆਂ ’ਚ ਗੱਲਾਂ ਕੀਤੀਆਂ। ਇੰਨੀਆਂ ਠੇਠ ਗੱਲਾਂ ਕਿ ਇੱਕੀਵੀਂ ਸਦੀ ਦੀ ਜਵਾਨੀ ਉਸ ਨੂੰ ਸਮਝਣ ਲਈ ਕੋਸ਼ ਚੁੱਕਦੀ ਹੈ। ਅਸਲ ਵਿਚ ਅਜਿਹੇ ਗੀਤ ਹੀ ਸਾਡਾ ਸਰਮਾਇਆ ਹੁੰਦੇ ਹਨ। ਮੈਂ ਹਮੇਸ਼ਾ ਕੋਸ਼ਿਸ਼ ਕਰਦਾ ਹਾਂ ਕਿ ਜਿੰਨੀ ਕੁ ਮੈਨੂੰ ਸਮਝ ਹੈ ਉਸ ਨੂੰ ਪਾਠਕਾਂ ਤੱਕ ਲੈ ਕੇ ਜਾਵਾਂ। ਮੈਂ ਅੱਜ ਮਾਨ ਮਰਾੜ੍ਹਾ ਵਾਲੇ ਦਾ ਗੀਤ, ਜਿਸਨੂੰ ਆਪਣੇ ਸਮੇਂ ਦੇ ਪ੍ਰਸਿੱਧ ਗਾਇਕ ਕਰਮਜੀਤ ਧੂਰੀ ਨੇ ਗਾਇਆ ਅਤੇ 1967 ਵਿਚ ਹਿਜ਼ ਮਾਸਟਰਜ਼ ਕੰਪਨੀ ਨੇ ਉਸ ਦਾ ਰਿਕਾਰਡ ਬਣਾਇਆ ਸੀ, ਜਿਸ ਦਾ ਲੜੀ ਨੰਬਰ ਹੈ 9425, ਉਸ ਗੀਤ ਦੀਆਂ ਗੁੱਝੀਆਂ ਰਮਜ਼ਾਂ ਤੁਹਾਡੇ ਸਨਮੁੱਖ ਕਰ ਰਿਹਾ। ਗੀਤ ਦੇ ਬੋਲ ਹਨ : ‘ਕੱਸੀ ਤੇ ਵਜਾਵੇ ਵੰਝਲੀ।’

ਇਸ ਗੀਤ ਵਿਚ ਗੀਤਕਾਰ ਨੇ ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਦੀ ਤਸਵੀਰ ਖਿੱਚੀ ਹੈ। ਗੀਤ ਵਿਚ ਵਰਤੀ ਗਈ ਸ਼ਬਦਾਵਲੀ ਪੁਰਾਣੇ ਪੰਜਾਬ ਦੇ ਪੇਂਡੂ ਧਰਾਤਲ ਨਾਲ ਜੁੜੀ ਹੋਈ ਹੈ। ਗੀਤ ਵਿਚ ਵਰਤੇ ਗਏ ਬਹੁਤੇ ਸ਼ਬਦ ਅੱਜ ਸਾਡੀ ਜ਼ਬਾਨ ’ਚੋਂ ਮਨਫ਼ੀ ਹੋ ਚੁੱਕੇ ਹਨ।

ਗੀਤ ਵਿਚ ਇਕ ਪੇਂਡੂ ਛੈਲ ਛਬੀਲਾ ਗੱਭਰੂ ਜੋ ਖੇਤੀਬਾੜੀ ਕਰਦਾ ਹੈ। ਪਸ਼ੂ ਡੰਗਰ ਵੀ ਰੱਖੇ ਹਨ। ਸਰਕਾਰੇ ਦਰਬਾਰੇ ਪਹੁੰਚ ਵੀ ਰੱਖਦਾ ਹੈ। ਜਿਸ ਨੂੰ ਆਪਣੀ ਚੜ੍ਹਦੀ ਜਵਾਨੀ ’ਤੇ ਮਾਣ ਹੈ। ਉਹ ਕੋਮਲ ਦਿਲ ਹੈ ਤੇ ਵੰਝਲੀ ਵਜਾਉਣ ਵਿਚ ਮੁਹਾਰਤ ਰੱਖਦਾ ਹੈ। ਮੁਟਿਆਰ ਅੱਗੇ ਆਪਣੀ ਸਿਫ਼ਤ ਆਪ ਹੀ ਕਰਦਾ ਹੈ :

ਕੱਸੀ ’ਤੇ ਵਜਾਵੇ ਵੰਝਲੀ
ਮੁੰਡਾ ਔਸਰਾਂ ਝੋਟੀਆਂ ਚਾਰੇ
ਮਿੱਤਰਾਂ ਦੀ ਪੱਗ ਰੰਗ ਦੇ
ਲੀੜੇ ਧੋਂਦੀਏ ਪਤਲੀਏ ਨਾਰੇ...

ਕੱਸੀ : ਵੱਡਾ ਖਾਲਾ ਜਾਂ ਸੂਆ। ਵੰਝਲੀ : ਬਾਂਸ ਦੀ ਪਤਲੀ ਜਿਹੀ ਪੋਰੀ, ਜਿਸ ਵਿਚ ਉੱਪਰ ਸੁਰਾਖ ਹੁੰਦੇ ਹਨ, ਸਿਰੇ ’ਤੇ ਜੀਭੀ ਲੱਗੀ ਹੁੰਦੀ ਹੈ। ਜੀਭੀ ਵਾਲੇ ਪਾਸੇ ਤੋਂ ਫੂਕ ਨਾਲ ਉੱਪਰਲੇ ਸੁਰਾਖਾਂ ’ਤੇ ਉਂਗਲਾਂ ਦੀ ਦਾਬ ਨਾਲ ਵੱਖ-ਵੱਖ ਸੁਰਾਂ ਪੈਦਾ ਹੁੰਦੀਆਂ ਹਨ। ਬਾਂਸਰੀ ਅਤੇ ਅਲਗੋਜੇ ਵੀ ਇਸੇ ਕਿਸਮ ਦੇ ਸਾਜ਼ ਹਨ। ਔਸਰ ਝੋਟੀ : ਜੁਆਨ ਹੋਈ ਅਣਸੂਈ ਮੱਝ। ਲੀੜੇ : ਕੱਪੜੇ।

ਉਸ ਵੇਲੇ ਔਰਤਾਂ ਕੱਸੀ ਦੀ ਪੱਟੜੀ ’ਤੇ ਬਹਿ ਕੇ ਕੱਪੜੇ ਧੋ ਕੇ ਲੈ ਜਾਂਦੀਆ ਸਨ। ਗੱਭਰੂ ਪੱਟੜੀ ’ਤੇ ਕੱਪੜੇ ਧੋਂਦੀ ਮੁਟਿਆਰ ਨੂੰ ਸੰਬੋਧਨ ਹੋ ਕੇ ਕਹਿੰਦਾ ਹੈ ਕਿ ਮੇਰੀ ਪੱਗ ਰੰਗ ਦੇ ਭਾਵ ਗੁੱਝੇ ਪਿਆਰ ਦਾ ਪ੍ਰਗਟਾਵਾ ਅਸਿੱਧੇ ਰੂਪ ਵਿੱਚ ਕਰਦਾ ਹੈ।

ਝਾਕਾ ਲੈਣਾ ਪੱਟੜੀ ਦਾ
ਨਾਲੇ ਕਰਨੀ ਮੱਕੀ ਦੀ ਰਾਖੀ
ਲੰਘਦੇ ਰਾਹੀਆਂ ਨੂੰ
ਗੱਲ ਚੁਭਵੀਂ ਕਦੇ ਨਾ ਆਖੀ
ਮੇਲਿਆਂ ’ਚ ਹੂਲ ਜੱਟ ਦੀ
ਨਾਲ ਉਂਗਲਾਂ ਦੇ ਹੋਣ ਇਸ਼ਾਰੇ...

ਝਾਕਾ : ਸੰਗ ਸ਼ਰਮ ਰੱਖ ਜਾਂ ਮਰਿਯਾਦਾ ਵਿਚ ਰਹਿ ਕੇ ਚੋਰੀ-ਚੋਰੀ ਤੱਕਣਾ। ਪੱਟੜੀ : ਸੂਏ ਦੇ ਕਿਨਾਰੇ-ਕਿਨਾਰੇ ਬਣਿਆ ਰਾਹ। ਗੱਲ ਚੁਭਵੀਂ: ਮਿਹਣਾ, ਟਕੋਰ, ਤਾਹਨਾ, ਅਸਿੱਧੇ ਰੂਪ ਵਿਚ ਕਿਸੇ ਦਾ ਦਿਲ ਦੁਖਾਉਣਾ। ਹੂਲ : ਮਸ਼ਹੂਰੀ, ਪ੍ਰਸਿੱਧੀ। ਇਸ ਅੰਤਰੇ ਦਾ ਭਾਵ ਹੈ ਕਿ ਪੱਟੜੀ ਤੇ ਕੱਪੜੇ ਧੋਂਦੀ ਮੁਟਿਆਰ ਦੇ ਦੀਦਾਰ ਵੀ ਕਰਨੇ ਹਨ, ਮੱਕੀ ਦੀ ਫ਼ਸਲ ਦੀ ਰਾਖੀ ਵੀ ਕਰਨੀ ਹੈ। ਕਿਸੇ ਲੰਘਦੇ ਟੱਪਦੇ ਰਾਹੀਂ ਨੂੰ ਕੁਝ ਉੱਚਾ ਨੀਵਾਂ ਵੀ ਨ੍ਹੀਂ ਬੋਲਣਾ। ਮੇਲੇ ਵਿਚ ਗੱਭਰੂ ਦੀ ਪੂਰੀ ਚੜ੍ਹਾਈ ਹੈ। ਮਟਿਆਰਾਂ ਉਸ ਵੱਲ ਤੱਕ ਇਸ਼ਾਰੇ ਕਰਦੀਆਂ ਹਨ।

ਵੰਝਲੀ ਦੀ ਹੂਕ ਸੁਣ ਕੇ
ਪਾਣੀ ਰੁਕ ਗਏ ਕੱਸੀ ਦੇ ਵਹਿੰਦੇ
ਸੱਦ ਲਾਵਾਂ ਦਿਲ ਵਿੰਨ੍ਹਵੀਂ
ਹੌਲ ਅੱਲੜਾਂ ਦੇ ਕਾਲਜੇ ਪੈਂਦੇ
ਵੰਝਲੀ ਦੇ ਬੋਲਾਂ ਦੀ
ਗੱਲ ਧੁੰਮ ਗਈ ਤ੍ਰਿੰਝਣੀ ਸਾਰੇ...

ਹੂਕ : ਵਿਯੋਗ ਦੀ ਧੁਨ। ਸੱਦ : ਪੰਜਾਬੀ ਲੋਕ ਕਾਵਿ ਦਾ ਇਕ ਰੂਪ, ਇਸ ਨੂੰ ਗਾਉਣ ਵਾਲਾ ਖੱਬਾ ਹੱਥ ਕੰਨ ਉੱਪਰ ਰੱਖ ਕੇ ਸੱਜੀ ਬਾਂਹ ਫ਼ੈਲਾ ਕੇ ਲੰਮੀ ਹੇਕ ਲਾਉਂਦਾ ਹੈ। ਦਿਲ ਵਿੰਨ੍ਹਵੀਂ : ਦਿਲ ਨੂੰ ਛੂਹਣ ਵਾਲੀ।

ਹੌਲ਼ : ਦਿਲ ਦੀ ਧੜਕਣ ਦਾ ਤੇਜ਼ ਹੋਣਾ। ਅੱਲੜਾਂ : ਚੜ੍ਹਦੀ ਜਵਾਨੀ ਦੀ ਅਵਸਥਾ ਇੱਥੇ ਅੱਲੜ੍ਹ ਉਮਰ ਤੋਂ ਭਾਵ ਨਵੀਂ ਉਮਰ ਦੀਆਂ ਜੁਆਨ ਹੋ ਰਹੀਆਂ ਕੁੜੀਆਂ। ਤ੍ਰਿੰਝਣ : ਜਿੱਥੇ ਕੁੜੀਆਂ ’ਕੱਠੀਆਂ ਹੋ ਕੇ ਚਰਖਾ ਕੱਤਦੀਆਂ ਹਨ।

ਗੱਭਰੂ ਮੁਟਿਆਰ ਨੂੰ ਸੰਬੋਧਨ ਹੋ ਕੇ ਕਹਿ ਵੀ ਰਿਹਾ ਕਿ ਤੇਰੇ ਪਿਆਰ ’ਚ ਜਦੋਂ ਮੈਂ ਵੰਝਲੀ ’ਤੇ ਉਦਾਸ ਧੁਨ ਛੇੜਦਾ ਹਾਂ ਤਾਂ ਵਗਦੇ ਪਾਣੀ ਵੀ ਰੁਕ ਜਾਂਦੇ ਹਨ। ਜਦੋਂ ਕੰਨ ’ਤੇ ਹੱਥ ਧਰ ਕੇ ਹੇਕ ਲਾਉਂਦਾ ਹਾਂ ਤਾਂ ਕੁੜੀਆਂ ਦੇ ਦਿਲ ਨੂੰ ਧੂਹ ਪੈਂਦੀ ਹੈ। ਮੇਰੀ ਵੰਝਲੀ ਦੀ ਧੁਨ ਦੀ ਚਰਚਾ ਤ੍ਰਿੰਝਣਾ ’ਚ ਕੱਤਣ ਵਾਲੀਆਂ ਕੁੜੀਆਂ ’ਚ ਹੁੰਦੀ ਹੈ।

ਨਹਿਰ ’ਚ ਨੁਹਾਵਾਂ ਮੱਝੀਆਂ
ਸਾਡੇ ਜੁੱਟ ਕੱਸੀਆਂ ਦੇ ਬਾਬੂ
ਆਖੇਂ ਤਾਂ ਲਿਆ ਦਿਆਂ ਭੁੰਨਕੇ
ਦਾਣੇ ਹੋ ਗਏ ਮੱਕੀ ਦੇ ਚਾਬੂ
ਮੇਮਾਂ ਤਕ ਜਾਣ ਛੱਲੀਆਂ
ਸਾਡੀ ਗੱਲ ਚੜ੍ਹ ਗਈ ਸਰਕਾਰੇ
ਮਿੱਤਰਾਂ ਦੀ ਪੱਗ ਰੰਗ ਦੇ
ਲੀੜੇ ਧੋਂਦੀਏ ਪਤਲੀਏ ਨਾਰੇ...

ਜੁੱਟ : ਇੱਥੇ ਜੁੱਟ ਤੋਂ ਭਾਵ ਹੈ ਜਾਣਕਾਰ ਜਾਂ ਜੋੜੀਦਾਰ (ਲਿਹਾਜੀ)। ਕੱਸੀਆਂ ਦੇ ਬਾਬੂ : ਨਹਿਰੀ ਮਹਿਕਮੇ ਦਾ ਬਾਬੂ। ਚਾਬੂ : ਚੱਬਣ ਯੋਗ।

ਗੱਭਰੂ ਆਪਣੀ ਜਾਣ-ਪਛਾਣ ਅਤੇ ਰੁਤਬੇ ਬਾਰੇ ਦੱਸ ਰਿਹਾ ਹੈ ਕਿ ਨਹਿਰੀ ਮਹਿਕਮੇ ਦੇ ਬਾਬੂ ਮੇਰੇ ਮਿੱਤਰ ਬੇਲੀ ਹਨ। ਇਸ ਲਈ ਮੈਂ ਮੱਝੀਆਂ ਨਹਿਰ ਵਿਚ ਹੀ ਨਹਾਉਂਦਾ ਹਾਂ। ਗੱਭਰੂ ਮੁਟਿਆਰ ਨੂੰ ਪੁੱਛਦਾ ਹੈ ਕਿ ਮੱਕੀ ਦੀਆਂ ਛੱਲੀਆਂ ਚੱਬਣਯੋਗ ਹੋ ਰਹੀਆਂ ਹਨ। ਜੇ ਆਖੇਂ ਤਾਂ ਭੁੰਨਕੇ ਲਿਆ ਦਿਆਂ। ਮੇਰੇ ਖੇਤ ਦੀ ਮੱਕੀ ਤਾਂ ਮੇਮਾਂ ਤਕ ਜਾਂਦੀ ਹੈ। ਸਰਕਾਰੇ ਦਰਬਾਰੇ ਪੂਰੀ ਗੱਲਬਾਤ ਹੈ।

ਰੰਗ ਮੈਂ ਲਿਆਉਣਾ ਹੱਟੀ ਤੋਂ
ਮੰਗੂ ‘ਮਾਨ’ ਦਾ ਚਰੀ ’ਚੋਂ ਮੋੜੀਂ
ਕੱਚੀਏ ਕੁਆਰ ਗੰਦਲੇ
ਪੁੱਛੇ ਬਾਝ ਨਾ ਕਰੇਲਾ ਤੋੜੀਂ
ਮਿੱਠੀਆਂ ਝਿੜਕਾਂ ਦਾ
ਗੁੱਸਾ ਕਰ ਨਾਂ ਲਈਂ ਮੁਟਿਆਰੇ
ਮਿੱਤਰਾਂ ਦੀ ਪੱਗ ਰੰਗ ਦੇ
ਲੀੜੇ ਧੋਂਦੀਏ ਪਤਲੀਏ ਨਾਰੇ...

ਹੱਟੀ : ਦੁਕਾਨ। ਮੰਗੂ : ਪਸ਼ੂਆਂ ਦਾ ਵੱਗ। ਚਰ੍ਹੀ : ਚਾਰੇ ਦੀ ਫ਼ਸਲ। ਕੱਚੀਏ ਕੁਆਰ ਗੰਦਲੇ : ਕੁਆਰ ਗੰਦਲੇ ਤਾਂ ਕੁਆਰ ਦੀ ਗੁੱਦੇਦਾਰ ਸ਼ਬਜੀ ਹੈ ਜਿਸ ਨੂੰ ਅੰਗਰੇਜ਼ੀ ਵਿਚ ਐਲੋਵੇਰਾ ਵੀ ਕਿਹਾ ਜਾਂਦਾ ਹੈ ਪਰ ਇੱਥੇ ਗੀਤਕਾਰ ਦਾ ਭਾਵ ਗੰਦਲ ਵਰਗੀ ਸੋਹਲ ਕੁਆਰੀ ਕੁੜੀ ਤੋਂ ਹੈ।

ਅਖੀਰ ਵਿਚ ਗੀਤਕਾਰ ਕਹਿ ਰਿਹਾ ਹੈ ਕਿ ਮੈਂ ਹੱਟੀ ਤੋਂ ਜਾ ਕੇ ਰੰਗ ਲੈ ਕੇ ਆਉਂਦਾ ਹਾਂ ਤੂੰ ਓਨੀ ਦੇਰ ਮੇਰੇ ਪਸ਼ੂਆਂ ਦੀ ਰਾਖੀ ਕਰੀਂ। ਐਸਾ ਨਾ ਹੋਵੇ ਮੇਰੇ ਪਸ਼ੂ ਚਰ੍ਹੀ ਦੇ ਖੇਤ ਵਿਚ ਵੜ੍ਹ ਜਾਣ ਅਤੇ ਖੇਤ ਵਿੱਚੋਂ ਮੇਰੇ ਪੁੱਛੇ ਬਿਨਾਂ ਕਰੇਲੇ ਨਾ ਤੋੜਨ ਲੱਗ ਜਾਵੀਂ। ਨਾਲ ਦੀ ਨਾਲ ਕੋਮਲ ਦਿਲ ਗੱਭਰੂ ਆਖਦਾ ਹੈ ਕਿ ਮੇਰੀ ਮਿੱਠੀ ਝਿੜਕ ਦਾ ਗੁੱਸਾ ਨਾ ਕਰ ਕਰੀਂ।

ਇੱਥੇ ਦੱਸਣਾ ਬਣਦਾ ਹੈ ਕਿ ਭਾਵੇਂ ਅੱਜ ਦੇ ਆਧੁਨਿਕ ਯੁੱਗ ਵਿਚ ਅਨੇਕ ਕਿਸਮ ਦੇ ਭਾਂਤ-ਸੁਭਾਂਤੇ ਰੰਗਾਂ ਵਿਚ ਪੱਗਾਂ ਉੱਪਲੱਬਧ ਹਨ ਪਰ ਉਸ ਵੇਲੇ ਢਾਕੇ ਦੀ ਚਿੱਟੀ ਮਲਮਲ ਦੇ ਪੰਜ ਮੀਟਰ ਕੱਪੜੇ ਦੀ ਹੀ ਪੱਗ ਬੰਨ੍ਹੀ ਜਾਂਦੀ ਸੀ। ਨਵੀਂ ਉਮਰ ਦੇ ਸ਼ੁਕੀਨ ਮੁੰਡੇ ਉਸ ਮਲਮਲ ਨੂੰ ਕੱਚੇ ਰੰਗਾਂ ਨਾਲ ਰੰਗ ਕੇ ਆਪਣੀ ਸ਼ੁਕੀਨੀ ਦਾ ਇਜ਼ਹਾਰ ਕਰਦੇ। ਇਹ ਕੱਚੇ ਰੰਗ ਹੱਟੀਆਂ ਤੋਂ ਹੀ ਮਿਲ ਜਾਂਦੇ ਸਨ। ਇਕ ਦੋ ਵਾਰੀ ਬੰਨ੍ਹ ਕੇ ਉਸ ਪੱਗ ਨੂੰ ਦੁਬਾਰਾ ਹੋਰ ਰੰਗ ਦੀ ਰੰਗ ਲਿਆ ਜਾਂਦਾ। ਇਸ ਗੀਤ ਵਿਚ ਗੀਤਕਾਰ ਨੇ ਪੰਜਾਬ ਦੇ ਪੇਂਡੂ ਸੱਭਿਆਚਾਰ ਦੀ ਤਸਵੀਰ ਬਾਖ਼ੂਬੀ ਪੇਸ਼ ਕੀਤੀ ਹੈ ਜੋ ਸ਼ਲਾਘਾਯੋਗ ਕਾਰਜ ਹੈ।

• ਅਸ਼ੋਕ ਬਾਂਸਲ ਮਾਨਸਾ

98772-77473

## ਸੰਪਾਦਕੀ

# ਪੱਛਮੀ ਬੰਗਾਲਾ ਵਿਚ ਵੋਟ ਦੇ ਅਧਿਕਾਰ ਨੂੰ ਖ਼ਤਰਾ

ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ ’ਚੋਂ ਨਾਮ ਕੱਟੇ ਜਾਣ ਖ਼ਿਲਾਫ਼ ਟ੍ਰਿਬਿਊਨਲਾਂ ਕੋਲ ਅਪੀਲਾਂ ਦਾਇਰ ਕਰਨ ਵਾਲੇ ਲੱਖਾਂ ਵੋਟਰਾਂ ਲਈ ਸਮਾਂ ਤੇਜ਼ੀ ਨਾਲ ਬੀਤ ਰਿਹਾ ਹੈ। ਸੁਪਰੀਮ ਕੋਰਟ ਨੇ ਪ੍ਰਭਾਵਿਤ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਲਈ ਹੁਕਮ ਜਾਰੀ ਕਰਨ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਹੈ ਕਿ ਉਨ੍ਹਾਂ ਸਮੇਂ ਤੋਂ ਪਹਿਲਾਂ ਅਪੀਲ ਦਾਇਰ ਕੀਤੀ ਹੈ ਅਤੇ ਉਨ੍ਹਾਂ ਨੂੰ ਅਪੀਲੀ ਅਫਸਰਾਂ ਕੋਲ ਆਪਣੇ ਕਾਨੂੰਨੀ ਦਾਅਵੇ ਪੇਸ਼ ਕਰਨੇ ਚਾਹੀਦੇ ਹਨ। ਸੂਬੇ ਵਿੱਚ 23 ਅਤੇ 29 ਅਪਰੈਲ ਨੂੰ ਦੋ ਪੜਾਵਾਂ ਵਿੱਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਨਿਆਂਇਕ ਅਧਿਕਾਰੀਆਂ ਸਾਹਮਣੇ ਕਾਫ਼ੀ ਚੁਣੌਤੀਆਂ ਹਨ।

ਬੰਗਾਲ ਵਿੱਚ ਵੋਟਰ ਸੂਚੀਆਂ ਦੀ ਵਿਆਪਕ ਸੁਧਾਈ (ਐੱਸ ਆਈ ਆਰ) ਦੀ ਸ਼ੁਰੂਆਤ ਤੋਂ ਹੀ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਅਤੇ ਭਾਰਤੀ ਚੋਣ ਕਮਿਸ਼ਨ (ਈ ਸੀ ਆਈ) ਵਿਚਾਲੇ ਟਕਰਾਅ ਬਣਿਆ ਹੋਇਆ ਹੈ। ਵੋਟਰਾਂ ਦੇ ਨਾਮ ‘ਸਿਆਸਤ ਤੋ ਪ੍ਰੇਰਿਤ’ ਹੋ ਕੇ ਕੱਟਣ ਦੇ ਲਾਏ ਜਾ ਰਹੇ ਦੋਸ਼ਾਂ ਕਾਰਨ ਪਿਛਲੇ ਕਈ ਮਹੀਨਿਆਂ ਤੋਂ ਐੱਸ ਆਈ ਆਰ ਦੀ ਪੂਰੀ ਪ੍ਰਕਿਰਿਆ ਨਿਆਂਇਕ ਜਾਂਚ ਦੇ ਘੇਰੇ ਵਿੱਚ ਹੈ। ਹੁਣ ਟ੍ਰਿਬਿਊਨਲਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਪੀਲਾਂ ਦਾ ਤੇਜ਼ੀ ਨਾਲ ਨਿਬੇੜਾ ਕਰਨ। ਹਾਲਾਂਕਿ ਵੱਡੀ ਪੱਧਰ ’ਤੇ ਅਰਜ਼ੀਆਂ ਦਾ ਨਿਬੇੜਾ ਹੋ ਚੁੱਕਿਆ ਹੈ, ਪਰ ਪ੍ਰਭਾਵਿਤ ਵੋਟਰਾਂ ਦੇ ਤੌਖ਼ਲਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਨੇ ਆਖਿਆ ਹੈ ਕਿ ਵੋਟ ਦਾ ਅਧਿਕਾਰ ਨਾ ਸਿਰਫ਼ ਸੰਵਿਧਾਨਕ ਹੱਕ ਹੈ ਸਗੋਂ ਭਾਵਨਾਵਾਂ ਨਾਲ ਡੂੰਘਾ ਜੁੜਿਆ ਹੋਇਆ ਹੈ। ਇਹ ਅਧਿਕਾਰ ਵਿਅਕਤੀ ਦੀ ਆਪਣੀ ਹੋਂਦ ਅਤੇ ਨਾਗਰਿਕਤਾ ਦਾ ਪ੍ਰਤੀਕ ਹੈ।

ਜਦੋਂ ਕਿਸੇ ਨੂੰ ਵੋਟ ਦੇ ਅਧਿਕਾਰ ਤੋਂ ਵਾਂਝੇ ਕਰਨ ਜਾਂ ਹਿਰਾਸਤ ਵਿੱਚ ਲਏ ਜਾਣ ਕਾਰਨ ਇਹ ਮੁੱਦਾ ਪ੍ਰਤੀਕਿਰਿਆਵਾਂ ਅਤੇ ਤਕਨੀਕੀ ਨੁਕਤਿਆਂ ਤੋਂ ਅਗਾਂਹ ਲੰਘ ਗਿਆ ਹੈ। ਯੋਗ ਵੋਟਰਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਨਾ ਹੋਣ ਦੇਣ ਲਈ ਨਾਮ ਕੱਟਣ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਅਪੀਲਾਂ ਦਾ ਨਿਬੇੜਾ ਜਲਦੀ ਕਰਨਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਪੱਛਮੀ ਬੰਗਾਲ ਵਿੱਚ ਹਾਲਾਤ ਹੋਰ ਵੀ ਮਾੜੇ ਹੋ ਗਏ ਹਨ ਕਿਉਂਕਿ ਕੇਂਦਰ-ਰਾਜ ਵਿਚਾਲੇ ਟਕਰਾਅ ਸਿਰਫ਼ ਐੱਸ ਆਈ ਆਰ ਵਿਵਾਦ ਤੱਕ ਸੀਮਤ ਨਹੀਂ ਰਿਹਾ। ਟੀ ਐੱਮ ਸੀ ਲਈ ਕੰਮ ਕਰਨ ਵਾਲੀ ਸਲਾਹਕਾਰ ਫਰਮ ਇੰਡੀਅਨ ਪੌਲੀਟੀਕਲ ਐਕਸ਼ਨ ਕਮੇਟੀ (ਆਈ ਪੀ ਏ ਸੀ) ਦੇ ਸਹਿ ਸੰਸਥਾਪਕ ਵਿਨੇਸ਼ ਚੰਦੇਲ ਦੀ ਹਵਾਲਾ ਮਾਮਲੇ ਵਿੱਚ ਈ ਡੀ ਵੱਲੋਂ ਗ੍ਰਿਫ਼ਤਾਰੀ ਨੇ ਦੋਵੇਂ ਧਿਰਾਂ ਵਿਚਾਲੇ ਬਲਦੀ ’ਤੇ ਤੇਲ ਦਾ ਕੰਮ ਕੀਤਾ ਹੈ। ਦਿਨੋਂ-ਦਿਨ ਵਧ ਰਹੇ ਇਸ ਸਿਆਸੀ ਤਣਾਅ ਦੌਰਾਨ ਬੰਗਾਲ ਵਿੱਚ ਸੁਤੰਤਰ ਅਤੇ ਨਿਰਪੱਖ ਚੋਣਾਂ ਕੇਂਦਰੀ ਸੰਸਥਾਵਾਂ ਦੀ ਭਰੋਸੇਯੋਗਤਾ ਅਤੇ ਸੂਬਾਈ ਅਧਿਕਾਰੀਆਂ ਦੇ ਸਹਿਯੋਗ ’ਤੇ ਨਿਰਭਰ ਕਰਦੀਆਂ ਹਨ। ਅਜਿਹਾ ਹਰ ਹਾਲ ਹੋਣਾ ਚਾਹੀਦਾ ਹੈ।

# ਜ਼ਿਲ੍ਹਾ ਸੰਗਰੂਰ ਵਿੱਚ ਅੱਠਵੇਂ ਰਾਊਂਡ ਦੀ ਮੁਫਤ ਮੂੰਹ ਖੁਰ ਵੈਕਸੀਨੇਸ਼ਨ ਮੁਹਿੰਮ ਦੀ ਕੀਤੀ ਸ਼ੁਰੂਆਤ




**ਸੰਗਰੂਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਸੰਗਰੂਰ ਵਿੱਚ ਪਸ਼ੂ ਧਨ ਨੂੰ ਲਾਗ ਦੀ ਖਤਰਨਾਕ ਬਿਮਾਰੀ ਮੂੰਹ ਖੁਰ ਤੋਂ ਬਚਾਉਣ ਲਈ ਅੱਠਵੇਂ ਰਾਊਂਡ ਦੀ ਟੀਕਾਕਰਨ ਮੁਹਿੰਮ ਦਾ ਅਗਾਜ਼ ਗਊਸ਼ਾਲਾ ਬੇਸਹਾਰਾ ਪਸ਼ੂ ਭਲਾਈ ਸੰਸਥਾ ਉਬਾਵਾਲ ਰੋਡ ਸੰਗਰੂਰ ਤੋਂ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਸੁਖਵਿੰਦਰ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸੰਗਰੂਰ ਨੇ ਦੱਸਿਆ ਕਿ ਸਰਦਾਰ ਗੁਰਮੀਤ ਸਿੰਘ ਖੁਡੀਆਂ ਕੈਬਨਟ ਮੰਤਰੀ ਪਸ਼ੂ ਪਾਲਣ ਅਤੇ ਰਾਹੁਲ ਭੰਡਾਰੀ ਜੀ ਪ੍ਰਮੁੱਖ ਸਕੱਤਰ ਪਸ਼ੂ ਪਾਲਣ ਪੰਜਾਬ ਸਰਕਾਰ ਜੀ ਦੀਆਂ ਹਦਾਇਤਾਂ ਮੁਤਾਬਕ ਇਸ ਅੱਠਵੇਂ ਰਾਊਂਡ ਤਹਿਤ ਮੂੰਹ ਖੁਰ ਦੀ ਬਿਮਾਰੀ ਤੋਂ ਪਸ਼ੂ ਧਨ ਨੂੰ ਬਚਾਉਣ ਲਈ ਜਿਲ੍ਹੇ ਭਰ ਵਿੱਚ 65 ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਘਰ ਘਰ ਜਾ ਕੇ 505600 ਪਸ਼ੂਆਂ ਦੇ ਟੀਕਾਕਰਨ ਨੂੰ ਯਕੀਨੀ ਬਣਾਉਣਗੇ ।ਇਹ ਮੁਹਿੰਮ 15 ਅਪ੍ਰੈਲ ਤੋਂ 29 ਮਈ ਤੱਕ ਚਲੇਗੀ । ਇਹ ਟੀਕਾਕਰਨ ਬਿਲਕੁਲ ਮੁਫਤ ਕੀਤਾ ਜਾਏਗਾ ਅਤੇ ਇਸਦੀ ਰਜਿਸਟਰੇਸ਼ਨ ਭਾਰਤ ਪਸ਼ੂਧਨ ਪੋਰਟਲ ਤੇ ਨਾਲੋ ਨਾਲ ਕੀਤੀ ਜਾਵੇਗੀ।

ਇਸ ਮੌਕੇ ਡਿਪਟੀ ਡਾਇਰੈਕਟਰ ਨੇ ਪਸ਼ੂ ਪਾਲਕਾਂ ਨੂੰ ਇਸ ਮੁਹਿੰਮ ਤਹਿਤ 100% ਟੀਕਾਕਰਨ ਕਰਵਾਉਣ ਦੀ ਅਪੀਲ ਕੀਤੀ। ਸਮੂਹ ਪੰਚਾਇਤਾਂ ਸਮਾਜ ਭਲਾਈ ਕਲੱਬਾਂ, ਸੰਸਥਾਵਾਂ ਨੂੰ ਇਸ ਕੰਮ ਵਿੱਚ ਭਰਪੂਰ ਸਹਿਯੋਗ ਦੀ ਅਪੀਲ ਕੀਤੀ ਗਈ ਤਾਂ ਕਿ ਅਸੀਂ ਆਪਣੇ ਪਸ਼ੂ ਧਨ ਨੂੰ ਲਾਗ ਦੀ ਖਤਰਨਾਕ ਬਿਮਾਰੀ ਤੋਂ ਬਚਾ ਸਕੀਏ ਅਤੇ ਜਿਲਾ ਸੰਗਰੂਰ ਨੂੰ ਐਫਐਮਡੀ ਮੁਕਤ ਜੋਨ ਬਣਾਉਣ ਵਿੱਚ ਆਪਣਾ ਯੋਗਦਾਨ ਪਾਈਏ।

ਗਊਸ਼ਾਲਾ ਦੇ ਪ੍ਰਧਾਨ ਸ੍ਰੀ ਨਰੇਸ਼ ਕੁਮਾਰ ਜੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਇਸ ਮੌਕੇ ਡਾ. ਪਰਮਿੰਦਰਜੀਤ ਸਿੰਘ, ਡਾ. ਅਨੁਰਾਧਾ ,ਸ੍ਰੀ ਗੁਰਪ੍ਰੀਤ ਸਿੰਘ ਸ੍ਰੀ ਕੁਲਦੀਪ ਸਿੰਘ, ਅਤੇ ਗਊਸ਼ਾਲਾ ਦੇ ਪ੍ਰਬੰਧਕ ਹਾਜ਼ਰ ਰਹੇ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਸ਼ਿਕਾਇਤਾਂ ਦਾ ਤੇਜ਼ੀ ਨਾਲ ਕੀਤਾ ਜਾ ਰਿਹੈ ਨਿਪਟਾਰਾ : ਜਸਵੀਰ ਸਿੰਘ ਗੜ੍ਹੀ



**ਜਲੰਧਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਗੜ੍ਹੀ ਵੱਲੋਂ ਅੱਜ ਇਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਿਸ ਐਕਡਮੀ ਵਿਖੇ ਐਸ.ਸੀ./ਐਸ.ਟੀ.ਅੱਤਿਆਚਾਰ ਰੋਕੂ ਐਕਟ-1989 ਸਬੰਧੀ ਪੁਲਿਸ ਅਧਿਕਾਰੀਆਂ ਦੀ ਕਰਵਾਈ ਗਈ ਟ੍ਰੇਨਿੰਗ ਵਰਕਸ਼ਾਪ ਵਿੱਚ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।

ਵਰਕਸ਼ਾਪ ਉਪਰੰਤ ਗੱਲਬਾਤ ਕਰਦਿਆਂ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਪਾਸ ਸਲਾਨਾ ਪੱਧਰ ’ਤੇ ਵੱਡੀ ਗਿਣਤੀ ਵਿੱਚ ਸ਼ਿਕਾਇਤਾਂ ਪੁੱਜਦੀਆਂ ਹਨ, ਜਿਨ੍ਹਾਂ ਵਿੱਚ ਪੁਲਿਸ ਵਿਭਾਗ ਨਾਲ ਸਬੰਧਿਤ ਸ਼ਿਕਾਇਤਾਂ ਵੀ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲਿਆਂ ਦੇ ਜ਼ਮੀਨੀ ਪੱਧਰ ’ਤੇ ਅਤੇ ਤੇਜ਼ੀ ਨਾਲ ਨਿਪਟਾਰੇ ਦੇ ਉਦੇਸ਼ ਨਾਲ ਪੰਜਾਬ ਸਰਕਾਰ, ਐਸ.ਸੀ.ਕਮਿਸ਼ਨ ਤੇ ਪੁਲਿਸ ਵਿਭਾਗ ਵੱਲੋਂ ਵਿਸਥਾਰਤ ਚਰਚਾ ਉਪਰੰਤ ਪੁਲਿਸ ਅਧਿਕਾਰੀਆਂ ਦੀ ਟ੍ਰੇਨਿੰਗ ਦਾ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਉਨ੍ਹਾਂ ਨੂੰ ਐਸ.ਸੀ./ਐਸ.ਟੀ.ਅੱਤਿਆਚਾਰ ਰੋਕੂ ਐਕਟ ਬਾਰੇ ਟ੍ਰੇਨਿੰਗ ਮੁਹੱਈਆ ਕਰਵਾਈ ਜਾ ਰਹੀ ਹੈ।

ਸ਼੍ਰੀ ਗੜ੍ਹੀ ਨੇ ਕਿਹਾ ਕਿ ਇਸ ਟ੍ਰੇਨਿੰਗ ਦਾ ਮਕਸਦ ਐਸ.ਸੀ./ਐਸ.ਟੀ.ਅੱਤਿਆਚਾਰ ਰੋਕੂ ਐਕਟ ਦੇ ਪ੍ਰਭਾਵਸ਼ਾਲੀ ਅਮਲ ਲਈ ਪੁਲਿਸ ਅਧਿਕਾਰੀਆਂ ਨੂੰ ਇਸ ਕਾਨੂੰਨ ਸਬੰਧੀ ਵਿਸਥਾਰ ਨਾਲ ਜਾਣਕਾਰੀ ਦੇਣਾ, ਸੰਵੇਦਨਸ਼ੀਲ ਮਾਮਲਿਆਂ ਵਿੱਚ ਐਕਟ ਅਨੁਸਾਰ ਕਾਰਵਾਈ ਯਕੀਨੀ ਬਣਾਉਣਾ ਅਤੇ ਇਸ ਐਕਟ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਸਦਕਾ ਪੁਲਿਸ ਵਿਭਾਗ ਨਾਲ ਸਬੰਧਤ ਸ਼ਿਕਾਇਤਾਂ ਨੂੰ ਘੱਟ ਕਰਨ ਵਿੱਚ ਮਦਦ ਮਿਲੇਗੀ।

ਉਨ੍ਹਾਂ ਦੱਸਿਆ ਕਿ ਅੱਜ ਦੇ ਸੈਸ਼ਨ ਵਿੱਚ 78 ਦੇ ਕਰੀਬ ਡੀ.ਐਸ.ਪੀ. ਪੱਧਰ ਦੇ ਪੁਲਿਸ ਅਧਿਕਾਰੀਆਂ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਤੋਂ ਇਲਾਵਾ ਟ੍ਰੇਨਿੰਗ ਸੈਸ਼ਨ ਵਿੱਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਸੀਨੀਅਰ ਵਕੀਲ ਸਾਹਿਬਾਨ ਵਲੋਂ ਵੀ ਸ਼ਮੂਲੀਅਤ ਕੀਤੀ ਗਈ।

ਚੇਅਰਮੈਨ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਕਮਜ਼ੋਰ ਵਰਗ ਦੇ ਨਾਲ-ਨਾਲ ਹਰ ਵਰਗ ਦੇ ਅਧਿਕਾਰਾਂ ਅਤੇ ਸਨਮਾਨ ਦੀ ਰਾਖੀ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਲੋਕਾਂ ਦੀਆਂ ਸ਼ਿਕਾਇਤਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਕੇ ਉਨ੍ਹਾਂ ਨੂੰ ਰਾਹਤ ਪਹੁੰਚਾਉਣ ਦਾ ਕੰਮ ਪੂਰੀ ਸੰਜੀਦਗੀ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਐਸ.ਸੀ./ਐਸ.ਟੀ. ਅੱਤਿਆਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਰਾਵਾਂ, ਅਧਿਕਾਰਾਂ ਅਤੇ ਸਜ਼ਾਵਾਂ ਬਾਰੇ ਜਾਗਰੂਕ ਕਰਨ ਦੀ ਲੋੜ ’ਤੇ ਵੀ ਜ਼ੋਰ ਦਿੱਤਾ।

# ਪਲੇਸਮੈਂਟ ਕੈਂਪ ਨੌਜਵਾਨਾਂ ਨੂੰ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ

**ਸੰਗਰੂਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ Allena Auto Industries Pvt. Ltd. Áå¶ Trent Ltd. - Zudio ਕੰਪਨੀਆਂ ਨਾਲ ਤਾਲਮੇਲ ਕਰਕੇ ਮਿਤੀ: 17.04.2026 ਦਿਨ ਸ਼ੁੱਕਰਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਸਬੰਧੀ ਕੰਪਨੀ ਵੱਲੋਂ Machine Operator, Helper, Security Guard, Associate (ਲੜਕੇ ਲਈ) ਦੀ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿਅਕ ਯੋਗਤਾ 8ਵੀਂ, 10ਵੀਂ, 12ਵੀਂ, ਆਈ.ਟੀ.ਆਈ ਟਰਨਰ, ਫਿਟਰ, ਮਸ਼ੀਨੀਸਟ ਪਾਸ, ਉਮਰ 18 ਸਾਲ ਤੋਂ 40 ਸਾਲ ਹੋਣੀ ਚਾਹੀਦੀ ਹੈ।

ਚਾਹਵਾਨ ਅਤੇ ਯੋਗ ਪ੍ਰਾਰਥੀ ਰਜ਼ਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਮਿਲਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਵੱਲੋਂ ਤਿਮਾਹੀ ਮੀਟਿੰਗ ਦਾ ਆਯੋਜਨ



**ਫਾਜ਼ਿਲਕਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ (ਮੋਹਾਲੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (DLSA), ਫਾਜ਼ਿਲਕਾ ਦੀ ਤਿਮਾਹੀ ਮੀਟਿੰਗ ਦਿਨਾਂਕ 15.04.2026 ਨੂੰ ਸ੍ਰੀ ਧਰਮਿੰਦਰ ਪਾਲ ਸਿੰਗਲਾ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਰਹਿਨੁਮਾਈ ਹੇਠ ਆਯੋਜਿਤ ਕੀਤੀ ਗਈ।

ਬੈਠਕ ਵਿੱਚ ਸ਼੍ਰੀਮਤੀ ਅਮਨਪ੍ਰੀਤ ਕੌਰ ਸੰਧੂ, ਮਾਣਯੋਗ ਡਿਪਟੀ ਕਮਿਸ਼ਨਰ, ਫਾਜ਼ਿਲਕਾ, ਸ਼੍ਰੀ ਗੁਰਮੀਤ ਸਿੰਘ, ਮਾਣਯੋਗ ਸੀਨੀਅਰ ਕਪਤਾਨ ਪੁਲਿਸ, ਸ੍ਰੀ ਕੇ.ਕੇ. ਸਿੰਗਲਾ, ਮਾਣਯੋਗ ਵਧੀਕ ਜਿਲਾ ਅਤੇ ਸੈਸ਼ਨ ਜੱਜ, ਫਾਜ਼ਿਲਕਾ, ਰੂਚੀ ਸਵਪਨ ਸ਼ਰਮਾ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ, ਸ਼੍ਰੀ ਗੁਰਦਿੱਤ ਸਿੰਘ, ਡਿਪਟੀ ਸੁਪਰਡੈਂਟ, ਸਬ-ਜੇਲ੍ਹ ਫਾਜਿਲਕਾ, ਸ੍ਰੀ ਵਜੀਰ ਕੰਬੋਜ, ਜ਼ਿਲ੍ਹਾ ਅਟਾਰਨੀ, ਫਾਜ਼ਿਲਕਾ, ਸ੍ਰੀ ਸੁਤੰਤਰਜੋਤ ਸਿੰਘ ਗਿੱਲ, ਪ੍ਰਧਾਨ, ਬਾਰ ਐਸੋਸੀਏਸ਼ਨ, ਫਾਜ਼ਿਲਕਾ, ਸ੍ਰੀ ਗੁਰਦੀਪ ਸੰਘ, ਡੀ.ਪੀ.ਆਰ.ਓ, ਫਾਜ਼ਿਲਕਾ ਹਾਜ਼ਰ ਸਨ।

ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਮੁਫ਼ਤ ਕਾਨੂੰਨੀ ਸਹਾਇਤਾ ਦੀ ਪ੍ਰਦਾਨਗੀ, ਲੋਕ ਅਦਾਲਤਾਂ ਦੇ ਆਯੋਜਨ, ਪੈਰਾ ਲੀਗਲ ਵਲੰਟੀਅਰਾਂ ਦੀ ਕਾਰਗੁਜ਼ਾਰੀ, ਜਾਗਰੂਕਤਾ ਪ੍ਰੋਗਰਾਮਾਂ ਅਤੇ ਹੋਰ ਕਾਨੂੰਨੀ ਸੇਵਾਵਾਂ ਨਾਲ ਸੰਬੰਧਿਤ ਵਿਸ਼ਿਆਂ ’ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਮਾਣਯੋਗ ਚੇਅਰਮੈਨ ਵੱਲੋਂ ਸੰਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਜ਼ਰੂਰਤਮੰਦ ਅਤੇ ਯੋਗ ਵਿਅਕਤੀਆਂ ਤੱਕ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਭਾਵਸ਼ਾਲੀ ਅਤੇ ਸਮੇਂ-ਸਿਰ ਪਹੁੰਚਾਈ ਜਾਵੇ।

ਇਸ ਤੋਂ ਇਲਾਵਾ ਯੂ.ਟੀ.ਆਰ.ਸੀ ਕਮੇਟੀ ਦੀ ਤਿਮਾਹੀ ਮੀਟਿੰਗ ਸ਼੍ਰੀ ਧਰਮਿੰਦਰ ਪਾਲ ਸਿੰਗਲਾ, ਜਿਲ੍ਹਾ ਅਤੇ ਸੈਸ਼ਨ ਜੱਜ—ਕਮ—ਮਾਣਯੋਗ, ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜਿਲਕਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਹਵਾਲਾਤੀਆਂ ਜਿਹਨਾਂ ਨੂੰ ਜਮਾਨਤ ਮਿਲ ਚੁੱਕੀ ਹੈ ਪਰ ਰਿਹਾਅ ਨਹੀਂ ਹੋਏ, ਅਨੁਕੂਲ ਅਪਰਾਧ ਅਤੇ ਹਵਾਲਾਤੀਆਂ ਜਿਹਨਾਂ ਨੂੰ ਲਾਭ ਮਿਲ ਸਕਦੇ ਹਨ ਆਦਿ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ।

ਅੰਤ ਵਿੱਚ ਇਹ ਜਾਣਕਾਰੀ ਵੀ ਦਿੱਤੀ ਗਈ ਕਿ ਅਗਲੀ ਨੈਸ਼ਨਲ ਲੋਕ ਅਦਾਲਤ ਦਿਨਾਂਕ 09.05.2026 ਨੂੰ ਜ਼ਿਲ੍ਹਾ ਫਾਜ਼ਿਲਕਾ ਵਿੱਚ ਆਯੋਜਿਤ ਕੀਤੀ ਜਾਵੇਗੀ, ਜਿਸ ਵਿੱਚ ਵੱਖ-ਵੱਖ ਕਿਸਮ ਦੇ ਮਾਮਲਿਆਂ ਨੂੰ ਆਪਸੀ ਸਹਿਮਤੀ ਨਾਲ ਨਿਪਟਾਇਆ ਜਾਵੇਗਾ। ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਲੋਕ ਅਦਾਲਤ ਦਾ ਲਾਭ ਉਠਾ ਕੇ ਆਪਣੇ ਲੰਬਿਤ ਮਾਮਲਿਆਂ ਦਾ ਤੇਜ਼, ਸੁਲਭ ਅਤੇ ਖਰਚਾ ਰਹਿਤ ਨਿਪਟਾਰਾ ਕਰਵਾਉਣ। ਇਸ ਦੇ ਨਾਲ ਹੀ ਜੇ ਕੋਈ ਵੀ ਵਿਅਕਤੀ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨਾ ਚਾਹੁੰਦਾ ਹੈ, ਤਾਂ ਉਹ ਟੋਲ-ਫ੍ਰੀ ਨੰਬਰ 15100 ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੇ ਦਫ਼ਤਰੀ ਨੰਬਰ 01638-261500 ’ਤੇ ਸੰਪਰਕ ਕਰ ਸਕਦਾ ਹੈ।

# ਉੱਦਮੀ ਜਾਗਰੂਕਤਾ ਅਤੇ ਵਿਸ਼ੇਸ਼ ਵਿਕਰੇਤਾ ਵਿਕਾਸ ਪ੍ਰੋਗਰਾਮ

**ਫਾਜ਼ਿਲਕਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਐਸਸੀ ਐਸਟੀ ਹੱਬ ਲੁਧਿਆਣਾ, ਦਲਿਤ ਇੰਡੀਅਨ ਚੈਂਬਰ ਆਫ ਕਮਰਸ ਐਂਡ ਇੰਡਸਟਰੀ ਦੇ ਸਹਿਯੋਗ ਨਾਲ 17 ਅਪ੍ਰੈਲ, 2026 ਨੂੰ ਹੋਟਲ ਹੋਮ ਸਟੇਡਜ਼, ਅਬੋਹਰ ਰੋਡ, ਫਾਜ਼ਿਲਕਾ ਵਿਖੇ ਇੱਕ ਉੱਦਮੀ ਜਾਗਰੂਕਤਾ ਅਤੇ ਵਿਸ਼ੇਸ਼ ਵਿਕਰੇਤਾ ਵਿਕਾਸ ਪ੍ਰੋਗਰਾਮ ਦਾ ਆਯੋਜਨ ਕਰਨ ਜਾ ਰਿਹਾ ਹੈ। ਇਹ ਪ੍ਰੋਗਰਾਮ ਸਵੇਰੇ 9:30 ਵਜੇ ਸ਼ੁਰੂ ਹੋਵੇਗਾ ਤਾਂ ਜੋ ਐਸਸੀ ਐਸਟੀ ਭਾਈਚਾਰੇ ਦੇ ਪਛੜੇ ਮੈਂਬਰਾਂ ਨੂੰ ਸਿੱਖਿਅਤ ਕੀਤਾ ਜਾ ਸਕੇ।

ਬਹੁਤ ਸਾਰੇ ਸਰਵਜਨਿਕ ਖੇਤਰ ਦੇ ਅਦਾਰੇ ਜਿਵੇਂ ਕਿ ਐਫ.ਸੀ.ਆਈ., ਐਨ.ਐਫ.ਐਲ, ਜੈੱਮ, ਜਿਲ੍ਹਾ ਉਦਯੋਗ ਕੇਂਦਰ, ਲੀਡ ਬੈਂਕ, ਸਰਕਾਰੀ ਸਿਖਲਾਈ ਸੰਸਥਾਵਾਂ, ਰਾਜ ਵਿਭਾਗ ਆਦਿ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਰਹੇ ਹਨ।

ਸਾਰੇ ਦਿਲਚਸਪੀ ਰੱਖਣ ਵਾਲੇ ਐਸ.ਸੀ./ਐਸ.ਟੀ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਪ੍ਰੋਗਰਾਮ ਵਿਚ ਸ਼ਾਮਲ ਹੋਣ ਅਤੇ ਆਪਣੀ ਮੌਜੂਦਗੀ ਨਾਲ ਇਸ ਨੂੰ ਸਫਲ ਬਣਾਉਣ।

# ਪਿੰਡ ਬੋਦੀਵਾਲਾ ਵਿਖੇ ਮਨਾਈ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਜੈਅੰਤੀ



**ਫਾਜ਼ਿਲਕਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਜੈਅੰਤੀ ਪਿੰਡ ਬੋਦੀਵਾਲਾ ਵਿਖੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਬਤੌਰ ਮੁੱਖ ਮਹਿਮਾਨ ਵਜੋਂ ਮੈਡਮ ਖੁਸ਼ਬੂ ਸਵਨਾ ਨੇ ਸ਼ਿਰਕਤ ਕੀਤੀ।

ਇਸ ਮੌਕੇ ਉਨ੍ਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾਕਟਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਾਹਿਬ ਦਾ ਮਿਸ਼ਨ ਬਰਾਬਰੀ ਦਾ ਸੀ, ਉਨਾ ਦਾ ਮਿਸ਼ਨ ਜੁਲਮ ਦੇ ਖਿਲਾਫ ਲੜਨਾ ਸੀ ਅਤੇ ਸਾਰਿਆਂ ਨੂੰ ਉਨਾਂ ਦੇ ਪਵਿੱਤਰ ਮਿਸ਼ਨ ਨੂੰ ਜੀਵਨ ਵਿੱਚ ਲੈਕੇ ਚਲਣਾ ਚਾਹੀਦਾ ਹੈ। ਉਹਨਾਂ ਦੇ ਲਿਖੇ ਸੰਵਿਧਾਨ ਦੀ ਬਦੌਲਤ ਹੀ ਭਾਰਤ ਅੱਜ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ।

ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸੰਵਿਧਾਨ ਰਾਹੀਂ ਬਾਬਾ ਸਾਹਿਬ ਨੇ ਦੇਸ਼ ਦੇ ਕਰੋੜਾਂ ਦੱਬੇ-ਕੁੱਚਲੇ ਵਰਗਾਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਕਬੀਲਿਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਰੱਖਿਆ ਕੀਤੀ। ਇਸ ਦੌਰਾਨ ਉਨ੍ਹਾਂ ਪਹਿਲੀ ਤੇ ਤੀਸਰੀ ਜਮਾਤ ਦੇ ਬੱਚਿਆਂ ਨੂੰ ਸਨਮਾਨਿਤ ਕੀਤਾ ਅਤੇ ਬੱਚਿਆਂ ਨੂੰ ਬਾਬਾ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਕਿਹਾ ।

# ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰਿਤਪਾਲ ਕੌਰ ਵੱਲੋਂ ਬਲਾਕ ਅਫਸਰਾਂ ਨਾਲ ਮੀਟਿੰਗ, ਸਕੀਮਾਂ ਦਾ ਲਿਆ ਜਾਇਜ਼ਾ



**ਬਠਿੰਡਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਬਠਿੰਡਾ ਡਾ. ਹਰਪ੍ਰਿਤਪਾਲ ਕੌਰ ਵੱਲੋਂ ਅੱਜ ਸਮੂਹ ਬਲਾਕ ਖੇਤੀਬਾੜੀ ਅਫਸਰਾਂ ਅਤੇ ਭੂਮੀ ਰੱਖਿਆ ਅਫਸਰਾਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ । ਇਸ ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਚੱਲ ਰਹੀਆਂ ਸਰਕਾਰੀ ਸਕੀਮਾਂ ਅਤੇ ਖੇਤੀਬਾੜੀ ਸੰਬੰਧੀ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਸਮੀਖਿਆ ਕੀਤੀ ਗਈ ਅਤੇ ਹਰ ਬਲਾਕ ਤੋਂ ਰਿਪੋਰਟ ਲਈ ਗਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਹਰ ਕਿਸਾਨ ਤੱਕ ਪਹੁੰਚਣਾ ਯਕੀਨੀ ਬਣਾਇਆ ਜਾਵੇ।

ਮੀਟਿੰਗ ਦੌਰਾਨ ਡਾ. ਹਰਪ੍ਰਿਤਪਾਲ ਕੌਰ ਨੇ ਪਿਛਲੇ ਦਿਨਾਂ ਵਿੱਚ ਹੋਈ ਗੜੇਮਾਰੀ ਕਾਰਨ ਖਰਾਬ ਹੋਈਆਂ ਫਸਲਾਂ ਬਾਰੇ ਵੀ ਜਾਣਕਾਰੀ ਲਈ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨੁਕਸਾਨ ਦਾ ਸਹੀ ਅੰਦਾਜ਼ਾ ਲਗਾ ਕੇ ਕਿਸਾਨਾਂ ਦੀ ਸੰਭਵ ਮਦਦ ਕੀਤੀ ਜਾਵੇ। ਉਨ੍ਹਾਂ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਕਿਸਾਨਾਂ ਨੂੰ ਮੁਸ਼ਕਲ ਵੇਲੇ ਤੁਰੰਤ ਮਦਦ ਮਿਲਣੀ ਚਾਹੀਦੀ ਹੈ।

ਉਨ੍ਹਾਂ ਸਮੂਹ ਬਲਾਕ ਅਫਸਰਾਂ ਨੂੰ ਆਦੇਸ਼ ਦਿੱਤੇ ਕਿ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਕਿਸਾਨ ਸਿਖਲਾਈ ਕੈਂਪ ਲਗਾਏ ਜਾਣ ਅਤੇ ਖੇਤਾਂ ਵਿੱਚ ਜਾ ਕੇ ਕਿਸਾਨਾਂ ਨਾਲ ਸਿੱਧਾ ਸੰਪਰਕ ਬਣਾਇਆ ਜਾਵੇ। ਉਨ੍ਹਾਂ ਨੇ ਸਟਾਫ ਨੂੰ ਵੀ ਹਦਾਇਤ ਕੀਤੀ ਕਿ ਵੱਧ ਤੋਂ ਵੱਧ ਕਿਸਾਨਾਂ ਨਾਲ ਮਿਲ ਕੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਮੌਕੇ ‘ਤੇ ਹੀ ਸੁਣਿਆ ਜਾਵੇ ਅਤੇ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇ।

ਡਾ. ਹਰਪ੍ਰਿਤਪਾਲ ਕੌਰ ਨੇ ਭੂਮੀ ਰੱਖਿਆ ਅਫਸਰਾਂ ਨੂੰ ਮਿੱਟੀ ਅਤੇ ਪਾਣੀ ਦੇ ਵੱਧ ਤੋਂ ਵੱਧ ਸੈਂਪਲ ਇਕੱਠੇ ਕਰਨ ਅਤੇ ਸਮੇਂ ਸਿਰ ਰਿਪੋਰਟਾਂ ਕਿਸਾਨਾਂ ਤੱਕ ਪਹੁੰਚਾਉਣ ਲਈ ਕਿਹਾ। ਉਨ੍ਹਾਂ ਨੇ ਦੱਸਿਆ ਕਿ ਮਿੱਟੀ ਦੀ ਸਹੀ ਜਾਂਚ ਨਾਲ ਕਿਸਾਨ ਖਾਦਾਂ ਦੀ ਸੰਤੁਲਿਤ ਅਤੇ ਲੋੜ ਅਨੁਸਾਰ ਵਰਤੋਂ ਕਰ ਸਕਦੇ ਹਨ, ਜਿਸ ਨਾਲ ਫਸਲ ਦੀ ਉਪਜ ਵਿੱਚ ਵਾਧਾ ਹੋ ਸਕਦਾ ਹੈ।

ਇਸ ਦੇ ਨਾਲ ਹੀ ਉਨ੍ਹਾਂ ਨੇ ਪੀ.ਐਮ.ਐਸ.ਕੇ.ਵਾਈ. ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਵੱਧ ਤੋਂ ਵੱਧ ਕਿਸਾਨਾਂ ਦੀ ਫਾਰਮਰ ਰਜਿਸਟ੍ਰੇਸ਼ਨ ਕਰਵਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਹ ਰਜਿਸਟ੍ਰੇਸ਼ਨ ਸੀ.ਐੱਸ.ਸੀ. ‘ਤੇ ਕਰਵਾਈ ਜਾਂਦੀ ਹੈ ਅਤੇ ਇਸ ਨਾਲ ਕਿਸਾਨਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਵਿੱਚ ਸੁਵਿਧਾ ਮਿਲਦੀ ਹੈ।

# ਮਾਵਾਂ-ਧੀਆਂ ਸਤਿਕਾਰ ਯੋਜਨਾ ਲਈ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਹੋਈ ਸੁਰੂਆਤ : ਹਰਜੋਤ ਬੈਂਸ



**ਸ੍ਰੀ ਆਨੰਦਪੁਰ ਸਾਹਿਬ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਅੱਜ ਤੋਂ ਮਾਵਾਂ ਧੀਆਂ ਸਤਿਕਾਰ ਯੋਜਨਾਂ ਦੀ ਰਜਿਸਟ੍ਰੇਸ਼ਨ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਸੁਰੂ ਕਰ ਦਿੱਤੀ ਹੈ। ਅੱਜ ਸੂਬੇ ਦੇ 9 ਹਲਕਿਆਂ ਤੋ ਹੋਈ ਰਜਿਸਟ੍ਰੇਸ਼ਨ ਦੀ ਸੁਰੂਆਤ ਨਾਲ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਨੇ ਸੂਬੇ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਦਿਸ਼ਾਂ ਵਿੱਚ ਵੱਡੇ ਕਦਮ ਪੁੱਟ ਲਏ ਹਨ, ਹੁਣ ਪੰਜਾਬ ਦੇ ਲੋਕਾਂ ਨਾਲ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੌਰਾਨ ਕੀਤਾ ਕੋਈ ਵੀ ਵਾਅਦਾ ਬਕਾਇਆ ਨਹੀ ਹੈ। ਸਗੋਂ ਵਾਅਦਿਆਂ ਤੋ ਵੱਧ ਕੇ ਕੰਮ ਕਰਕੇ ਸਰਕਾਰ ਲੋਕਾਂ ਦੇ ਦਿਲ ਜਿੱਤਣ ਵਿਚ ਸਫਲ ਹੋਈ ਹੈ।

ਇਹ ਪ੍ਰਗਟਾਵਾ ਸ.ਹਰਜੋਤ ਸਘ ਨੇ ਅੱਜ ਮਾਵਾਂ ਧੀਆਂ ਸਤਿਕਾਰ ਯੋਜਨਾਂ ਦੀ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਪਾਇਲਟ ਪ੍ਰੋਜੈਕਟ ਵੱਜੋਂ ਹੋਈ ਸੁਰੂਆਤ ਦੀ ਜਾਣਕਾਰੀ ਦੇਣ ਮੌਕੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੂੰ ਪਹਿਲਾ ਹੀ ਇਸ ਬਾਰੇ ਸਿਖਲਾਈ ਦਿੱਤੀ ਜਾ ਚੁੱਕੀ ਹੈ। ਅੱਜ ਸ੍ਰੀ ਅਨੰਦਪੁਰ ਸਾਹਿਬ ਦੇ ਸਾਰੇ ਬੂਥਾਂ ਤੇ ਬਲਾਕਾਂ, ਆਂਗਨਵਾੜੀ ਕੇਂਦਰਾਂ ਵਿੱਚ ਸਿਖਲਾਈ ਪ੍ਰਾਪਤ ਟੀਮਾਂ ਪਹੁੰਚ ਗਈਆਂ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਚੰਡੀਗੜ੍ਹ ਤੋ ਵਿਸੇਸ਼ ਸਿਖਲਾਈ ਪ੍ਰਾਪਤ ਟੀਮ ਵੀ ਇਨ੍ਹਾਂ ਥਾਵਾਂ ਤੇ ਪਹੁੰਚ ਕੇ ਸਿਖਲਾਈ ਟੀਮਾਂ ਨੂੰ ਸਹਿਯੋਗ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਵੀ ਇਸ ਯੋਜਨਾ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਹ ਘਰ-ਘਰ ਜਾ ਕੇ ਯੋਗ ਪਰਿਵਾਰਾਂ ਨੂੰ ਯੋਜਨਾ ਬਾਰੇ ਜਾਣਕਾਰੀ ਦੇ ਰਹੇ ਹਨ ਅਤੇ ਰਜਿਸਟ੍ਰੇਸ਼ਨ ਕਰਵਾਉਣ ਲਈ ਪ੍ਰੇਰਿਤ ਕਰ ਰਹੇ ਹਨ। ਇਸ ਨਾਲ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਯੋਗ ਮਹਿਲਾ ਇਸ ਯੋਜਨਾ ਦੇ ਲਾਭ ਤੋਂ ਵਾਂਝੀ ਨਾ ਰਹੇ।ਅਗੰਮਪੁਰ ਵਿਖੇ ਰਜਿਸਟ੍ਰੇਸ਼ਨ ਦੌਰਾਨ ਹਾਜ਼ਰ ਮਹਿਲਾਵਾਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਹਿਣੀ ਅਤੇ ਕਰਨੀ ਵਿੱਚ ਪੂਰੀ ਤਰ੍ਹਾਂ ਸੱਚੀ ਸਾਬਤ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਵਚਨਬੱਧਤਾ ਅਤੇ ਲੋਕ ਭਲਾਈ ਪ੍ਰਤੀ ਸੰਜੀਦਗੀ ਨਾਲ ਉਨ੍ਹਾਂ ਦਾ ਭਰੋਸਾ ਹੋਰ ਮਜ਼ਬੂਤ ਹੋਇਆ ਹੈ।

ਉਨ੍ਹਾਂ ਇਹ ਵੀ ਆਸ ਜਤਾਈ ਕਿ ਮਾਵਾਂ-ਧੀਆਂ ਸਤਿਕਾਰ ਯੋਜਨਾ ਨਾਲ ਮਹਿਲਾਵਾਂ ਨੂੰ ਆਰਥਿਕ ਸਹਾਇਤਾ ਦੇ ਨਾਲ-ਨਾਲ ਸਮਾਜ ਵਿੱਚ ਸਨਮਾਨ ਅਤੇ ਸੁਰੱਖਿਆ ਦੀ ਭਾਵਨਾ ਵੀ ਮਜ਼ਬੂਤ ਹੋਵੇਗੀ। ਇਹ ਯੋਜਨਾ ਮਹਿਲਾਵਾਂ ਨੂੰ ਖੁਦਮੁਖਤਿਆਰ ਬਣਾਉਣ ਅਤੇ ਉਨ੍ਹਾਂ ਦੀ ਜੀਵਨ-ਸ਼ੈਲੀ ਵਿੱਚ ਸੁਧਾਰ ਲਿਆਉਣ ਵਿੱਚ ਮਦਦਗਾਰ ਸਾਬਤ ਹੋਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀਆਂ ਹੋਰ ਲੋਕ-ਭਲਾਈ ਯੋਜਨਾਵਾਂ ਲਿਆਉਣ ਲਈ ਵਚਨਬੱਧ ਹੈ, ਤਾਂ ਜੋ ਹਰ ਵਰਗ ਦੇ ਲੋਕਾਂ ਦੀਆਂ ਆਸਾਂ ‘ਤੇ ਖਰਾ ਉਤਰਿਆ ਜਾ ਸਕੇ ਅਤੇ ਪੰਜਾਬ ਨੂੰ ਤਰੱਕੀ ਦੀਆਂ ਨਵੀਆਂ ਉਚਾਈਆਂ ‘ਤੇ ਲਿਜਾਇਆ ਜਾ ਸਕੇ।

# ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਅਤੇ ਮੈਡਮ ਖੁਸ਼ਬੂ ਸਵਨਾ ਨੇ ਡਾ: ਭੀਮ ਰਾਓ ਅੰਬੇਦਕਰ ਦੀ ਮੂਰਤੀ ਦਾ ਕੀਤਾ ਉਦਘਾਟਨ



**ਫਾਜ਼ਿਲਕਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ: ਭੀਮ ਰਾਓ ਅੰਬੇਦਕਰ ਦੇ ਜਨਮ ਦਿਵਸ ਮੌਕੇ ਗੋਲ ਚੌਕ ਵਿਖੇ ਸਥਾਪਿਤ ਕੀਤੀ ਗਈ ਮੂਰਤੀ ਦੇ ਉਦਘਾਟਨ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਅਤੇ ਮੈਡਮ ਖੁਸ਼ਬੂ ਸਵਨਾ ਨੇ ਕਿਹਾ ਕਿ ਪੂਰੇ ਭਾਰਤ ਨੂੰ ਇਸ ਮਹਾਨ ਸ਼ਖਸੀਅਤ @ਤੇ ਮਾਣ ਹੈ ਅਤੇ ਸਾਨੂੰ ਸਭ ਨੂੰ ਡਾ. ਭੀਮ ਰਾਓ ਅੰਬੇਦਕਰ ਦੇ ਨਕਸ਼ੇ ਕਦਮ @ਤੇ ਚੱਲਣ ਦੀ ਲੋੜ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਡਾ: ਭੀਮ ਰਾਓ ਅੰਬੇਦਕਰ ਦੇ ਬੁੱਤ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਡਾ: ਭੀਮ ਰਾਓ ਅੰਬੇਦਕਰ ਦੇ ਜਨਮ ਦਿਵਸ ਦੀਆਂ ਵਧਾਈਆਂ ਦਿਤੀਆਂ ।

ਉਨ੍ਹਾਂ ਨੇ ਕਿਹਾ ਕਿ ਡਾ: ਭੀਮ ਰਾਓ ਅੰਬੇਦਕਰ ਦੇ ਪਾਏ ਹੋਏ ਪੂਰਨਿਆਂ @ਤੇ ਹੀ ਦੇਸ਼ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਡਾ. ਅੰਬੇਦਕਾਰ ਨੇ ਆਪਣਾ ਪੂਰਾ ਜੀਵਨ ਸਮਾਜਿਕ ਸਦਭਾਵਨਾ ਅਤੇ ਸਭ ਨੂੰ ਬਰਾਬਰਤਾ ਦੇ ਹੱਕ ਦਿਵਾਉਣ ਲਈ ਸਪਰਪਿਤ ਕੀਤਾ। ਉਨ੍ਹਾਂ ਕਿਹਾ ਕਿ ਡਾ. ਅੰਬੇਦਕਰ ਵੱਲੋਂ ਬਣਾਏ ਸੰਵਿਧਾਨ ਸਦਕਾ ਹੀ ਅੱਜ ਸਾਰਾ ਦੇਸ਼ ਵਿਕਾਸ ਦੀ ਲੀਹਾਂ ਵੱਲ ਚੱਲ ਰਿਹਾ ਹੈ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਮਾਜ ਦੇ ਕਮਜ਼ੋਰ ਵਰਗ ਨੂੰ ਉਪਰ ਚੁੱਕਣ ਤੇ ਆਤਮ ਨਿਰਭਰ ਬਣਾਉਣ ਲਈ ਡਾ. ਅੰਬੇਦਕਰ ਵੱਲੋਂ ਅਹਿਮ ਪਹਿਲਕਦਮੀਆਂ ਕੀਤੀਆਂ ਗਈਆਂ ਤੇ ਸਭ ਤੋਂ ਵੱਡਾ ਸੰਵਿਧਾਨ ਲਿਖ ਕੇ ਦੇਸ਼ ਵਾਸੀਆਂ ਨੂੰ ਭਾਰਤੀ ਹੋਣ ਦਾ ਮਾਣ ਮਹਿਸੂਸ ਕਰਵਾਇਆ । ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਦੇ ਲਿਖੇ ਸੰਵਿਧਾਨ ਵਿਚ ਦਰਜ ਕਦਰਾਂ ਕੀਮਤਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਨੇ ਸਾਰੇ ਭੇਦਭਾਵ ਖਤਮ ਕਰਕੇ ਸਭ ਨੂੰ ਬਰਾਬਰੀ ਦੇ ਮੌਕੇ ਦੇਣ ਵਾਲਾ ਸੰਵਿਧਾਨ ਘੜਿਆ ਅਤੇ ਸਾਨੂੰ ਉਨ੍ਹਾਂ ਤੋਂ ਪ੍ਰੇਰਣਾ ਲੈ ਕੇ ਦੇਸ਼ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਸਮਾਜ ਵਿਚ ਸਿੱਖਿਆ ਦੇ ਪਸਾਰ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ।

# ਮਹਿਲਾ ਰਾਖਵਾਂਕਰਨ ਬਿੱਲ ਸੂਬਿਆਂ ਦੇ ਹੱਕਾਂ ’ਤੇ ਡਾਕਾ: ਧਰਮਵੀਰ ਗਾਂਧੀ



**ਪਟਿਆਲਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕੇਂਦਰ ਸਰਕਾਰ ਵੱਲੋਂ ਪਿਛਲੇ ਸਾਰੇ ਵਾਅਦੇ ਤੋੜ ਕੇ ਮਹਿਲਾ ਰਾਖਵਾਂਕਰਨ ਬਿੱਲ ਨੂੰ ਸੰਸਦ ਵਿੱਚੋਂ ਅਣਚਾਹੀ ਕਾਹਲ ਨਾਲ ਪਾਸ ਕਰਾਉਣ ਨੂੰ ਛੋਟੇ ਅਤੇ ਕਮਜ਼ੋਰ ਸੂਬਿਆਂ ਵਿਰੁੱਧ ਸਾਜ਼ਿਸ਼ ਕਰਾਰ ਦਿੱਤਾ।

ਡਾ. ਗਾਂਧੀ ਨੇ ਸਵਾਲ ਉਠਾਇਆ ਕਿ ਜਿਸ ਬਿੱਲ ਨੂੰ ਸੰਸਦ ਨੇ ਵਿਰੋਧੀ ਧਿਰ ਦੇ ਸਹਿਯੋਗ ਕਰ ਕੇ ਸਰਬਸੰਮਤੀ ਨਾਲ ਪਾਸ ਕੀਤਾ ਸੀ ਅਤੇ ਸਾਲ 2026 ਦੀ ਜਨਗਣਨਾ ਦੇ ਨਤੀਜਿਆਂ ਅਤੇ ਚੋਣ ਹਲਕਿਆਂ ਦੀ ਹੱਦਬੰਦੀ ਤੋਂ ਬਾਅਦ ਕੀਤਾ ਜਾਣਾ ਸੀ, ਉਸ ਨੂੰ ਕਾਹਲੀ ਨਾਲ ਲੋਕ ਸਭਾ ਵਿੱਚ ਲਿਆ ਕੇ ਲੋਕ ਮਨਾਂ ਨਾਲ ਖੇਡਣ ਦੀ ਲੋੜ ਕਿਉਂ ਪਈ। ਦਰਅਸਲ, ਚੋਣ ਹਲਕਿਆਂ ਦੀ ਹੱਦਬੰਦੀ ਅਜਿਹਾ ਵਿਵਾਦਤ ਵਿਸ਼ਾ ਹੈ ਜਿਸ ’ਤੇ ਭਾਰਤ ਦੇ ਸੰਘੀ ਢਾਂਚੇ, ਸੂਬਿਆਂ ਦੀ ਸਿਆਸੀ ਨੁਮਾਇੰਦਗੀ ਅਤੇ ਆਵਾਜ਼ ਦਾ ਤਵਾਜ਼ਨ ਟਿਕੇਗਾ। ਡਾ. ਗਾਂਧੀ ਨੇ ਸੱਦਾ ਦਿੱਤਾ ਕਿ ਭਾਰਤ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਭਾਜਪਾ ਦੇ ਇਸ ਏਜੰਡੇ ਦੇ ਵਿਰੋਧ ਵਿੱਚ ਖੜ੍ਹੇ ਹੋ ਕੇ ਇਕਮੱਤ ਨਾਲ ਲੜਨਾ ਹੋਵੇਗਾ। ਡਾ. ਗਾਂਧੀ ਨੇ ਦੋਸ਼ ਲਾਇਆ ਕਿ ਪੰਜਾਬ ਪਹਿਲਾਂ ਹੀ ਅਧੂਰੇ ਪੁਨਰਗਠਨ ਦਾ ਸੰਤਾਪ ਹੰਢਾਅ ਰਿਹਾ ਹੈ। ਸੂਬਿਆਂ ਦੀਆਂ ਸਰਕਾਰਾਂ ਪਹਿਲਾਂ ਹੀ ਕੇਂਦਰੀ ਵਿਤਕਰਿਆਂ, ਬਜਟ ਘਾਟਿਆਂ ਦਾ ਸਾਹਮਣਾ ਕਰ ਰਹੀਆਂ ਹਨ।

# ਪਟਿਆਲਾ ਵਿੱਚ ਸਫਾਈ ਪ੍ਰਬੰਧ ਮਜ਼ਬੂਤ ਕਰਨ ਲਈ ਸਖ਼ਤ ਹਦਾਇਤਾਂ ਜਾਰੀ

## ਡਸਟਬਿਨ ਨਾ ਰੱਖਣ ਅਤੇ ਡੰਪਿੰਗ ਪੁਆਇੰਟਾਂ ਤੋਂ ਬਾਹਰ ਕੂੜਾ ਸੁੱਟਣ ਵਾਲੇ ਦਾ ਹੋਵੇਗਾ ਮੋਟਾ ਚਲਾਨ



**ਪਟਿਆਲਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਸਫਾਈ ਪ੍ਰਬੰਧ ਨੂੰ ਹੋਰ ਸੁਧਾਰਨ ਅਤੇ ਕੂੜਾ ਕਰਕਟ ਦੇ ਸਹੀ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਅੱਜ ਮੇਅਰ ਕੁੰਦਨ ਗੋਗੀਆ ਦੀ ਅਗਵਾਈ ਹੇਠ ਸੈਨੇਟਰੀ ਇੰਸਪੈਕਟਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਸ਼ਹਿਰ ਵਿੱਚ ਵਧ ਰਹੀ ਗੰਦਗੀ ਨੂੰ ਲੈ ਕੇ ਗੰਭੀਰ ਚਰਚਾ ਹੋਈ ਅਤੇ ਤੁਰੰਤ ਪ੍ਰਭਾਵ ਨਾਲ ਕਈ ਮਹੱਤਵਪੂਰਨ ਫੈਸਲੇ ਕੀਤੇ ਗਏ।

ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਸ਼ਹਿਰ ਦੀ ਸਫਾਈ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਸੈਨੇਟਰੀ ਇੰਸਪੈਕਟਰਾਂ ਨੂੰ ਹਦਾਇਤ ਦਿੱਤੀ ਗਈ ਕਿ ਉਹ ਆਪਣੇ-ਆਪਣੇ ਇਲਾਕਿਆਂ ਵਿੱਚ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਕਿਸੇ ਵੀ ਉਲੰਘਣਾ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਨ। ਮੇਅਰ ਨੇ ਖਾਸ ਤੌਰ ’ਤੇ ਸੜਕਾਂ ਦੇ ਕਿਨਾਰੇ ਰੇਹੜੀ ਲਗਾਉਣ ਵਾਲਿਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਨਿਗਮ ਟੀਮ ਵਲੋਂ ਉਨ੍ਹਾਂ ਕੋਲ ਡਸਟਬਿਨ ਨਹੀਂ ਪਾਏ ਗਏ ਤਾ ਉਨ੍ਹਾਂ ਦਾ ਮੋਟਾ ਜੁਰਮਾਨਾ ਕੀਤਾ ਜਾਵੇਗਾ ਅਤੇ ਨਾ ਮੰਨਣ ਦੀ ਸੂਰਤ ਵਿਚ ਉਨ੍ਹਾਂ ਤੇ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ, ਦੁਕਾਨਦਾਰ ਜਾਂ ਕੂੜਾ ਚੁੱਕਣ ਵਾਲੇ ਰੇਹੜੀ ਵਾਲਿਆਂ ਵੱਲੋਂ ਸੜਕਾਂ ਜਾਂ ਜਨਤਕ ਸਥਾਨਾਂ ’ਤੇ ਕੂੜਾ ਸੁੱਟਿਆ ਗਿਆ ਤਾਂ ਉਨ੍ਹਾਂ ਦੇ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਇਸ ਵਿੱਚ ਬਣਦਾ ਜੁਰਮਾਨਾ ਵੀ ਲਗਾਇਆ ਜਾਵੇਗਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਿਗਮ ਦੀਆਂ ਟੀਮਾਂ ਵੱਲੋਂ ਰੋਜ਼ਾਨਾ ਨਿਗਰਾਨੀ ਕੀਤੀ ਜਾਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ।

ਮੇਅਰ ਨੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸਫਾਈ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਸ਼ਹਿਰ ਨੂੰ ਸੁੱਚਾ ਤੇ ਸੁੰਦਰ ਬਣਾਉਣ ਵਿੱਚ ਸਹਿਯੋਗ ਦੇਣ। ਉਨ੍ਹਾਂ ਨੇ ਕਿਹਾ ਕਿ ਸਫਾਈ ਸਿਰਫ ਨਿਗਮ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਨਾਗਰਿਕ ਦਾ ਫਰਜ ਹੈ।

ਇਸ ਮੌਕੇ ਮੌਜੂਦ ਅਧਿਕਾਰੀਆਂ ਨੇ ਭਰੋਸਾ ਦਿਵਾਇਆ ਕਿ ਸ਼ਹਿਰ ਵਿੱਚ ਸਫਾਈ ਪ੍ਰਬੰਧ ਨੂੰ ਹੋਰ ਬਿਹਤਰ ਬਣਾਉਣ ਲਈ ਸਖ਼ਤ ਕਦਮ ਚੁੱਕੇ ਜਾਣਗੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ’ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ।

# ਸ਼ਹਿਰੀ ਪ੍ਰਧਾਨ ਨਿਯੁਕਤ ਹੋਣ ਤੇ ਵਿੰਦਾ ਗਰੋਵਰ ਦਾ ਵੱਖ-ਵੱਖ ਥਾਵਾਂ ਤੇ ਭਰਵਾਂ ਸਵਾਗਤ, ਸਮਰਥਕਾ ਵਿੱਚ ਖ਼ੁਸ਼ੀ ਦੀ ਲਹਿਰ

**ਪਟਿਆਲਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ ) ਦੇ ਜਿਲਾ ਪਟਿਆਲਾ ਸ਼ਹਿਰੀ ਦੇ ਨਵ ਨਿਯੁਕਤ ਪ੍ਰਧਾਨ ਜਥੇਦਾਰ ਰਵਿੰਦਰ ਸਿੰਘ ਵਿੰਦਾ ਗਰੋਵਰ ਦੇ ਪ੍ਰਧਾਨ ਬਣਨ ਤੇ ਉਹਨਾ ਦੇ ਵੱਡੀ ਗਿਣਤੀ ਸਮਰਥਕਾ ਤੋ ਇਲਾਵਾ ਸ਼ਹਿਰ ਭਰ ਤੋਂ ਹਰ ਵਰਗ ਦੇ ਲੋਕਾ ਵਿੱਚ ਵੀ ਖ਼ੁਸ਼ੀ ਪਾਈ ਜਾ ਰਹੀ ਹੈ । ਅੱਜ ਲਗਭਗ ਦਰਜਨ ਭਰ ਥਾਵਾਂ ਤੇ ਉਹਨਾਂ ਦਾ ਭਰਪੂਰ ਸਵਾਗਤ ਤੇ ਸਨਮਾਨ ਕੀਤਾ ਗਿਆ।



ਇਸੇ ਕੜੀ ਤਹਿਤ ਬਹੇੜਾ ਰੋਡ ਪਟਿਆਲਾ ਵਿਖੇ ਸ੍ ਹਰਦਿਆਲ ਸਿੰਘ ਦੀ ਅਗਵਾਈ ਹੇਠ ਜਥੇਦਾਰ ਰਵਿੰਦਰ ਸਿੰਘ ਵਿੰਦਾ ਗਰੋਵਰ ਦਾ ਲੱਡੂ ਵੰਡ ਕੇ ਨਾਲ ਨਾਲ ਹਾਰ, ਸਿਰਪਾਉ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆ ਜਥੇਦਾਰ ਵਿੰਦਾ ਨੇ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਅਕਾਲੀ ਦਲ (ਪੁਨਰ ਸੁਰਜੀਤ) ਦਾ ਜਥੇਬੰਧਕ ਢਾਂਚਾ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ ਅਤੇ ਬੂਥ ਪੱਧਰ ਤੱਕ ਕਮੇਟੀਆ ਬਣਾ ਕੇ ਲੋਕਾ ਤੱਕ ਪਹੁੰਚ ਕੀਤੀ ਜਾਵੇਗੀ । ਉਹਨਾਂ ਕਿਹਾ ਕਿ ਆਉਂਦੇ ਦਿਨੀ ਸੀਨੀਅਰ ਲੀਡਰਸ਼ਿਪ ਨਾਲ ਸਲਾਹ ਮਸ਼ਵਰਾ ਕਰਕੇ ਸ਼ਹਿਰੀ ਜੱਥੇਬੰਦੀ ਦਾ ਵਿਸਥਾਰ ਕੀਤਾ ਜਾਵੇਗਾ,ਜਿਸ ਵਿੱਚ ਕਈ ਟਕਸਾਲੀ ਅਤੇ ਨਵੇਂ ਚਹਿਰੇ ਸ਼ਾਮਲ ਕੀਤੇ ਜਾਣਗੇ। ਉਹਨਾਂ ਕਿਹਾ ਕਿ ਉਹ ਸ਼ਹਿਰ ਦੇ ਕਈ ਪੰਥਕ ਵਾਰਡਾਂ ਤੇ ਮਹੁੱਲਿਆ ਤੱਕ ਵੀ ਪਹੁੰਚ ਕਰਨਗੇ, ਜੋ ਕਿਸੇ ਸਮੇਂ ਅਕਾਲੀ ਰਾਜਨੀਤੀ ਦਾ ਗੜ ਮੰਨੇ ਜਾਂਦੇ ਸਨ ਤੇ ਉਹਨਾ ਇਲਾਕੀਆ ਵਿੱਚ ਮੁੜ ਅਕਾਲੀ ਕੇਡਰ ਸੁਰਜੀਤ ਕਰਾਂਗੇ। ਜਥੇਦਾਰ ਵਿੰਦਾ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਬੁਰੀ ਤਰਾ ਫੇਲ ਹੋ ਚੁੱਕੀ ਹੈ,ਇਹਨਾਂ ਤੋਂ ਹੁਣ ਅੱਗੇ ਵੀ ਪੰਜਾਬ ਦੇ ਭਲੇ ਦੀ ਕੋਈ ਉਮੀਦ ਨਹੀਂ ਬਚੀ ਹੈ । ਉਹਨਾ ਕਿਹਾ ਕਿ ਪੰਜਾਬ ਦੇ ਲੋਕ ਰਿਵਾਇਤੀ ਸਿਆਸੀ ਪਾਰਟੀਆਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ ਤੇ ਪੰਜਾਬ ਅਤੇ ਪੰਥ ਦੀ ਭਲਾਈ ਤੇ ਤਰੱਕੀ ਲਈ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੂੰ ਹੀ ਇਕੋ ਇਕ ਬਦਲ ਮੰਨ ਰਹੇ ਹਨ।

# ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਹੋਈ ਮਾਸਿਕ ਮੀਟਿੰਗ; ਪੈਨਸ਼ਨ ਸਮੇਂ ਸਿਰ ਪਾਉਣ ਅਤੇ ਬਕਾਇਆਂ ਦੀ ਕੀਤੀ ਮੰਗ

**ਪਟਿਆਲਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਾਸਿਕ ਮੀਟਿੰਗ ਕੇਂਦਰੀ ਬਾਡੀ ਦੇ ਵਾਇਸ ਚੇਅਰਮੈਨ ਬਚਿੱਤਰ ਸਿੰਘ ਅਤੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਅਗਵਾਈ ਹੇਠ ਹੋਈ।, ਜਿਸ ਵਿੱਚ ਵੱਖ—ਵੱਖ ਡਿਪੂਆਂ ਤੋਂ ਭਾਰੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ। ਵੱਖ—ਵੱਖ ਡਿਪੂਆਂ ਦੇ ਬੁਲਾਰਿਆਂ ਨੇ ਮਾਸਿਕ ਪੈਨਸ਼ਨ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ—ਪਹਿਲਾਂ, 2016 ਦੇ ਪੇ ਗਰੇਡ ਦੇ ਬਕਾਇਆਂ ਦੀ ਅਦਾਇਗੀ, ਮੈਡੀਕਲ ਬਿੱਲਾਂ ਦੀ ਅਦਾਇਗੀ ਅਤੇ ਨਵੇਂ ਰਿਟਾਇਰੀਆਂ ਦੇ ਬਕਾਏ ਦੇਣ ਦੀ ਮੰਗ ਕੀਤੀ।



ਰੈਲੀ ਰੂਪੀ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਕਿਹਾ ਕਿ ਮਾਸਿਕ ਪੈਨਸ਼ਨ ਲੈਣ ਲਈ ਸਾਨੂੰ ਵਾਰ—ਵਾਰ ਮੈਨੇਜਮੈਂਟ ਦਾ ਦਰਵਾਜਾ ਖੜਕਾਉਣਾ ਪੈਂਦਾ ਹੈ ਜੋ ਕਿ ਇਹ ਉਸ ਦੀ ਜਿੰਮੇਵਾਰੀ ਹੈ, ਉਨ੍ਹਾਂ ਨੇ ਕਿਹਾ ਕਿ ਮੈਡੀਕਲ ਬਿੱਲਾਂ ਦੀ ਅਦਾਇਗੀ ਨੂੰ ਇੱਕ ਸਾਲ ਲੰਘ ਗਿਆ ਹੈ ਜੋ ਕਿ ਹਰ ਮਹੀਨੇ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਪੇ ਗਰੇਡਾਂ ਦੇ ਬਕਾਏ ਜੋ 2016 ਤੋਂ ਲੰਬਿਤ ਪਏ ਹਨ ਨਹੀਂ ਦਿੱਤੇ, 85—90 ਸਾਲ ਦੇ ਪੈਨਸ਼ਨਰ, ਮੀਆਂ ਬੀਬੀ ਜੋ ਦੋਵੇਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ ਉਨ੍ਹਾਂ ਦੇ ਬਕਾਏ ਕਿਸ ਨੂੰ ਦਿੱਤੇ ਜਾਣਗੇ ? ਨਵੇਂ ਰਿਟਾਇਰੀਆਂ ਦੇ ਬਕਾਇਆਂ ਬਾਰੇ ਮੈਨੇਜਮੈਂਟ ਚੁੱਪ ਹੈ ਅਤੇ ਉਨ੍ਹਾਂ ਦਾ ਗੁਜਾਰਾ ਰੱਬ ਆਸਰੇ ਚੱਲ ਰਿਹਾ ਹੈ।

ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 9 ਅਪ੍ਰੈਲ ਨੂੰ ਮਾਨਯੋਗ ਚੇਅਰਮੈਨ ਸਾਹਿਬ ਨਾਲ ਫੋਨ ਤੇ ਹੋਈ ਗੱਲ ਬਾਤ ਵਿੱਚ ਉਨ੍ਹਾਂ ਭਰੋਸਾ ਦਿਵਾਇਆ ਸੀ ਕਿ ਪੈਨਸ਼ਨ ਹਰ ਹਾਲਤ ਵਿੱਚ ਸਮੇਂ ਸਿਰ ਪਾਉਣ ਅਤੇ ਰਹਿੰਦੇ ਬਕਾਏ ਦੇਣ ਦੀ ਜਿੰਮੇਵਾਰੀ ਮੇਰੀ ਹੈ। ਜਲਦੀ ਹੀ ਦੇ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੈਨੇਜਮੈਂਟ ਦੇ ਵਾਅਦੇ ਤੇ ਭਰੋਸੇ ਅਜੇ ਤੱਕ ਹਵਾ ਵਿੱਚ ਹੀ ਲਟਕ ਰਹੇ ਹਨ ਅਤੇ ਅਸੀਂ ਅਦਾਇਗੀਆਂ ਨੂੰ ਉਡੀਕ ਰਹੇ ਹਾਂ। ਉਨ੍ਹਾਂ ਕਿਹਾ ਕਿ ਠੇਕੇ ਦੇ ਆਧਾਰ ਤੇ ਕੰਮ ਕਰਦੇ ਕਰਮਚਾਰੀਆਂ ਦੀਆਂ ਮੰਗਾਂ ਮੰਨੀਆਂ ਜਾਣ ਉਨ੍ਹਾਂ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਉੱਤੇ ਬਣਾਏ ਕੇਸ ਵਾਪਿਸ ਲਏ ਜਾਣ, ਉਨ੍ਹਾਂ ਨੂੰ ਰਿਹਾ ਕੀਤਾ ਜਾਵੇ। ਉਨ੍ਹਾਂ ਪੀ.ਆਰ.ਟੀ.ਸੀ. ਵਿੱਚ ਕਿਲੋਮੀਟਰ ਸਕੀਮ ਦੀਆਂ ਬੱਸਾਂ ਪਾਉਣ ਦੀ ਵਿਰੋਧਤਾ ਕਰਦਿਆਂ ਅਦਾਰੇ ਵਿੱਚ ਪੀ.ਆਰ.ਟੀ.ਸੀ. ਆਪਣੀਆਂ ਬੱਸਾਂ ਪਾਉਣ ਦੀ ਮੰਗ ਕੀਤੀ।

ਵਾਇਸ ਚੇਅਰਮੈਨ ਬਚਿੱਤਰ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਕਿਹਾ ਕਿ ਪੈਨਸ਼ਨ ਲਾਗੂ ਕਰਵਾਉਣ ਲਈ ਬਹੁਤ ਮਿਹਨਤ ਕਰਨੀ ਪਈ ਹੈ। ਇਸ ਨੂੰ ਬਰਕਰਾਰ ਰੱਖਣ ਲਈ ਏਕੇ ਦੀ ਬਹੁਤ ਜਰੂਰਤ ਹੈ। ਉਨ੍ਹਾਂ ਕਿਹਾ ਕਿ ਆਪਣੇ ਬਕਾਏ ਲੈਣ ਲਈ ਅਸੀਂ ਆਪ ਲੜਾਈ ਲੜਾਂਗੇ, ਸਾਨੂੰ ਕਿਸੇ ਦੂਜੇ ਦੇ ਸਹਾਰੇ ਦੀ ਲੋੜ ਨਹੀਂ ਹੈ। ਉਨ੍ਹਾਂ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਾਡੀਆਂ ਉਪਰੋਕਤ ਮੰਗਾਂ ‘ਤੇ ਤੁਰੰਤ ਅਮਲ ਕੀਤਾ ਜਾਵੇ ਤਾਂ ਕਿ ਸਾਨੂੰ ਕਿਸੇ ਤਰ੍ਹਾਂ ਦੇ ਸਖਤ ਕਦਮ ਚੁੱਕਣ ਲਈ ਮਜਬੂਰ ਨਾ ਹੋਣਾ ਪਵੇ।

ਉਪਰੋਕਤ ਤੋਂ ਇਲਾਵਾ ਰੈਲੀ ਰੂਪੀ ਇਸ ਮੀਟਿੰਗ ਨੂੰ ਸਰਵ ਸ੍ਰੀ ਬਚਨ ਸਿੰਘ ਅਰੋੜਾ ਜਨਰਲ ਸਕੱਤਰ ਕੇਂਦਰੀ ਬਾਡੀ, ਹਰਭਜਨ ਸਿੰਘ ਚੰਡੀਗੜ੍ਹ ਡਿਪੂ, ਸੁਖਜੀਤ ਸਿੰਘ ਬਠਿੰਡਾ, ਮਦਨ ਮੋਹਨ ਸ਼ਰਮਾ ਬਰਨਾਲਾ, ਹਾਕਮ ਸਿੰਘ ਬੁੱਢਲਾਡਾ, ਬਲਵੰਤ ਸਿੰਘ ਜੋਗਾ ਸੰਗਰੂਰ, ਜੋਗਿੰਦਰ ਸਿੰਘ ਪਟਿਆਲਾ, ਜਲੌਰ ਸਿੰਘ ਫਰੀਦਕੋਟ ਨੇ ਵੀ ਸੰਬੋਧਨ ਕੀਤਾ। ਇਸ ਮੀਟਿੰਗ ਨੂੰ ਸਫਲ ਬਣਾਉਣ ਲਈ ਸਰਵ ਸ੍ਰੀ ਬਖਸ਼ੀਸ਼ ਸਿੰਘ ਦਫਤਰ ਸਕੱਤਰ, ਸੰਤੋਸ਼ ਕ੍ਰਿਸ਼ਨ ਚਪੜ, ਪਰਮਜੀਤ ਸਿੰਘ ਇੰਸਪੈਕਟਰ, ਗੁਰਦੀਪ ਸਿੰਘ, ਬਲਵੀਰ ਸਿੰਘ ਬੁੱਟਰ, ਸੂਰਜ ਭਾਨ ਜਨਰਲ ਸਕੱਤਰ ਪਟਿਆਲਾ ਡਿਪੂ, ਸ਼ਿਆਮ ਸੁੰਦਰ, ਰਮੇਸ਼ਵਰ ਦਾਸ, ਮਹਿੰਦਰ ਸਿੰਘ ਸੋਹੀ, ਅਮੋਲਕ ਸਿੰਘ, ਬਲਵੰਤ ਸਿੰਘ ਕੈਸ਼ੀਅਰ, ਨਿਰਪਾਲ ਸਿੰਘ ਅਤੇ ਬੀਰ ਸਿੰਘ ਨੇ ਭਰਪੂਰ ਯੋਗਦਾਨ ਪਾਇਆ। ਸਟੇਜ਼ ਦੀ ਜਿੰਮੇਵਾਰੀ ਬਚਨ ਸਿੰਘ ਅਰੋੜਾ ਨੇ ਬਾਖੂਬੀ ਨਿਭਾਈ।

# ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਨੇ ਮੈਗਾ ਮੈਡੀਕਲ ਅੱਖਾ ਦਾ ਚੈਕ ਅੱਪ ਕੈਂਪ ਲਗਾਇਆ



**ਪਟਿਆਲਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਵਿੱਚ ਡਾ ਅੰਬੇਦਕਰ ਪਾਰਕ ਵਿੱਚ ਇੱਕ ਮੈਗਾ ਮੈਡੀਕਲ ਅੱਖਾ ਦਾ ਚੈਕ ਅੱਪ ਕੈਂਪ ਡਾ.ਭੀਮ ਰਾਏ ਅੰਬੇਦਕਰ ਬਾਬਾ ਸਾਹਿਬ ਦੇ ਜਨਮ ਦਿਵਸ ਤੇ ਡਾ ਰਜੇਸ ਚੋਪੜਾ ਅੱਖਾ ਦੇ ਮਹਿਰ ਸੇਵਾ ਮੁਕਤ ਰਜਿੰਦਰਾ ਹਸਪਤਾਲ ਪਟਿਆਲਾ ਨੇਤਰ ਪ੍ਰਕਾਸ ਆਈ ਸੈਂਟਰ ਦੁਆਰਾ ਅੱਖਾ ਦੇ ਮਰੀਜ 250 ਚੈਕ ਕੀਤੇ ਤੇ ਦਵਾਈਆ ਮੁਫਤ ਵਿੱਚ ਵੰਡੀਆਂ।ਇਹ ਕੈਂਪ ਵਾਲਮੀਕ ਵੈਲਫੇਅਰ ਸੁਸਾਇਟੀ,ਡਾ ਅੰਬੇਦਕਰ ਵੈਲਫੇਅਰ ਸੁਸਾਇਟੀ ਵੱਲੋ ਅਯੋਜਿਤ ਕੀਤਾ ਗਿਆ ਸੀ ਇਸ ਵਿੱਚ ਪਟਿਆਲਾ ਸਹਿਰੀ ਦੇ ਐਮ ਐਲੇ ਏ ਸ੍, ਅਜੀਤਪਾਲ ਸਿੰਘ ਕੋਹਲੀ ਨੇ ਸਪੈਸਲ ਤੋਰ ਤੇ ਸਿਰਕਤ ਕੀਤੀ।ਤੇ ਉਪਕਾਰ ਸਿੰਘ ਬਾਰੇ ਕਿਹਾ ਕੋਈ ਵੀ ਸਮਾਜ ਸੇਵਾ ਦਾ ਕੰਮ ਹੋਵੇ ਤਹਾਡੀ ਹਾਜਰੀ ਜਰੂਰੀ ਹੈ ਮੈ ਪ੍ਰਾਮਾਤਮਾ ਅਗੇ ਅਲਦਾਸ ਕਰਦਾ ਹਾ ਕੀ ਤੁਸੀ ਇਸੀ ਤਰਾਂ ਸਮਾਜ ਲ ਈ ਕੰਮ ਕਰਦੇ ਲਹੋ।

ਇਸ ਕੈਂਪ ਵਿੱਚ ਅਲੱਗ ਅਲੱਗ ਧਾਰਮਿਕ,ਰਾਜਨਿਤਕ ਪਾਰਟੀਆ ਨੇ ਡਾ ਭੀਮ ਰਾਏ ਅੰਬੇਦਕਰ ਬਾਬਾ ਸਾਹਿਬ ਜੀ ਨੂੰ ਫੁਲਾ ਦੀ ਮਾਲਾ ਪਾਕੇ ਸ਼ਰਧਾਜਲੀ ਦਿੱਤੀ ਕੈਂਪ ਵਿੱਚ ਸਾਬਕਾ ਵਿਦੇਸ ਮੰਤਰੀ ਮਹਾਰਾਣੀ ਪ੍ਰਨੀਤ ਕੋਰ,ਸਾਬਕਾ ਮੇਅਰ ਵਿਸਨੂੰ ਸਰਮਾ,ਸੰਜੀਵ ਬਿੱਟੂ,ਅਮਰਿੰਦਰ ਸਿੰਘ ਬਜਾਜ, ਬਿਟੂ ਚੱਡਾ ਦਵਿੰਦਰ ਸਿੰਘ ਲਾਲੀ,ਕੂਕਾ ਜੀ,ਤੇਜਿੰਦਰ ਮਹਿਤਾ ਚੇਅਰਮੈਨ ਜਿਲਾ ਪਲਾਇਨੰਗ ਬੋਰਡ,ਚੇਅਰਮੈਨ ਬਲਜਿੰਦਰ ਸਿੰਘ ਢਿਲੋ ਪੰਜਾਬ ਐਗਰੋ ਫੂਡ ਕਾਰਪੋਰੇਸਨ ਲਿਮਟਿਡ ,ਗਿਆਨ ਚੰਦ ਐਮ ਸੀ ਮਨਜੀਤ ਕੋਰ ਐਮ ਸੀ ਸਾਬਕਾ ਐਸ ਐਸ ਪੀ ਪਵਨ ਕੁਮਾਰ,ਨਰੇਜ ਕੁਮਾਰ ਦੁੱਗਲ,ਗੁਰਿੰਦਰ ਜਿੰਘ ਢਿਲੋ ਸਾਬਕਾ ਏ ਡੀ ਜੀ ਪੀ,ਸਰੇਸ ਗੋਗੀਆ,ਉਪਕਾਰ ਸਿੰਘ ਵੱਲੋ ਹਰ ਸਾਲ ਸੰਵਿਧਾਨ ਦਿਵਸ ਤੇ 5 ਕਿਲੋਮੀਟਰ ਦੀ ਦੋੜ ਵੀ ਕਰਵਾਈ ਜਾਂਦੀ ਹੈ।ਮੇਅਰ ਕੁੰਦਨ ਗੋਗੀਆ,ਰਜੇਸ਼ ਪੰਜੋਲਾ ਨੇ ਵੀ ਇਸ ਕੈਂਪ ਵਿੱਚ ਸਿਰਕਤ ਕੀਤੀ। ਮੈਗਾ ਮੁਫਤ ਮੈਡੀਕਲ ਅੱਖਾ ਦਾ ਚੈਕ ਅੱਪ ਕੈਂਪ,250, ਵਿਅਕਤੀਆ ਨੇ ਲਾਭ ਉਠਾਇਆਂ ਨਾਲ ਖੂਨਦਾਨ ਕੈਂਪ ਵੀ ਲਾਇਆ ਹੋਇਆ ਸੀ ਨੋਜਵਾਨਾ ਵਿੱਚ ਭਾਰੀ ਉਤਸਾਹ ਸੀ।

# ਕਣਕ ਦੀ ਖ਼ਰੀਦ ਸ਼ੁਰੂ ਨਾ ਹੋਣ ਵਿਰੁੱਧ ਧਰਨਾ

**ਸੰਗਰੂਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਅਗਵਾਈ ਹੇਠ ਕਿਸਾਨਾਂ ਨੇ ਅਨਾਜ ਮੰਡੀਆਂ ਵਿੱਚ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਨਾ ਹੋਣ ਦੇ ਰੋਸ ਵਜੋਂ ਜ਼ਿਲ੍ਹਾ ਖ਼ੁਰਾਕ ਸਪਲਾਈ ਕੰਟਰੋਲਰ ਦੇ ਦਫ਼ਤਰ (ਡੀ ਸੀ ਕੰਪਲੈਕਸ) ਅੱਗੇ ਆਵਾਜਾਈ ਠੱਪ ਕਰ ਕੇ ਧਰਨਾ ਦਿੱਤਾ। ਇਸ ਮੌਕੇ ਕਿਸਾਨਾਂ ਨੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਰਣ ਸਿੰਘ ਚੱਠਾ ਨੇ ਕਿਹਾ ਕਿ ਸਰਕਾਰ ਨੇ ਪਹਿਲੀ ਅਪਰੈਲ ਤੋਂ ਖ਼ਰੀਦ ਸ਼ੁਰੂ ਕਰਨ ਅਤੇ ਦਾਣਾ-ਦਾਣਾ ਚੁੱਕਣ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ, ਪਰ 15 ਅਪਰੈਲ ਬੀਤ ਜਾਣ ਦੇ ਬਾਵਜੂਦ ਮੰਡੀਆਂ ਵਿੱਚ ਖ਼ਰੀਦ ਪ੍ਰਕਿਰਿਆ ਸੁਚੱਜੇ ਢੰਗ ਨਾਲ ਸ਼ੁਰੂ ਨਹੀਂ ਹੋ ਸਕੀ।

ਕਿਸਾਨ ਆਗੂ ਨੇ ਦੱਸਿਆ ਕਿ ਪਿਛਲੇ ਦਸ ਦਿਨਾਂ ਤੋਂ ਪੰਜਾਬ ਦੀਆਂ ਪੇਂਡੂ ਅਤੇ ਸ਼ਹਿਰੀ ਮੰਡੀਆਂ ਫ਼ਸਲ ਨਾਲ ਨੱਕੋ-ਨੱਕ ਭਰੀਆਂ ਪਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਕਥਿਤ ਲਾਪ੍ਰਵਾਹੀ ਅਤੇ ਨਿਕੰਮੇ ਪ੍ਰਬੰਧਾਂ ਕਾਰਨ ਮੰਡੀ ਵਿੱਚ ਬੈਠੇ ਮੌੜ ਮੰਡੀ ਦੇ ਇੱਕ ਕਿਸਾਨ ਦੀ ਮੌਤ ਵੀ ਹੋ ਚੁੱਕੀ ਹੈ। ਯੂਨੀਅਨ ਨੇ ਮੰਗ ਕੀਤੀ ਕਿ ਮੰਡੀਆਂ ਵਿੱਚ ਤੁਰੰਤ ਸਰਕਾਰੀ ਖ਼ਰੀਦ ਚਾਲੂ ਕੀਤੀ ਜਾਵੇ ਅਤੇ ਕਿਸਾਨਾਂ ਦੀ ਖ਼ੱਜਲ-ਖ਼ੁਆਰੀ ਬੰਦ ਹੋਵੇ।

ਇਸ ਦੇ ਨਾਲ ਹੀ ਕਿਸਾਨਾਂ ਨੇ ਕੇਂਦਰ ਸਰਕਾਰ ਉੱਤੇ ਪੰਜਾਬ ਨਾਲ ਮਤਰਈ ਮਾਂ ਵਾਲਾ ਸਲੂਕ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਜਿਵੇਂ ਰਾਜਸਥਾਨ ਵਿੱਚ ਫ਼ਸਲਾਂ ਦੇ ਨੁਕਸਾਨ ਮਗਰੋਂ ਖ਼ਰੀਦ ਮਾਪਦੰਡਾਂ ਵਿੱਚ ਢਿੱਲ ਦਿੱਤੀ ਗਈ ਹੈ, ਉਸੇ ਤਰ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਵੀ ਰਿਆਇਤ ਦਿੱਤੀ ਜਾਵੇ।



ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜੇ ਖ਼ਰੀਦ ਤੁਰੰਤ ਸ਼ੁਰੂ ਨਾ ਹੋਈ ਤਾਂ ਨੈਸ਼ਨਲ ਹਾਈਵੇਅ-7 ’ਤੇ ਆਵਾਜਾਈ ਮੁਕੰਮਲ ਠੱਪ ਕੀਤੀ ਜਾਵੇਗੀ। ਕਿਸਾਨਾਂ ਦੇ ਵਧਦੇ ਰੋਸ ਨੂੰ ਦੇਖਦਿਆਂ ਜ਼ਿਲ੍ਹਾ ਖ਼ੁਰਾਕ ਸਪਲਾਈ ਕੰਟਰੋਲਰ ਗੁਰਪ੍ਰੀਤ ਸਿੰਘ ਕੰਗ ਮੌਕੇ ’ਤੇ ਪੁੱਜੇ। ਉਨ੍ਹਾਂ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਦੀਆਂ ਬਹੁਤੀਆਂ ਮੰਡੀਆਂ ਵਿੱਚ ਖ਼ਰੀਦ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਸਮੇਂ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਕੇਵਲ ਸਿੰਘ ਜਵੰਦਾ, ਜਤਿੰਦਰ ਸਿੰਘ ਜਲੂਰ ਅਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

ਕਣਕ ਦੀ ਖ਼ਰੀਦ ਦੇ ਮਾੜੇ ਪ੍ਰਬੰਧਾਂ ਅਤੇ ਮੰਡੀਆਂ ਵਿੱਚ ਫ਼ਸਲ ਦੀ ਹੋ ਰਹੀ ਖ਼ੁਆਰੀ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਜ਼ਿਲ੍ਹਾ ਪੱਧਰੀ ਵਫ਼ਦ ਨੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨਾਲ ਮੁਲਾਕਾਤ ਕੀਤੀ। ਕਿਸਾਨ ਆਗੂਆਂ ਨੇ ਪ੍ਰਸ਼ਾਸਨ ਨੂੰ ਮੰਗ ਪੱਤਰ ਸੌਂਪਦਿਆਂ ਖ਼ਰੀਦ ਪ੍ਰਕਿਰਿਆ ਫੌਰੀ ਤੇ ਸੁਚਾਰੂ ਢੰਗ ਨਾਲ ਲਾਗੂ ਕਰਨ ਦੀ ਮੰਗ ਕੀਤੀ। ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਲੌਂਗੋਵਾਲ ਅਤੇ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫ਼ਸਲ ਪਿਛਲੇ ਪੰਦਰਾਂ ਦਿਨਾਂ ਤੋਂ ਮੰਡੀਆਂ ਵਿੱਚ ਰੁਲ਼ ਰਹੀ ਹੈ।

ਆਗੂਆਂ ਨੇ ਮੁੱਖ ਮੰਤਰੀ ’ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਵੱਡੇ-ਵੱਡੇ ਦਾਅਵੇ ਕਰਨ ਵਾਲੀ ਸਰਕਾਰ ਹੁਣ ਕਿਸਾਨਾਂ ਦੀ ਸਾਰ ਨਹੀਂ ਲੈ ਰਹੀ। ਮੰਡੀਆਂ ਨੱਕੋ-ਨੱਕ ਭਰਨ ਕਾਰਨ ਕਿਸਾਨ ਆਪਣੀ ਜਿਣਸ ਸੜਕਾਂ ਅਤੇ ਕੱਚੇ ਰੇਤੇ ’ਤੇ ਲਾਹੁਣ ਲਈ ਮਜਬੂਰ ਹਨ। ਫ਼ਸਲ ਦੀ ਚੁਕਾਈ ਨਾ ਹੋਣ ਦੇ ਡਰੋਂ ਕਿਸਾਨਾਂ ਨੇ ਕਣਕ ਖੇਤਾਂ ਵਿੱਚ ਹੀ ਖੜ੍ਹਾਈ ਹੋਈ ਹੈ, ਜਿਸ ਕਾਰਨ ਅੱਗ ਲੱਗਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀ ਆਪਸੀ ਸਿਆਸਤ ਵਿੱਚ ਅੰਨਦਾਤਾ ਪਿਸ ਰਿਹਾ ਹੈ।

# ਸ਼ਾਮਲਾਤ ਜ਼ਮੀਨ ਲਈ ਭੁੱਖ ਹੜਤਾਲ ਮੁੜ ਸ਼ੁਰੂ



**ਧੂਰੀ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬੇਨੜਾ ਵਿੱਚ ਸ਼ਾਮਲਾਤ ਜ਼ਮੀਨ ਦੇ ਹੱਕਾਂ ਨੂੰ ਲੈ ਕੇ ਸਤਿਗੁਰ ਰਵਿਦਾਸ ਅਤੇ ਸ਼ਹੀਦ ਬਾਬਾ ਜੀਵਨ ਸਿੰਘ ਗੁਰਸੰਗਤ ਵੱਲੋਂ ਲਾਇਆ ਮੋਰਚਾ ਮੁੜ ਭਖ ਗਿਆ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਵੱਲੋਂ ਦਿੱਤੇ ਭਰੋਸੇ ਦੇ ਬਾਵਜੂਦ ਮੰਗਾਂ ਪੂਰੀਆਂ ਨਾ ਹੋਣ ਕਾਰਨ ਜਥੇਬੰਦੀ ਨੇ ਮੁੜ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਰਾਜਵੰਤ ਸਿੰਘ ਘੁੱਲੀ (ਚੇਅਰਮੈਨ ਮਾਰਕੀਟ ਕਮੇਟੀ ਧੂਰੀ), ਰਣਜੋਧ ਸਿੰਘ (ਚੇਅਰਮੈਨ ਬਲਾਕ ਸਮਿਤੀ ਧੂਰੀ), ਹਰਜਿੰਦਰ ਸਿੰਘ ਕਾਂਝਲਾ (ਜ਼ਿਲ੍ਹਾ ਪਰਿਸ਼ਦ ਮੈਂਬਰ), ਕੁਲਵਿੰਦਰ ਸਿੰਘ ਬੇਨੜਾ (ਬਲਾਕ ਸਮਿਤੀ ਮੈਂਬਰ) ਅਤੇ ਬਲਾਕ ਪ੍ਰਧਾਨ ਗੁਰਚਰਨ ਸਿੰਘ ਕਾਲਾ ਨੇ ਮੌਕੇ ’ਤੇ ਪਹੁੰਚ ਕੇ ਭੁੱਖ ਹੜਤਾਲ ਖ਼ਤਮ ਕਰਵਾਈ ਸੀ।

ਉਸ ਸਮੇਂ ਆਗੂਆਂ ਨੇ ਜਥੇਬੰਦੀ ਦੀਆਂ ਮੰਗਾਂ ਨੂੰ ਮਿੱਥੇ ਸਮੇਂ ਅੰਦਰ ਮੰਨਣ ਦਾ ਭਰੋਸਾ ਦਿੱਤਾ ਸੀ। ਇਸੇ ਸਬੰਧ ਵਿੱਚ ਅੱਜ ਪਿੰਡ ਬੇਨੜਾ ਵਿੱਚ ਹੋਈ ਮੀਟਿੰਗ ਦੌਰਾਨ ਬਹਾਲ ਸਿੰਘ ਬੇਨੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਸ਼ਾਸਨ ਨੇ ਮਿੱਥੇ ਸਮੇਂ ਤੋਂ ਬਾਅਦ ਵੀ ਆਪਣਾ ਵਾਅਦਾ ਪੂਰਾ ਨਹੀਂ ਕੀਤਾ।

ਉਨ੍ਹਾਂ ਦੋਸ਼ ਲਾਇਆ ਕਿ ਸ਼ਾਮਲਾਤ ਜ਼ਮੀਨ ਦੀ ਮਿਣਤੀ ਅਤੇ ਹੋਰ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਕਾਰਨ ਮਜ਼ਬੂਰਨ ਸੰਘਰਸ਼ ਦਾ ਰਾਹ ਚੁਣਨਾ ਪਿਆ ਹੈ।

ਜਥੇਬੰਦੀ ਦੀ ਮੰਗ ਹੈ ਕਿ ਸ਼ਾਮਲਾਤ ਜ਼ਮੀਨ ਦੀ ਤੁਰੰਤ ਮਿਣਤੀ ਕਰਵਾ ਕੇ ਪੰਚਾਇਤ ਵੱਲੋਂ ਲੋੜੀਂਦੇ ਮਤੇ ਪਾਸ ਕੀਤੇ ਜਾਣ।

ਉਨ੍ਹਾਂ ਮੰਗਾਂ ਦਾ ਵੇਰਵਾ ਸਾਂਝਾ ਕਰਦਿਆਂ ਦੱਸਿਆ ਕਿ 2 ਵਿੱਘੇ ਜ਼ਮੀਨ ਵਿੱਚ ਪਾਰਕ, 4 ਵਿੱਘੇ ਵਿੱਚ ਕਮਿਊਨਿਟੀ ਹਾਲ ਅਤੇ 4 ਵਿੱਘੇ ਜ਼ਮੀਨ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਲਈ ਅਲਾਟ ਕੀਤੀ ਜਾਵੇ। ਇਸ ਦੇ ਨਾਲ ਹੀ 3 ਵਿੱਘੇ ਥਾਂ ਦਲਿਤ ਮਜ਼ਦੂਰ ਪਰਿਵਾਰਾਂ ਲਈ ਰਾਖਵੀਂ ਰੱਖਣ ਦੀ ਮੰਗ ਵੀ ਕੀਤੀ ਗਈ ਹੈ।

## ਟਰੇਡਰਜ਼ ਕਮਿਸ਼ਨ ਦੀ ਬੈਠਕ ਮੌਕੇ ਡਿਪਟੀ ਕਮਿਸ਼ਨਰ ਨੇ ਕੀਤਾ ਸ਼ਿਕਾਇਤਾਂ ਦਾ ਨਿਪਟਾਰਾ

# ਪ੍ਰਸ਼ਾਸਨ ਵੱਲੋਂ ਵਪਾਰੀਆਂ ਦੀ ਹਰ ਸਮੱਸਿਆ ਦਾ ਸਮਾਂਬੱਧ ਢੰਗ ਨਾਲ ਕੀਤਾ ਜਾਵੇਗਾ ਨਿਪਟਾਰਾ : ਡਿਪਟੀ ਕਮਿਸ਼ਨਰ



**ਬਠਿੰਡਾ,19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਠਿੰਡਾ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸ਼੍ਰੀ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਹੋਈ ਉਚ ਪੱਧਰੀ ਬੈਠਕ ਮੌਕੇ ਸ਼ਿਕਾਇਤਾਂ ਦਾ ਮੌਕੇ ’ਤੇ ਹੀ ਹੱਲ ਕੀਤਾ ਗਿਆ।

ਇਸ ਬੈਠਕ ਮੌਕੇ ਪੰਜਾਬ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰ, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਵਪਾਰੀ ਭਾਈਚਾਰੇ ਦੇ ਨੁਮਾਇੰਦੇ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਨਾਲ ਤਾਲਮੇਲ ਕਰਕੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸਮਾਂਬੱਧ ਢੰਗ ਨਾਲ ਨਿਪਟਾਰਾ ਕੀਤਾ ਜਾ ਰਿਹਾ ਹੈ, ਤਾਂ ਜੋ ਵਪਾਰਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ।

ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

# ਹੁਸ਼ਿਆਰਪੁਰ ’ਚ ਪਿੱਕਅੱਪ ਗੱਡੀ ਪਲਟੀ, 11 ਸ਼ਰਧਾਲੂ ਜ਼ਖ਼ਮੀ

**ਹੁਸ਼ਿਆਰਪੁਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਇਲਾਕੇ ਵਿੱਚ ਇੱਕ ਪਿੱਕਅੱਪ ਗੱਡੀ ਦੇ ਬੇਕਾਬੂ ਹੋ ਕੇ ਪਲਟ ਜਾਣ ਕਾਰਨ 11 ਲੋਕ ਜ਼ਖ਼ਮੀ ਹੋ ਗਏ ਹਨ। ਇਹ ਹਾਦਸਾ ਬੀਤੀ ਦੇਰ ਰਾਤ ਉਸ ਸਮੇਂ ਵਾਪਰਿਆ ਜਦੋਂ ਸ਼ਰਧਾਲੂ ਖੁਰਾਲਗੜ੍ਹ ਸਾਹਿਬ ਤੋਂ ਮੱਥਾ ਟੇਕ ਕੇ ਗੜ੍ਹਸ਼ੰਕਰ ਵੱਲ ਪਰਤ ਰਹੇ ਸਨ।ਪੁਲੀਸ ਤੋਂ ਮਿਲੀ ਜਾਣਕਾਰੀ ਅਨੁਸਾਰ ਪਿੱਕਅੱਪ ਗੱਡੀ ਵਿੱਚ ਕਰੀਬ 20 ਸਵਾਰੀਆਂ ਸਨ। ਜਦੋਂ ਗੱਡੀ ਇੱਕ ਉਤਰਾਈ ਵਾਲੀ ਢਲਾਨ ਤੋਂ ਗੁਜ਼ਰ ਰਹੀ ਸੀ, ਤਾਂ ਚਾਲਕ ਨੇ ਵਾਹਨ ’ਤੇ ਆਪਣਾ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਗੱਡੀ ਸੜਕ ਵਿਚਾਲੇ ਹੀ ਪਲਟ ਗਈ।

ਹਾਦਸੇ ਤੋਂ ਤੁਰੰਤ ਬਾਅਦ ਰਾਹਗੀਰਾਂ ਨੇ ਮੌਕੇ ’ਤੇ ਪਹੁੰਚ ਕੇ ਬਚਾਅ ਕਾਰਜ ਸ਼ੁਰੂ ਕੀਤੇ ਅਤੇ ਜ਼ਖ਼ਮੀਆਂ ਨੂੰ ਗੜ੍ਹਸ਼ੰਕਰ ਦੇ ਸਿਵਲ ਹਸਪਤਾਲ ਪਹੁੰਚਾਇਆ।

ਹਸਪਤਾਲ ਦੇ ਸੂਤਰਾਂ ਅਨੁਸਾਰ, 6 ਤੋਂ 7 ਵਿਅਕਤੀਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ, ਜਦੋਂਕਿ ਬਾਕੀ ਜ਼ਖ਼ਮੀ ਅਜੇ ਵੀ ਇਲਾਜ ਅਧੀਨ ਹਨ। ਹਾਲਾਂਕਿ, ਦੋ ਮਹਿਲਾਵਾਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਬਿਹਤਰ ਇਲਾਜ ਲਈ ਪੀ.ਜੀ.ਆਈ. ਚੰਡੀਗੜ੍ਹ ਰੈਫ਼ਰ ਕੀਤਾ ਗਿਆ ਹੈ।

ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ‘ਯੁੱਧ ਨਸ਼ਿਆਂ ਵਿਰੁੱਧ’ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਈਕਲੋਥਾਨ 18 ਨੂੰ



**ਜਲੰਧਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਮੁਕਤ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਲਈ ਪੰਜਾਬ ਸਰਕਾਰ ਦੀ ‘ਯੁੱਧ ਨਸ਼ਿਆਂ ਵਿਰੁੱਧ’ ਪਹਿਲਕਦਮੀ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਵਿੱਚ ਅਤੇ ਏ.ਪੀ.ਜੇ. ਸਕੂਲ ਦੇ ਸਹਿਯੋਗ ਨਾਲ 18 ਅਪ੍ਰੈਲ 2026 ਨੂੰ ‘ਸਾਈਕਲੋਥਾਨ 4.0’ ਕਰਵਾਈ ਜਾ ਰਹੀ ਹੈ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ. ਵੱਲੋਂ ਸਾਈਕਲੋਥਾਨ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ. ਜਲੰਧਰ-1 ਨਵਦੀਪ ਸਿੰਘ ਵੀ ਮੌਜੂਦ ਸਨ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਿਸ਼ੇਸ਼ ਪਹਿਲ ਦਾ ਉਦੇਸ਼ ਸਮਾਜ ਦੇ ਹਰ ਵਰਗ ਦੇ ਸਹਿਯੋਗ ਨਾਲ ਨਸ਼ਿਆਂ ਖਿਲਾਫ਼ ਜਨ ਜਾਗਰੂਕਤਾ ਲਹਿਰ ਪੈਦਾ ਕਰਨਾ ਅਤੇ ਖਾਸ ਕਰ ਨੌਜਵਾਨਾਂ ਨੂੰ ਤੰਦਰੁਸਤ, ਅਨੁਸ਼ਾਸਿਤ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ।

ਸਾਈਕਲੋਥਾਨ ਦੀ ਸ਼ੁਰੂਆਤ ਏ.ਪੀ.ਜੇ. ਸਕੂਲ, ਮਾਡਲ ਟਾਊਨ (ਗੀਤਾ ਮੰਦਰ ਦੇ ਨੇੜੇ), ਜਲੰਧਰ ਤੋਂ ਸਵੇਰੇ 5:30 ਹੋਵੇਗੀ। ਸਾਈਕਲੋਥਾਨ ਤਿੰਨ ਸ਼੍ਰੇਣੀਆਂ 5 ਕਿਮੀ, 10 ਕਿਮੀ ਅਤੇ 21 ਕਿਮੀ ਵਿੱਚ ਕਰਵਾਈ ਜਾਵੇਗੀ ਤਾਂ ਜੋ ਹਰ ਉਮਰ ਅਤੇ ਸਮਰੱਥਾ ਵਾਲੇ ਲੋਕ ਇਸ ਵਿੱਚ ਭਾਗ ਲੈ ਸਕਣ। ਸਮਾਗਮ ਵਿੱਚ 2000 ਤੋਂ ਵੱਧ ਸਾਈਕਲ ਸਵਾਰਾਂ ਦੀ ਭਾਗੀਦਾਰੀ ਦੀ ਉਮੀਦ ਹੈ, ਜਿਨ੍ਹਾਂ ਵਿੱਚ ਸਕੂਲੀ ਵਿਦਿਆਰਥੀ, ਨੌਜਵਾਨ, ਪੇਸ਼ੇਵਰ
ਸਾਈਕਲ ਸਵਾਰ, ਫਿਟਨੈੱਸ ਪ੍ਰੇਮੀ ਅਤੇ ਸੀਨੀਅਰ ਨਾਗਰਿਕ ਸ਼ਾਮਲ ਹੋਣਗੇ।

ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਵੱਲੋਂ ਨਾਗਰਿਕਾਂ ਨੂੰ ਸਾਈਕਲੋਥਾਨ ਵਿੱਚ ਭਾਗ ਲੈਣ ਅਤੇ ਸਿਹਤਮੰਦ, ਜਾਗਰੂਕ ਅਤੇ ਨਸ਼ਾ-ਮੁਕਤ ਸਮਾਜ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਪ੍ਰਿੰ. ਡਾ. ਰਾਜੇਸ਼ ਚੰਦੇਲ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ।

# ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪਿੰਡ ਬੰਗਾ ਵਿਖੇ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ 42 ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਦੇ ਕਾਰਡ ਵੰਡੇ

**ਮੂਨਕ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਆਪਣੇ ਰਹਾਇਸ਼ੀ ਮਕਾਨਾਂ ਦੇ ਕਾਨੂੰਨੀ ਮਾਲਕਾਨਾ ਹੱਕ ਪ੍ਰਦਾਨ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਲੋਕ-ਭਲਾਈ ਯੋਜਨਾ ਮੇਰਾ ਘਰ ਮੇਰੇ ਨਾਮ ਤਹਿਤ ਅੱਜ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਵਿਧਾਨ ਸਭਾ ਹਲਕਾ ਲਹਿਰਾ ਦੇ ਪਿੰਡ ਬੰਗਾ ਵਿਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ 42 ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਦੇ ਕਾਰਡ ਤਕਸੀਮ ਕੀਤੇ ਗਏ।

ਇਸ ਮੌਕੇ ਪਿੰਡ ਵਾਸੀਆਂ ਵਿੱਚ ਖ਼ੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ, ਕਿਉਂਕਿ ਇਹ ਸਕੀਮ ਉਨ੍ਹਾਂ ਨੂੰ ਆਪਣੇ ਘਰਾਂ ’ਤੇ ਕਾਨੂੰਨੀ ਹੱਕ ਪ੍ਰਦਾਨ ਕਰਦੀ ਹੈ, ਜੋ ਲੰਮੇ ਸਮੇਂ ਤੋਂ ਉਨ੍ਹਾਂ ਦੀ ਲੋੜ ਸੀ।

ਇਸ ਮੌਕੇ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ ਅਤੇ ਸਰਕਾਰ ਵੱਲੋਂ ਲੋਕ-ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤਕ ਲਾਗੂ ਕੀਤਾ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਮੇਰਾ ਘਰ ਮੇਰੇ ਨਾਮ ਸਕੀਮ ਰਾਹੀਂ ਪਿੰਡਾਂ ਵਿੱਚ ਰਹਿੰਦੇ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਮਾਲਕਾਨਾ ਹੱਕ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਸਥਿਰਤਾ ਅਤੇ ਸੁਰੱਖਿਆ ਦਾ ਅਹਿਸਾਸ ਪੈਦਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਹੋਰ ਦੱਸਿਆ ਕਿ ਇਸ ਯੋਜਨਾ ਨਾਲ ਲਾਭਪਾਤਰੀਆਂ ਨੂੰ ਕਾਨੂੰਨੀ ਦਸਤਾਵੇਜ਼ ਪ੍ਰਾਪਤ ਹੋਣ ਸਦਕਾ ਨਾ ਸਿਰਫ਼ ਉਨ੍ਹਾਂ ਦੇ ਮਕਾਨਾਂ ਦੀ ਪਹਿਚਾਣ ਮਜ਼ਬੂਤ ਹੋਵੇਗੀ, ਸਗੋਂ ਭਵਿੱਖ ਵਿੱਚ ਬੈਂਕਾਂ ਤੋਂ ਕਰਜ਼ਾ ਲੈਣ ਅਤੇ ਹੋਰ ਸਰਕਾਰੀ ਸਹੂਲਤਾਂ ਹਾਸਲ ਕਰਨ ਵਿੱਚ ਵੀ ਆਸਾਨੀ ਰਹੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਹਰ ਵਰਗ ਤਕ ਸੁਵਿਧਾਵਾਂ ਪਹੁੰਚਾਉਣਾ ਹੈ ਅਤੇ ਕਿਸੇ ਵੀ ਯੋਗ ਵਿਅਕਤੀ ਨੂੰ ਇਸ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਕੀਮ ਦਾ ਲਾਭ ਹਰ ਯੋਗ ਵਿਅਕਤੀ ਤਕ ਪਹੁੰਚਾਉਣ ਲਈ ਪੂਰੀ ਪਾਰਦਰਸ਼ਤਾ ਅਤੇ ਤੀਵਰਤਾ ਨਾਲ ਕੰਮ ਕੀਤਾ ਜਾਵੇ।

ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# ਨਾਰੀ ਸ਼ਕਤੀ ਵੰਦਨ ਅਧਿਨਿਯਮ ਮਹਿਲਾਵਾਂ ਨੂੰ ਦੇਸ਼ ਦੇ ਨੀਤੀ ਨਿਰਮਾਣ ਵਿੱਚ ਲੀਡਰਸ਼ਿਪ ਦੀ ਭੂਮਿਕਾ ਪ੍ਰਦਾਨ ਕਰੇਗਾ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ÷ਨਾਰੀ ਸ਼ਕਤੀ ਵੰਦਨ ਅਧਿਨਿਯਮ÷ ਮਹਿਲਾਵਾਂ ਨੂੰ ਦੇਸ਼ ਦੇ ਨੀਤੀ ਨਿਰਮਾਣ ਵਿੱਚ ਲੀਡਰਸ਼ਿਪ ਦੀ ਭੂਮਿਕਾ ਪ੍ਰਦਾਨ ਕਰੇਗਾ।



ਮੁੱਖ ਮੰਤਰੀ ਅੱਜ ਚੰਡੀਗੜ੍ਹ ਦੇ ਸੈਕਟਰ 38 ਸਥਿਤ ਰਾਣੀ ਲੱਛਮੀ ਬਾਈ ਭਵਨ ਵਿੱਚ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਹਰਿਆਣਾ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼ਰੂਤੀ ਚੌਧਰੀ ਵੀ ਮੌਜੂਦਸੀ।

ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲਾਂ ਤੱਕ ਸਾਡੀ ਵਿਵਸਥਾ ਵਿੱਚ ਮਹਿਲਾਵਾਂ ਦੀ ਭੂਮਿਕਾ ਨੂੰ ਸੀਮਤ ਕਰਨ ਦਾ ਯਤਨ ਹੋਇਆ। ਉਹ ਘਰ ਦੀ ਚਾਰਦੀਵਾਰੀ ਤੱਕ ਸੀਮਤ ਕਰ ਦਿੱਤੀਆਂ ਗਈਆਂ, ਫੈਸਲਾ ਲੈਣ ਦੀ ਪ੍ਰਕਿਰਿਆ ਤੋਂ ਦੂਰ ਰੱਖੀਆਂ ਗਈਆਂ। ਫਿਰ ਵੀ ਰਾਣੀ ਪਦਮਾਵਤੀ, ਰਾਣੀ ਦੁਰਗਾਵਤੀ, ਚਾਂਦਬੀਬੀ, ਰਾਣੀ ਲੱਛਮੀਬਾਈ ਵਰਗੀਆਂ ਕੁਝ ਨਾਰੀਆਂ ਨੇ ਇਸ ਕਾਲ ਵਿੱਚ ਵੀ ਆਪਣੀ ਪ੍ਰਤਿਭਾ ਅਤੇ ਬੁੱਧੀਮਾਨੀ ਦੀ ਛਾਪ ਛੱਡੀ ਹੈ।

ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋਂ ਮਹਿਲਾਵਾਂ ਦੀ ਭਲਾਈ ਲਈ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਲ 2015 ਵਿੱਚ ਜਦੋਂ ਮੋਦੀ ਜੀ ਨੇ ਹਰਿਆਣਾ ਦੇ ਪਾਣੀਪਤ ਤੋਂ ਬੇਟੀ ਬਚਾਓ-ਬੇਟੀ ਪੜ੍ਹਾਓ ਦਾ ਨਾਅਰਾ ਦਿੱਤਾ ਤਾਂ ਉਸਦੀ ਗੂੰਜ ਪੂਰੇ ਦੇਸ਼ ਵਿੱਚ ਸੁਣਾਈ ਦਿੱਤੀ। ਇੰਨਾ ਹੀ ਨਹੀਂ, ਪੂਰੇ ਸਮਾਜ ਦਾ ਮਨ ਵੀ ਬਦਲਿਆ ਅਤੇ ਬੇਟੀਆਂ ਨੂੰ ਬਚਾਉਣ ਤੇ ਪੜ੍ਹਾਉਣ ਦੀ ਇੱਕ ਮੁਹਿੰਮ ਸ਼ੁਰੂ ਹੋ ਗਈ। ਉਸੇ ਦਾ ਨਤੀਜਾ ਹੈ ਕਿ ਅੱਜ ਦੇਸ਼ ਵਿੱਚ ਲਿੰਗ ਅਨੁਪਾਤ ਵਿੱਚ ਵੱਡਾ ਸੁਧਾਰ ਹੋਇਆ ਹੈ। ਉਸ ਸਮੇਂ ਹਰਿਆਣਾ ਦਾ ਲਿੰਗ ਅਨੁਪਾਤ 871 ਸੀ, ਜੋ ਅੱਜ ਵਧ ਕੇ 923 ਹੋ ਗਿਆ ਹੈ।

ਉਨ੍ਹਾਂ ਨੇ 'ਸੁਕੰਨਿਆ ਸਮ੍ਰਿਧੀ ਯੋਜਨਾ', 'ਪ੍ਰਧਾਨ ਮੰਤਰੀ ਉਜਵਲਾ ਯੋਜਨਾ', 'ਪ੍ਰਧਾਨ ਮੰਤਰੀ ਜਨ ਧਨ ਯੋਜਨਾ', 'ਮੁਦਰਾ ਯੋਜਨਾ' ਅਤੇ 'ਸਟੈਂਡ-ਅਪ ਇੰਡੀਆ', 'ਵਨ ਸਟਾਪ ਸੈਂਟਰ ਯੋਜਨਾ', 'ਮਹਿਲਾ ਹੈਲਪਲਾਈਨ-181' ਅਤੇ 'ਨਿਰਭਿਆ ਫੰਡ' ਵਰਗੀਆਂ ਯੋਜਨਾਵਾਂ ਨੂੰ ਮਹਿਲਾਵਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਾਲਾ ਦੱਸਿਆ। ਉਨ੍ਹਾਂ ਅੱਗੇ ਕਿਹਾ ਕਿ ਸੈਨਾਵਾਂ ਵਿੱਚ ਮਹਿਲਾਵਾਂ ਨੂੰ ਵੱਡੇ ਅਹੁਦਿਆਂ 'ਤੇ ਨਹੀਂ ਰੱਖਿਆ ਜਾਂਦਾ ਸੀ। ਪਰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਰੱਖਿਆ ਸੇਵਾਵਾਂ ਵਿੱਚ ਮਹਿਲਾ ਅਧਿਕਾਰੀਆਂ ਨੂੰ ਸਥਾਈ ਕਮੀਸ਼ਨ ਪ੍ਰਦਾਨ ਕੀਤਾ। ਸੈਨਿਕ ਸਕੂਲਾਂ ਵਿੱਚ ਬੇਟੀਆਂ ਦੇ ਦਾਖਲੇ ਨੂੰ ਮੰਜ਼ੂਰੀ ਦਿੱਤੀ ਗਈ ਹੈ। ਇਸ ਤੋਂ ਬਾਅਦ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਨੇ ਐਨ.ਡੀ.ਏ ਵਿੱਚ ਮਹਿਲਾਵਾਂ ਲਈ ਪ੍ਰਵੇਸ਼ ਖੋਲ੍ਹ ਦਿੱਤੇ।

ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਅੱਜ ਦੁਨੀਆ ਭਰ ਵਿੱਚ ਸਭ ਤੋਂ ਵੱਧ ਮਹਿਲਾ ਪਾਇਲਟ ਭਾਰਤ ਵਿੱਚ ਹਨ। ਇੰਨਾ ਹੀ ਨਹੀਂ, ਚੰਦਰਯਾਨ-3 ਮਿਸ਼ਨ ਨੂੰ ਸਫਲ ਬਣਾਉਣ ਵਿੱਚ 100 ਤੋਂ ਵੱਧ ਮਹਿਲਾਵਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਆਪ੍ਰੇਸ਼ਨ ਸਿੰਦੂਰ ਦੌਰਾਨ ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਦੀ ਭੂਮਿਕਾ ਨੂੰ ਅੱਜ ਕੌਣ ਨਹੀਂ ਜਾਣਦਾ। ਸਾਫ਼ ਜ਼ਾਹਿਰ ਹੈ ਕਿ ਮਹਿਲਾਵਾਂ ਨੂੰ ਜਦੋਂ ਵੀ ਮੌਕਾ ਦਿੱਤਾ ਗਿਆ, ਉਨ੍ਹਾਂ ਨੇ ਖ਼ੁਦ ਨੂੰ ਸਾਬਤ ਕਰ ਦਿਖਾਇਆ। ਹੁਣ ਆਈ.ਆਈ.ਟੀ ਵਿੱਚ ਦਾਖਲਾ ਲੈਣ ਵਾਲੀਆਂ ਬੇਟੀਆਂ ਦੀ ਗਿਣਤੀ ਦੁੱਗਣੀ ਤੋਂ ਵੀ ਵੱਧ ਹੋ ਗਈ ਹੈ। ਸਾਲ 2016 ਤੋਂ ਪਹਿਲਾਂ ਸਿਰਫ਼ 8 ਫੀਸਦੀ ਬੇਟੀਆਂ ਨੂੰ ਦਾਖਲਾ ਮਿਲਦਾ ਸੀ। ਹੁਣ ਇਹ ਗਿਣਤੀ 20 ਫੀਸਦੀ ਤੋਂ ਵੱਧ ਹੋ ਗਈ ਹੈ।

ਸ਼੍ਰੀ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ਹਰਿਆਣਾ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਨੂੰ 50 ਫੀਸਦੀ ਨੁਮਾਇੰਦਗੀ ਦਿੱਤੀ ਹੈ, ਜਿਸ ਤੋਂ ਬਾਅਦ ਪਾਣੀ, ਸਿੱਖਿਆ, ਸਿਹਤ ਅਤੇ ਸਵੱਛਤਾ ਵਰਗੇ ਵਿਸ਼ਿਆਂ 'ਤੇ ਪਿੰਡਾਂ ਦੀ ਹਾਲਤ ਪਹਿਲਾਂ ਨਾਲੋਂ ਬਹੁਤ ਬਿਹਤਰ ਹੋ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਜੀ ਨੇ ਮਹਿਲਾਵਾਂ ਦੇ ਮਾਨ-ਸਨਮਾਨ ਦੀ ਜੋ ਮੁਹਿੰਮ ਪਿਛਲੇ 11 ਸਾਲਾਂ ਤੋਂ ਚਲਾਈ ਹੋਈ ਹੈ, ਉਹ ਹੁਣ ਨਾਰੀ ਸ਼ਕਤੀ ਵੰਦਨ ਅਧਿਨਿਯਮ ਤੱਕ ਪਹੁੰਚ ਗਈ ਹੈ। ਇਹ ਕਾਨੂੰਨ ਸਾਲ 2034 ਵਿੱਚ ਲਾਗੂ ਹੋਣਾ ਸੀ, ਪਰ ਪ੍ਰਧਾਨ ਮੰਤਰੀ ਜੀ ਇਸਨੂੰ ਸਾਲ 2029 ਵਿੱਚ ਹੀ ਲਾਗੂ ਕਰਨਾ ਚਾਹੁੰਦੇ ਹਨ। ਇਸ ਲਈ, ਉਨ੍ਹਾਂ ਨੇ ਕੱਲ੍ਹ 19 ਅਪ੍ਰੈਲ ਤੋਂ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਹਿਲਾਂ ਇਹ ਕਾਨੂੰਨ ਕਈ ਦਹਾਕਿਆਂ ਤੋਂ ਲਟਕਾਇਆ ਗਿਆ। ਪਹਿਲਾਂ ਦੀਆਂ ਸਰਕਾਰਾਂ ਨੇ ਇਸਨੂੰ ਸਿਰਫ਼ ਚਰਚਾ ਤੱਕ ਸੀਮਤ ਰੱਖਿਆ, ਪਰ ਕਦੇ ਵੀ ਇਸਨੂੰ ਲਾਗੂ ਕਰਨ ਦੀ ਇੱਛਾ ਸ਼ਕਤੀ ਨਹੀਂ ਦਿਖਾਈ। ਕਦੇ ਜਾਤੀਗਤ ਰਾਖਵੇਂਕਰਨ ਦੇ ਨਾਮ 'ਤੇ, ਕਦੇ ਰਾਜਨੀਤਿਕ ਸੁਆਰਥਾਂ ਦੇ ਕਾਰਨ, ਇਸ ਮਹੱਤਵਪੂਰਨ ਕਾਨੂੰਨ ਨੂੰ ਟਾਲਦੇ ਰਹੇ। ਪਰ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਇਸ ਵਿਸ਼ੇ ਨੂੰ ਸਿਰਫ਼ ਰਾਜਨੀਤੀ ਦਾ ਮੁੱਦਾ ਨਹੀਂ ਬਣਾਇਆ, ਸਗੋਂ ਇਸਨੂੰ ਰਾਸ਼ਟਰ ਨਿਰਮਾਣ ਦਾ ਅਧਾਰ ਬਣਾਇਆ ਹੈ। ਹੁਣ ਜਦੋਂ ਇਹ ਕਾਨੂੰਨ ਲਾਗੂ ਹੋਣ ਜਾ ਰਿਹਾ ਹੈ, ਤਾਂ ਇਹ ਦੇਸ਼ ਦੀਆਂ ਕਰੋੜਾਂ ਮਾਵਾਂ-ਭੈਣਾਂ ਦੇ ਸੁਪਨਿਆਂ ਦੀ ਜਿੱਤ ਹੈ।

ਉਨ੍ਹਾਂ ਕਿਹਾ ਕਿ ਇਹ ਕਾਨੂੰਨ ਦੇਸ਼ ਦੀ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਨੂੰ 33 ਫੀਸਦੀ ਰਾਖਵਾਂ ਦੇ ਕੇ ਉਨ੍ਹਾਂ ਨੂੰ ਫੈਸਲੇ ਲੈਣ ਦੀ ਮੁੱਖ ਧਾਰਾ ਵਿੱਚ ਲਿਆਉਂਦਾ ਹੈ। ਇਹ ਕਾਨੂੰਨ ਮਹਿਲਾਵਾਂ ਨੂੰ ਸਿਰਫ਼ ਭਾਗੀਦਾਰੀ ਨਹੀਂ, ਸਗੋਂ ਨੀਤੀ ਨਿਰਮਾਣ ਵਿੱਚ ਲੀਡਰਸ਼ਿਪ ਦੀ ਭੂਮਿਕਾ ਦਿੰਦਾ ਹੈ। ਇਹ ਉਸ ਨਵੇਂ ਭਾਰਤ ਦੀ ਤਸਵੀਰ ਹੈ, ਜਿੱਥੇ ਬੇਟੀਆਂ ਸਿਰਫ਼ ਸੁਪਨੇ ਨਹੀਂ ਦੇਖਣਗੀਆਂ, ਸਗੋਂ ਉਨ੍ਹਾਂ ਨੂੰ ਸਾਕਾਰ ਵੀ ਕਰਨਗੀਆਂ।

ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼ਰੂਤੀ ਚੌਧਰੀ ਨੇ ਨਾਰੀ ਸ਼ਕਤੀ ਵੰਦਨ ਅਧਿਨਿਯਮ ਨੂੰ ਲਾਗੂ ਕਰਨ ਲਈ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਅਧਿਨਿਯਮ ਨਾਲ ਮਹਿਲਾਵਾਂ ਦਾ ਸਸ਼ਕਤੀਕਰਨ ਹੋਵੇਗਾ, ਇਹ ਦੇਸ਼ ਦੀਆਂ ਮਹਿਲਾਵਾਂ ਲਈ ਇਤਿਹਾਸਕ ਫੈਸਲਾ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਵੀ ਹਰਿਆਣਾ ਵਿੱਚ ਮਹਿਲਾਵਾਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਹਨ ਜਿਸ ਨਾਲ ਪ੍ਰਦੇਸ਼ ਵਿੱਚ ਮਹਿਲਾਵਾਂ ਹਰ ਖੇਤਰ ਵਿੱਚ ਆਪਣੀ ਪ੍ਰਤਿਭਾ ਦਾ ਪਰਚਮ ਲਹਿਰਾ ਰਹੀਆਂ ਹਨ।

ਇਸ ਮੌਕੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਅਨੇਕਾਂ ਮਹਿਲਾਵਾਂ ਨੂੰ ਸਨਮਾਨਿਤ ਵੀ ਕੀਤਾ। ਇਸਤਰੀ ਸਾਮਰਥ ਫਾਊਂਡੇਸ਼ਨ ਵੱਲੋਂ ਆਯੋਜਿਤ ਇਸ ਪ੍ਰੋਗਰਾਮ ਵਿੱਚ ਸ਼ਿਵਾਨੀ ਸੈਣੀ, ਭਾਜਪਾ ਜ਼ਿਲ੍ਹਾ ਪ੍ਰਧਾਨ ਜਿਤੇਂਦਰ ਪਾਲ ਮਲਹੋਤਰਾ, ਚੰਡੀਗੜ੍ਹ ਦੀ ਡਿਪਟੀ ਮੇਅਰ ਸੁਮਨ ਸ਼ਰਮਾ, ਸਾਬਕਾ ਮੇਅਰ ਸਰਵਜੀਤ ਕੌਰ, ਹਰਪ੍ਰੀਤ ਬਬਲਾ ਸਮੇਤ ਕਈ ਉੱਘੀਆਂ ਮਹਿਲਾਵਾਂ ਮੌਜੂਦ ਸਨ।

# ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਜਿਲ੍ਹਾ ਦੀ ਮੰਡੀਆਂ ਦਾ ਕੀਤਾ ਨਿਰੀਖਣ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂਪਾਲਣ ਅਤੇ ਡੇਅਰੀ ਅਤੇ ਮੱਛੀ ਪਾਲਣ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਬੁੱਧਵਾਰ ਨੂੰ ਜਿਲ੍ਹਾ ਰੋਹਤਕ ਵਿੱਚ ਮਹਿਮ, ਰੋਹਤਕ ਤੇ ਸਾਂਪਲਾ ਮੰਡੀਆਂ ਦਾ ਨਿਰੀਖਣ ਕਰਦੇ ਹੋਏ ਕਿਹਾ ਕਿ ਸਰਕਾਰ ਕਿਸਾਨਾਂ ਦੀ ਫਸਲ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਅਤੇ ਪਾਰਦਰਸ਼ੀ ਬਨਾਉਣ ਲਈ ਪੂਰੀ ਤਰ੍ਹਾ ਪ੍ਰਤੀਬੱਧ ਹੈ। ਉਨ੍ਹਾਂ ਨੇ ਕਿਹਾ ਕਿ ਅਪ੍ਰੈਲ ਮਹੀਨੇ ਵਿੱਚ ਫਸਲ ਆਮਦ ਦੇ ਚਲਦੇ ਮੰਡੀਆਂ ਵਿੱਚ ਬਹੁਤ ਵੱਧ ਭੀੜ ਹੈ, ਪਰ ਪ੍ਰਸ਼ਾਸ਼ਨ ਵੱਲੋਂ ਸਾਰੇ ਜਰੂਰੀ ਵਿਵਸਥਾਵਾਂ ਯਕੀਨੀ ਕੀਤੀਆਂ ਗਈਆਂ ਹਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਕਿਹਾ ਕਿ ਕਿਸਾਨਾਂ ਤੇ ਆੜਤੀਆਂ ਦੀ ਸਮਸਿਆਵਾਂ ਨੂੰ ਸੁਣ ਕੇ ਉਨ੍ਹਾਂ ਦਾ ਮੌਕੇ @ਤੇ ਹੀ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਕੋਈ ਕਮੀ ਨਹੀ ਹੈ ਅਤੇ ਫਸਲ ਉਠਾਨ ਵਿੱਚ ਹੋ ਰਹੀ ਮੁਸ਼ਕਲ ਨੂੰ ਵੀ ਦੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਵੱਧਦੇ ਬਦਾਅ ਨੂੰ ਦੇਖਦੇ ਹੋਏ ਗੇਟ ਪਾਸ ਪ੍ਰਣਾਲੀ ਵਿੱਚ ਸੁਧਾਰ ਕੀਤਾ ਗਿਆ ਹੈ। ਹੁਣ ਏਂਟਰੀ ਅਤੇ ਆਊਟਸਾਇਡ ਗੇਟ ਪਾਸ ਨੂੰ ਵੱਖ-ਵੱਖ ਕਰ ਦਿੱਤਾ ਗਿਆ ਹੈ, ਜਿਸ ਨਾਲ ਟ੍ਰੈਫਿਕ ਜਾਮ ਦੇ ਹਾਲਾਤ ਵਿੱਚ ਸੁਧਾਰ ਹੋਵੇਗਾ ਅਤੇ ਕੰਮ ਤੇਾੀ ਨਾਲ ਹੋ ਸਕੇਗਾ।

ਉਨ੍ਹਾਂ ਨੇ ਕਿਹਾ ਕਿ ਸੂਬੇ ਵਿੱਚ ਫਸਲ ਦਾ ਸੀਜ਼ਨ ਹੁਣ ਘੱਟ ਸਮੇਂ ਵਿੱਚ ਸਿਮਟ ਗਿਆ ਹੈ, ਜਿਸ ਨਾਲ ਇੱਕਠੇ ਵੱਧ ਗਿਣਤੀ ਵਿੱਚ ਫਸਲ ਮੰਡੀਆਂ ਵਿੱਚ ਪਹੁੰਚ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤ ਵਿੱਚ ਨਵੀਂ ਵਿਵਸਥਾਵਾਂ ਲਾਗੂ ਕੀਤੀਆਂ ਗਈਆਂ ਹਨ। ਇੰਨ੍ਹਾਂ ਵਿਵਸਥਾਵਾਂ ਨਾਲ ਕਿਸਾਨਾਂ ਨੂੰ ਲਾਭ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੇ ਭੁਗਤਾਨ ਦੀ ਵਿਵਸਥਾ ਇੱਕ ਵੱਡਾ ਸੁਧਾਰ ਹੈ, ਜਿਸ ਨਾਲ ਪਾਰਦਰਸ਼ਿਤਾ ਵਧੀ ਅਤੇ ਕਿਸਾਨਾਂ ਨੂੰ ਸਿੱਧਾ ਲਾਭ ਮਿਲਿਆ ਹੈ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਵਿਵਸਥਾਵਾਂ ਨੂੰ ਬਿਹਤਰ ਬਨਾਉਣ ਦੇ ਉਦੇਸ਼ ਨਾਲ ਫੈਸਲੇ ਲਏ ਜਾਂਦੇ ਹਨ, ਤਾਂ ਜੋ ਸਾਰੇ ਹਿੱਤਧਾਰਕਾਂ ਨੂੰ ਲਾਭ ਮਿਲ ਸਕੇ। ਮੰਡੀਆਂ ਵਿੱਚ ਖਰੀਦ ਪ੍ਰਕ੍ਰਿਆ ਵਿੱਚ ਪਾਰਦਰਸ਼ਿਤਾ ਬਣਾਏ ਰੱਖਣ ਲਈ ਸਾਰੇ ਜਰੂਰੀ ਰਿਕਾਰਡ ਰੱਖੇ ਜਾਂਦੇ ਹਨ, ਗੜ੍ਹੇਮਾਰੀ ਅਤੇ ਬਰਸਾਤ ਨਾਲ ਫਸਲ ਨੂੰ ਹੋਏ ਨੁਕਸਾਨ ਦੇ ਸੰਦਰਭ ਵਿੱਚ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਫਸਲਾਂ ਨੂੰ ਹੋਏ ਨੁਕਸਾਨ ਦੀ ਸੂਚਨਾ ਮਿਲਣ @ਤੇ ਸਰਕਾਰ ਵੱਲੋਂ ਇਸ ਦਾ ਮੁਲਾਂਕਣ ਕਰਵਾ ਕੇ ਕਿਸਾਨਾਂ ਨੂੰ ਨਿਯਮ ਅਨੁਸਾਰ ਜਲਦੀ ਮੁਆਵਜਾ ਦਿੱਤਾ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਫਸਲ ਸੀਜ਼ਨ ਤੋਂ ਪਹਿਲਾਂ ਹੀ ਮੰਡੀਆਂ ਵਿੱਚ ਪੱਕੇ ਰਸਤੇ, ਸ਼ੈਡ ਅਤੇ ਹੋਰ ਬੁਨਿਆਦੀ ਸਹੂਲਤਾਂ ਵਿਕਸਿਤ ਕੀਤੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਹਰ ਸੰਭਵ ਯਤਨ ਕਰ ਰਹੀ ਹੈ ਕਿ ਕਿਸਾਨਾਂ ਨੂੰ ਫਸਲ ਵਿਕਰੀ ਦੌਰਾਨ ਕਿਸੇ ਤਰ੍ਹਾ ਦੀ ਪਰੇਸ਼ਾਨੀ ਨਾ ਹੋਵੇ।

ਉਨ੍ਹਾਂ ਨੇ ਕਿਹਾ ਕਿ ਉਹ ਹੁਣ ਤੱਕ ਪੰਚਕੂਲਾ, ਅੰਬਾਲਾ, ਜੀਂਦ, ਰੋਹਤਕ, ਪਾਣੀਪਤ ਸਮੇਤ ਕਈ ਜਿਲ੍ਹਿਆਂ ਦੀ ਮੰਡੀਆਂ ਦਾ ਦੌਰਾ ਕਰ ਚੁੱਕੇ ਹਨ ਅਤੇ ਪੂਰੇ ਅਪ੍ਰੈਲ ਮਹੀਨੇ ਵਿੱਚ ਨਿਰੀਖਣ ਜਾਰੀ ਰਹੇਗਾ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਫਸਲ ਖਰੀਦ, ਉਠਾਨ ਅਤੇ ਭੁਗਤਾਨ ਪ੍ਰਕ੍ਰਿਆ ਨੂੰ ਹੋਰ ਵੱਧ ਤੇਜ ਤੇ ਸੁਚਾਰੂ ਬਣਾਇਆ ਜਾਵੇ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਜੇਕਰ ਕਿਸੇ ਮੰਡੀ ਵਿੱਚ ਤੋਲ ਜਾਂ ਹੋਰ ਵਿਵਸਥਾਵਾਂ ਨੂੰ ਲੈ ਕੇ ਸ਼ਿਕਾਇਤ ਮਿਲਦੀ ਹੈ, ਤਾਂ ਉਸ ਨੂੰ ਤੁਰੰਤ ਠੀਕ ਕੀਤਾ ਜਾਵੇਗਾ, ਤਾਂ ਜੋ ਕਿਸਾਨਾਂ ਨੂੰ ਕਿਸੇ ਤਰ੍ਹਾ ਦੀ ਅਸਹੂਲਤ ਨਾ ਹੋਵੇ।

# ਕਲਾਸ ਤਤਪਰਤਾ ਪ੍ਰੋਗਰਾਮ ਦੀ ਸਮੱਗਰੀ ਦਾ ਹੋਇਆ ਵਿਮੋਚਨ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲ ਸਿੱਖਿਆ ਵਿਭਾਗ ਦੇ ਪ੍ਰਧਾਨ ਸਕੱਤਰ ਸ਼੍ਰੀ ਵਿਜੇ ਸਿੰਘ ਦਹੀਆ ਦੀ ਅਗਵਾਈ ਹੇਠ ਇੱਕ ਵੀਡੀਓ ਕਾਨਫਰੰਸ ਆਯੋਜਿਤ ਕੀਤੀ ਗਈ, ਜਿਸ ਵਿੱਚ 'ਕਲਾਸ ਤਤਪਰਤਾ ਪ੍ਰੋਗਰਾਮ' ਦੀ ਸਮੱਗਰੀ ਦਾ ਵਿਮੋਚਨ ਕੀਤਾ ਗਿਆ। ਇਸ ਵੀਡੀਓ ਕਾਨਫਰੰਸ ਵਿੱਚ ਰਾਜ ਦੇ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ, ਜ਼ਿਲ੍ਹਾ ਮੌਲਿਕ ਸਿੱਖਿਆ ਅਧਿਕਾਰੀਆਂ, ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰਾਂ ਅਤੇ ਬਲਾਕ ਸਿੱਖਿਆ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ।

ਸ਼੍ਰੀ ਵਿਜੇ ਸਿੰਘ ਦਹੀਆ ਨੇ ਦੱਸਿਆ ਕਿ @ਕਲਾਸ ਤਤਪਰਤਾ ਪ੍ਰੋਗਰਾਮ@ (ਕਲਾਸ ਰੇਡੀਨੈਸ ਪ੍ਰੋਗਰਾਮ) ਦੇ ਤਹਿਤ ਵਿਕਸਤ ਵੱਖ-ਵੱਖ ਵਿਦਿਅਕ ਸਮੱਗਰੀਆਂ ਦਾ ਵਿਮੋਚਨ ਕੀਤਾ ਗਿਆ ਹੈ, ਜਿਸ ਵਿੱਚ ਅਧਿਆਪਕਾਂ ਲਈ ਵਿਸ਼ੇ ਅਨੁਸਾਰ ਸਮਾਂ-ਸਾਰਣੀ, ਵਿਦਿਆਰਥੀਆਂ ਲਈ ਗਤੀਵਿਧੀ ਪੁਸਤਕ (ਐਕਟੀਵਿਟੀ ਬੁੱਕ) ਅਤੇ 45 ਦਿਨਾਂ ਦੀ ਪ੍ਰਗਤੀ ਨੂੰ ਵਿਵਸਥਿਤ ਰੂਪ ਵਿੱਚ ਟਰੈਕ ਕਰਨ ਲਈ ਇੱਕ ਪ੍ਰਭਾਵੀ ਮਾਨੀਟਰਿੰਗ ਟੂਲ ਸ਼ਾਮਲ ਹੈ। ਇਹ ਪ੍ਰੋਗਰਾਮ ਵਿਸ਼ੇਸ਼ ਤੌਰ @ਤੇ ਅਪ੍ਰੈਲ ਅਤੇ ਮਈ ਦੇ ਮਹੀਨਿਆਂ ਵਿੱਚ ਚਲਾਇਆ ਜਾਵੇਗਾ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਨਵੀਂ ਕਲਾਸ ਲਈ ਵਿਦਿਅਕ ਤੌਰ @ਤੇ ਤਿਆਰ ਕਰਨਾ ਅਤੇ ਉਨ੍ਹਾਂ ਦੀਆਂ ਬੁਨਿਆਦੀ ਯੋਗਤਾਵਾਂ ਨੂੰ ਮਜ਼ਬੂਤ ਕਰਨਾ ਹੈ। ਇਸ ਪ੍ਰੋਗਰਾਮ ਰਾਹੀਂ ਰਾਜ ਦੇ ਲਗਭਗ 8 ਲੱਖ ਤੋਂ ਵੱਧ ਵਿਦਿਆਰਥੀ ਲਾਭ ਉਠਾਉਣਗੇ, ਜਿਸ ਨੂੰ ਲਗਭਗ 31,000 ਅਧਿਆਪਕਾਂ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ÷ਰਾਸ਼ਟਰੀ ਸਿੱਖਿਆ ਨੀਤੀ 2020 ਦੇ ਤਹਿਤ ਫਾਊਂਡੇਸ਼ਨਲ ਲਿਟਰੇਸੀ ਅਤੇ ਨਿਊਮਰੇਸੀ (ਐਫਐਲਐਨ) ਨੂੰ ਮਜ਼ਬੂਤ ਕਰਨਾ ਸਿੱਖਿਆ ਪ੍ਰਣਾਲੀ ਦੀਆਂ ਸਭ ਤੋਂ ਮਹੱਤਵਪੂਰਨ ਪ੍ਰਾਥਮਿਕਤਾਵਾਂ ਵਿੱਚੋਂ ਇੱਕ ਹੈ। @ਨਿਪੁਣ ਭਾਰਤ ਮਿਸ਼ਨ@ ਇਸੇ ਦਿਸ਼ਾ ਵਿੱਚ ਇੱਕ ਸ਼ਕਤੀਸ਼ਾਲੀ ਪਹਿਲ ਹੈ, ਜਿਸਦਾ ਉਦੇਸ਼ ਬੱਚਿਆਂ ਨੂੰ ਸ਼ੁਰੂਆਤੀ ਕਲਾਸਾਂ ਵਿੱਚ ਹੀ ਗ੍ਰੇਡ-ਪੱਧਰ ਦੀ ਮੁਹਾਰਤ ਪ੍ਰਦਾਨ ਕਰਨਾ ਹੈ।

ਉਨ੍ਹਾਂ ਕਿਹਾ ਕਿ 'ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਰਾਜ ਵਿੱਚ ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਲਗਾਤਾਰ ਪ੍ਰਭਾਵੀ ਯਤਨ ਕੀਤੇ ਜਾ ਰਹੇ ਹਨ, ਜਿਸ ਕਾਰਨ ਹਰਿਆਣਾ ਕਈ ਮਾਮਲਿਆਂ ਵਿੱਚ ਦੂਜੇ ਰਾਜਾਂ ਲਈ ਮਿਸਾਲ ਬਣ ਰਿਹਾ ਹੈ। ਇਸ ਤੋਂ ਇਲਾਵਾ ਸਿੱਖਿਆ ਮੰਤਰੀ ਸ਼੍ਰੀ ਮਹੀਪਾਲ ਢਾਂਡਾ ਦੀ ਅਗਵਾਈ ਹੇਠ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਹਾਂ-ਪੱਖੀ ਨਤੀਜੇ ਵੀ ਸਾਹਮਣੇ ਆ ਰਹੇ ਹਨ।'

ਵੱਖ-ਵੱਖ ਮੁਲਾਂਕਣ ਰਿਪੋਰਟਾਂ ਦਾ ਵਰਨਣ ਕਰਦੇ ਹੋਏ ਉਨ੍ਹਾਂ ਕਿਹਾ ਕਿ 'ਰਾਜ ਦੀ ਵਿਦਿਅਕ ਸਥਿਤੀ ਬਹੁਤ ਵਧੀਆ ਹੈ, ਅਸੀਂ ਨਿਪੁਣ (NIPUN) ਵਿੱਚ ਦੇਸ਼ ਵਿੱਚ ਤੀਜੇ ਸਥਾਨ 'ਤੇ ਹਾਂ। ਇਸੇ ਸੰਦਰਭ ਵਿੱਚ 45 ਦਿਨਾਂ ਦਾ 'ਕਲਾਸ ਰੈਡੀਨੈਸ ਪ੍ਰੋਗਰਾਮ' ਬਹੁਤ ਮਹੱਤਵਪੂਰਨ ਹੈ। ਇਸਦਾ ਉਦੇਸ਼ ਬੱਚਿਆਂ ਦੇ ਸਿੱਖਣ ਵਿੱਚ ਆਈ ਕਮੀ ਨੂੰ ਦੂਰ ਕਰਨਾ ਅਤੇ ਉਨ੍ਹਾਂ ਨੂੰ ਗ੍ਰੇਡ-ਪੱਧਰ ਦੀ ਯੋਗਤਾ ਤੱਕ ਪਹੁੰਚਾਉਣਾ ਹੈ।'

ਉਨ੍ਹਾਂ ਸਮੂਹ ਅਧਿਆਪਕਾਂ ਨੂੰ ਅਪੀਲ ਕੀਤੀ ਕਿ 'ਉਹ ਹਰੇਕ ਬੱਚੇ 'ਤੇ ਵਿਸ਼ੇਸ਼ ਧਿਆਨ ਦੇਣ ਅਤੇ ਇਹ ਯਕੀਨੀ ਬਣਾਉਣ ਕਿ ਕੋਈ ਵੀ ਬੱਚਾ ਪਿੱਛੇ ਨਾ ਰਹਿ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਤਕਨੀਕ ਭਾਵੇਂ ਕਿੰਨੀ ਵੀ ਉੱਨਤ ਕਿਉਂ ਨਾ ਹੋ ਜਾਵੇ, ਅਧਿਆਪਕ ਦੀ ਭੂਮਿਕਾ ਹਮੇਸ਼ਾ ਕੇਂਦਰੀ ਅਤੇ ਮਹੱਤਵਪੂਰਨ ਰਹੇਗੀ।' ਮੀਟਿੰਗ ਦੌਰਾਨ 'ਪ੍ਰਵੇਸ਼ ਉਤਸਵ' ਤਹਿਤ ਨਾਮਜ਼ਦਗੀ ਮੁਹਿੰਮ ਦੀ ਵੀ ਸਮੀਖਿਆ ਕੀਤੀ ਗਈ ਅਤੇ ਨਿਰਦੇਸ਼ ਦਿੱਤੇ ਗਏ ਕਿ ਰਾਜ ਵਿੱਚ 'ਜ਼ੀਰੋ ਡਰਾਪਆਊਟ' ਯਕੀਨੀ ਬਣਾਇਆ ਜਾਵੇ ਅਤੇ ਕੋਈ ਵੀ ਬੱਚਾ ਸਕੂਲ ਤੋਂ ਬਾਹਰ ਨਾ ਰਹੇ। ਇਸ ਮੌਕੇ ਡਾਇਰੈਕਟਰ, ਮੌਲਿਕ ਸਿੱਖਿਆ ਸ੍ਰੀਮਤੀ ਮਨੀਤਾ ਮਲਿਕ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ ਸ੍ਰੀਮਤੀ ਵਰਸ਼ਾ ਖਾਂਗਵਾਲ ਨੇ ਵੀ ਸੰਬੋਧਿਤ ਕੀਤਾ।

# ਨੋਟੀਫਾਈਡ ਸਾਰੀਆਂ ਸੰਸਥਾਵਾਂ ਵਿੱਚ 10 ਮਈ ਨੂੰ ਹੋਵੇਗੀ ਵੋਟਿੰਗ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ, ਹਰਿਆਣਾ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 2026 ਵਿੱਚ ਹੋਣ ਵਾਲੀਆਂ ਨਗਰ ਨਿਗਮ ਦੀਆਂ ਆਮ ਚੋਣਾਂ ਤਹਿਤ ਸੂਬੇ ਦੇ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਕਮੇਟੀਆਂ ਦੇ ਕੁੱਲ 144 ਵਾਰਡਾਂ ਵਿੱਚ ਚੋਣਾਂ ਕਰਵਾਈਆਂ ਜਾਣਗੀਆਂ। ਚੋਣ ਪ੍ਰਕਿਰਿਆ ਲਈ 826 ਸੰਭਾਵਿਤ ਮਤਦਾਨ ਕੇਂਦਰ ਸਥਾਪਿਤ ਕੀਤੇ ਜਾਣ ਦਾ ਅਨੁਮਾਨ ਹੈ। ਇਨ੍ਹਾਂ ਚੋਣਾਂ ਵਿੱਚ ਕੁੱਲ 8,70,925 ਵੋਟਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 4,53,047 ਪੁਰਸ਼, 4,17,841 ਮਹਿਲਾਵਾਂ ਅਤੇ 37 ਹੋਰ ਸ਼੍ਰੇਣੀ ਦੇ ਵੋਟਰ ਸ਼ਾਮਲ ਹਨ।

ਬੁਲਾਰੇ ਨੇ ਦੱਸਿਆ ਕਿ ਅੰਬਾਲਾ ਨਗਰ ਨਿਗਮ ਦੇ 20 ਵਾਰਡਾਂ ਵਿੱਚ ਚੋਣ ਹੋਵੇਗੀ। ਮੇਅਰ ਦੀ ਸੀਟ ਬੀ.ਸੀ.-ਬੀ (ਮਹਿਲਾ) ਲਈ ਰਾਖਵੀਂ ਹੈ। ਇੱਥੇ 2 ਵਾਰਡ ਅਨੁਸੂਚਿਤ ਜਾਤੀ, 1 ਵਾਰਡ ਅਨੁਸੂਚਿਤ ਜਾਤੀ (ਮਹਿਲਾ), 1 ਵਾਰਡ ਬੀ.ਸੀ.-ਏ, 1 ਵਾਰਡ ਬੀ.ਸੀ.-ਏ (ਮਹਿਲਾ), 1 ਵਾਰਡ ਬੀ.ਸੀ.-ਬੀ ਮਹਿਲਾ, 4 ਵਾਰਡ ਮਹਿਲਾਵਾਂ ਲਈ ਰਾਖਵੇਂ ਅਤੇ 10 ਵਾਰਡ ਅਣ-ਰਾਖਵੇਂ ਰੱਖੇ ਗਏ ਹਨ। ਇੱਥੇ 191 ਮਤਦਾਨ ਕੇਂਦਰਾਂ @ਤੇ 1,98,224 ਵੋਟਰ ਆਪਣੀ ਵੋਟ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 1,02,654 ਪੁਰਸ਼, 95,550 ਮਹਿਲਾਵਾਂ ਅਤੇ 20 ਹੋਰ ਵੋਟਰ ਸ਼ਾਮਲ ਹਨ। ਪੰਚਕੂਲਾ ਨਗਰ ਨਿਗਮ ਦੇ 20 ਵਾਰਡਾਂ ਵਿੱਚ ਚੋਣ ਹੋਵੇਗੀ। ਮੇਅਰ ਦੀ ਸੀਟ ਅਣ-ਰਾਖਵੀਂ ਹੈ। ਇੱਥੇ 2 ਵਾਰਡ ਅਨੁਸੂਚਿਤ ਜਾਤੀ, 1 ਵਾਰਡ ਅਨੁਸੂਚਿਤ ਜਾਤੀ (ਮਹਿਲਾ), 1 ਵਾਰਡ ਬੀ.ਸੀ.-ਏ (ਮਹਿਲਾ), 1 ਵਾਰਡ ਬੀ.ਸੀ.-ਬੀ ਮਹਿਲਾ, 4 ਵਾਰਡ ਮਹਿਲਾਵਾਂ ਲਈ ਰਾਖਵੇਂ ਅਤੇ 11 ਵਾਰਡ ਅਣ-ਰਾਖਵੇਂ ਰੱਖੇ ਗਏ ਹਨ। ਇੱਥੇ 204 ਮਤਦਾਨ ਕੇਂਦਰਾਂ @ਤੇ 2,07,379 ਵੋਟਰ ਆਪਣੀ ਵੋਟ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 1,08,927 ਪੁਰਸ਼, 98,447 ਮਹਿਲਾਵਾਂ ਅਤੇ 5 ਹੋਰ ਵੋਟਰ ਸ਼ਾਮਲ ਹਨ।

ਸੋਨੀਪਤ ਨਗਰ ਨਿਗਮ ਦੇ 22 ਵਾਰਡਾਂ ਵਿੱਚ ਚੋਣਾਂ ਹੋਣਗੀਆਂ। ਮੇਅਰ ਦੀ ਸੀਟ ਅਣ-ਰਾਖਵੀਂ ਹੈ। ਇੱਥੇ 2 ਵਾਰਡ ਅਨੁਸੂਚਿਤ ਜਾਤੀ, 2 ਵਾਰਡ ਅਨੁਸੂਚਿਤ ਜਾਤੀ (ਮਹਿਲਾ), 1 ਵਾਰਡ ਬੀ.ਸੀ.-ਏ, 1 ਵਾਰਡ ਬੀ.ਸੀ.-ਏ (ਮਹਿਲਾ), 1 ਵਾਰਡ ਬੀ.ਸੀ.-ਬੀ ਮਹਿਲਾ, 4 ਵਾਰਡ ਮਹਿਲਾਵਾਂ ਲਈ ਰਾਖਵੇਂ ਅਤੇ 11 ਵਾਰਡ ਅਣ-ਰਾਖਵੇਂ ਰੱਖੇ ਗਏ ਹਨ। ਇੱਥੇ 264 ਮਤਦਾਨ ਕੇਂਦਰਾਂ @ਤੇ 2,95,868 ਵੋਟਰ ਆਪਣੀ ਵੋਟ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 1,53,292 ਪੁਰਸ਼, 1,42,569 ਮਹਿਲਾਵਾਂ ਅਤੇ 7 ਹੋਰ ਵੋਟਰ ਸ਼ਾਮਲ ਹਨ।

ਰੇਵਾੜੀ ਨਗਰ ਕੌਂਸਲ ਦੇ 32 ਵਾਰਡਾਂ ਵਿੱਚ ਚੋਣ ਹੋਵੇਗੀ। ਪ੍ਰਧਾਨ ਦੀ ਸੀਟ ਅਨੁਸੂਚਿਤ ਜਾਤੀ (ਮਹਿਲਾ) ਲਈ ਰਾਖਵੀਂ ਹੈ। ਇੱਥੇ 4 ਵਾਰਡ ਅਨੁਸੂਚਿਤ ਜਾਤੀ, 2 ਵਾਰਡ ਅਨੁਸੂਚਿਤ ਜਾਤੀ (ਮਹਿਲਾ), 2 ਵਾਰਡ ਬੀ.ਸੀ.-ਏ, 1 ਵਾਰਡ ਬੀ.ਸੀ.-ਏ (ਮਹਿਲਾ), 2 ਵਾਰਡ ਬੀ.ਸੀ.-ਬੀ, 2 ਵਾਰਡ ਬੀ.ਸੀ.-ਬੀ (ਮਹਿਲਾ), 6 ਵਾਰਡ ਮਹਿਲਾਵਾਂ ਲਈ ਰਾਖਵੇਂ ਅਤੇ 13 ਵਾਰਡ ਅਣ-ਰਾਖਵੇਂ ਰੱਖੇ ਗਏ ਹਨ। ਇੱਥੇ 108 ਮਤਦਾਨ ਕੇਂਦਰਾਂ @ਤੇ 1,15,157 ਵੋਟਰ ਆਪਣੀ ਵੋਟ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 59,142 ਪੁਰਸ਼, 56,011 ਮਹਿਲਾਵਾਂ ਅਤੇ 4 ਹੋਰ ਵੋਟਰ ਸ਼ਾਮਲ ਹਨ।

ਉਕਲਾਨਾ ਨਗਰ ਕਮੇਟੀ ਦੇ 16 ਵਾਰਡਾਂ ਵਿੱਚ ਚੋਣ ਹੋਵੇਗੀ। ਪ੍ਰਧਾਨ ਦੀ ਸੀਟ ਮਹਿਲਾ ਲਈ ਰਾਖਵੀਂ ਹੈ। ਇੱਥੇ 4 ਵਾਰਡ ਅਨੁਸੂਚਿਤ ਜਾਤੀ, 2 ਵਾਰਡ ਅਨੁਸੂਚਿਤ ਜਾਤੀ (ਮਹਿਲਾ), 1 ਵਾਰਡ ਬੀ.ਸੀ.-ਏ (ਮਹਿਲਾ), 3 ਵਾਰਡ ਮਹਿਲਾਵਾਂ ਲਈ ਰਾਖਵੇਂ ਅਤੇ 6 ਵਾਰਡ ਅਣ-ਰਾਖਵੇਂ ਰੱਖੇ ਗਏ ਹਨ। ਇੱਥੇ 16 ਮਤਦਾਨ ਕੇਂਦਰਾਂ @ਤੇ 15,449 ਵੋਟਰ ਆਪਣੀ ਵੋਟ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 8,197 ਪੁਰਸ਼ ਅਤੇ 7,252 ਮਹਿਲਾ ਵੋਟਰ ਸ਼ਾਮਲ ਹਨ।

ਸਾਂਪਲਾ ਨਗਰ ਕਮੇਟੀ ਦੇ 16 ਵਾਰਡਾਂ ਵਿੱਚ ਚੋਣ ਹੋਵੇਗੀ। ਪ੍ਰਧਾਨ ਦੀ ਸੀਟ ਅਣ-ਰਾਖਵੀਂ ਹੈ। ਇੱਥੇ 2 ਵਾਰਡ ਅਨੁਸੂਚਿਤ ਜਾਤੀ, 1 ਵਾਰਡ ਅਨੁਸੂਚਿਤ ਜਾਤੀ (ਮਹਿਲਾ), 1 ਵਾਰਡ ਬੀ.ਸੀ.-ਏ, 1 ਵਾਰਡ ਬੀ.ਸੀ.-ਏ (ਮਹਿਲਾ), 4 ਵਾਰਡ ਮਹਿਲਾਵਾਂ ਲਈ ਰਾਖਵੇਂ ਅਤੇ 7 ਵਾਰਡ ਅਣ-ਰਾਖਵੇਂ ਰੱਖੇ ਗਏ ਹਨ। ਇੱਥੇ 16 ਮਤਦਾਨ ਕੇਂਦਰਾਂ @ਤੇ 15,624 ਵੋਟਰ ਵੋਟ ਪਾਉਣਗੇ, ਜਿਨ੍ਹਾਂ ਵਿੱਚ 8,141 ਪੁਰਸ਼ ਅਤੇ 7,483 ਮਹਿਲਾ ਵੋਟਰ ਸ਼ਾਮਲ ਹਨ।

ਧਾਰੂਹੇੜਾ ਨਗਰ ਕਮੇਟੀ ਦੇ 18 ਵਾਰਡਾਂ ਵਿੱਚ ਚੋਣ ਹੋਵੇਗੀ। ਪ੍ਰਧਾਨ ਦੀ ਸੀਟ ਅਣ-ਰਾਖਵੀਂ ਹੈ। ਇੱਥੇ 2 ਵਾਰਡ ਅਨੁਸੂਚਿਤ ਜਾਤੀ, 1 ਵਾਰਡ ਅਨੁਸੂਚਿਤ ਜਾਤੀ (ਮਹਿਲਾ), 1 ਵਾਰਡ ਬੀ.ਸੀ.-ਏ, 1 ਵਾਰਡ ਬੀ.ਸੀ.-ਏ (ਮਹਿਲਾ), 1 ਵਾਰਡ ਬੀ.ਸੀ.-ਬੀ, 1 ਵਾਰਡ ਬੀ.ਸੀ.-ਬੀ (ਮਹਿਲਾ), 3 ਵਾਰਡ ਮਹਿਲਾਵਾਂ ਲਈ ਰਾਖਵੇਂ ਅਤੇ 8 ਵਾਰਡ ਅਣ-ਰਾਖਵੇਂ ਰੱਖੇ ਗਏ ਹਨ। ਇੱਥੇ 27 ਮਤਦਾਨ ਕੇਂਦਰਾਂ @ਤੇ 23,224 ਵੋਟਰ ਆਪਣੀ ਵੋਟ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿੱਚ 12,694 ਪੁਰਸ਼, 10,529 ਮਹਿਲਾਵਾਂ ਅਤੇ 1 ਹੋਰ ਵੋਟਰ ਸ਼ਾਮਲ ਹੈ। ਬੁਲਾਰੇ ਨੇ ਇਹ ਵੀ ਦੱਸਿਆ ਕਿ 6 ਸੰਸਥਾਵਾਂ ਵਿੱਚ 6 ਵਾਰਡਾਂ ਲਈ ਜ਼ਿਮਨੀ ਚੋਣਾਂ ਵੀ ਕਰਵਾਈਆਂ ਜਾਣਗੀਆਂ। ਇਨ੍ਹਾਂ ਜ਼ਿਮਨੀ ਚੋਣਾਂ ਲਈ 8 ਮਤਦਾਨ ਕੇਂਦਰ ਸਥਾਪਿਤ ਕੀਤੇ ਜਾਣਗੇ, ਜਿੱਥੇ ਕੁੱਲ 7,237 ਵੋਟਰ ਵੋਟ ਪਾਉਣਗੇ। ਇਨ੍ਹਾਂ ਵਿੱਚ 3,759 ਪੁਰਸ਼ ਅਤੇ 3,478 ਮਹਿਲਾ ਵੋਟਰ ਸ਼ਾਮਲ ਹਨ। ਚੋਣ ਪ੍ਰੋਗਰਾਮ ਅਨੁਸਾਰ ਨੋਟੀਫਾਈਡ ਸਾਰੀਆਂ ਸੰਸਥਾਵਾਂ ਵਿੱਚ 10 ਮਈ 2026 ਨੂੰ ਵੋਟਿੰਗ ਕਰਵਾਈ ਜਾਵੇਗੀ।

# ਪੀਐਮਟੀ ਇਸ ਵਾਰ ਆਧਾਰ ਅਧਾਰਿਤ ਬਾਇਓਮੈਟ੍ਰਿਕ ਤਸਦੀਕ ਤੇ ਹੋਵੇਗੀ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਦੇ ਮੈਂਬਰ ਸ੍ਰੀ ਭੁਪੇਂਦਰ ਚੌਹਾਨ ਨੇ ਦਸਿਆ ਕਮਿਸ਼ਨ ਵੱਲੋਂ ਆਯੋਜਿਤ ਸ਼ਰੀਰਿਕ ਮਾਪ ਪ੍ਰੀਖਿਆ (ਪੀਐਮਟੀ) ਇਸ ਵਾਰ ਆਧਾਰ ਅਧਾਾਰਿਤ ਬਾਇਓਮੈਟ੍ਰਿਕ ਤਸਦੀਕ ਪ੍ਰਣਾਲੀ @ਤੇ ਆਯੋਜਿਤ ਕੀਤੀ ਜਾਵੇਗੀ। ਇਸੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਆਧਾਰ ਬਾਇਓਮੈਟ੍ਰਿਕ ਦਾ ਲਾਕ ਸਟੇਟਸ ਪਹਿਲਾਂ ਤੋਂ ਜਾਂਚ ਲੈਣ ਅਤੇ ਜਰੂਰਤ ਹੋਣ @ਤੇ ਉਸ ਨੂੰ ਅਣਲਾਕ ਕਰ ਲੈਣ, ਤਾਂ ਜੋ ਤਸਦੀਕ ਪ੍ਰਕ੍ਰਿਆ ਬਿਨ੍ਹਾ ਕਿਸੇ ਰੁਕਾਵਟ ਦੇ ਸਮੇਂ @ਤੇ ਪੂਰੀ ਹੋ ਸਕਣ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਉਮੀਦਵਾਰ ਦਾ ਆਧਾਰ ਬਾਇਓਮੈਟ੍ਰਿਕ ਲੋਕ ਰਹੇਗਾ ਤਾਂ ਤਸਦੀਕ ਵਿੱਚ ਗੈਰ-ਜਰੂਰੀ ਦੇਰੀ ਹੋ ਸਕਦੀ ਹੈ, ਕਿਉਂਕਿ ਪ੍ਰੀਖਿਆ ਕੇਂਦਰ @ਤੇ ਮੋਬਾਇਲ ਫੋਨ ਦੀ ਵਰਤੋ ਦੀ ਮੰਜ਼ੂਰੀ ਨਹੀਂ ਹੋਵੇਗੀ

# ਮਾਣਹਾਨੀ ਮਾਮਲੇ ਵਿੱਚ ਸੁਖਬੀਰ ਬਾਦਲ ਨੂੰ ਪੇਸ਼ੀ ਤੋਂ ਛੋਟ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੋਂ ਦੇ ਸੈਕਟਰ 43 ਸਥਿਤ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿੱਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁੱਧ ਦਾਇਰ ਮਾਣਹਾਨੀ ਮਾਮਲੇ ਦੀ ਸੁਣਵਾਈ ਹੋਈ। ਇਸ ਦੌਰਾਨ ਸੁਖਬੀਰ ਬਾਦਲ ਵੱਲੋਂ ਅਰਜ਼ੀ ਦਾਇਰ ਕਰਕੇ ਪੇਸ਼ ਤੋਂ ਛੋਟ ਦੇਣ ਦੀ ਮੰਗ ਕੀਤੀ। ਇਹ ਅਰਜ਼ੀ ਸੁਖਬੀਰ ਦੇ ਵਕੀਲ ਰਾਜੇਸ਼ ਕੁਮਾਰ ਰਾਏ ਨੇ ਦਾਇਰ ਕੀਤੀ ਹੈ, ਜਿਸ ਦਾ ਕਹਿਣਾ ਸੀ ਕਿ ਸੁਖਬੀਰ ਬਾਦਲ ਅੱਜ ਪੰਜਾਬ ਤੋਂ ਬਾਹਰ ਹੋਣ ਕਰਕੇ ਸੁਣਵਾਈ ਲਈ ਪੇਸ਼ ਨਹੀਂ ਹੋ ਸਕੇ।

ਅਦਾਲਤ ਨੇ ਸੁਖਬੀਰ ਬਾਦਲ ਦੀ ਅਰਜ਼ੀ ਨੂੰ ਮਨਜ਼ੂਰ ਕਰਦਿਆਂ ਮਾਮਲੇ ਦੀ ਸੁਣਵਾਈ 24 ਅਪਰੈਲ 'ਤੇ ਪਾ ਦਿੱਤੀ ਹੈ। ਦੱਸਣਯੋਗ ਹੈ ਕਿ ਜਨਵਰੀ 2017 ਵਿੱਚ 'ਅਖੰਡ ਕੀਰਤਨੀ ਜਥਾ' ਦੇ ਬੁਲਾਰੇ ਰਾਜਿੰਦਰ ਪਾਲ ਸਿੰਘ ਨੇ ਸੁਖਬੀਰ ਬਾਦਲ ਖ਼ਿਲਾਫ਼ ਜ਼ਿਲ੍ਹਾ ਅਦਾਲਤ ਵਿੱਚ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ। ਰਾਜਿੰਦਰ ਪਾਲ ਸਿੰਘ ਨੇ ਕਿਹਾ ਸੀ ਕਿ ਜਨਵਰੀ 2017 ਵਿੱਚ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿੱਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ ਤਾਂ ਸੁਖਬੀਰ ਬਾਦਲ ਨੇ ਕਥਿਤ ਤੌਰ 'ਤੇ ਇਸ ਜਥੇਬੰਦੀ ਨੂੰ ਅਤਿਵਾਦੀ ਸਮੂਹ ਦਾ ਸਿਆਸੀ ਚਿਹਰਾ ਦੱਸਿਆ ਸੀ, ਜੋ ਪੂਰੀ ਤਰ੍ਹਾਂ ਬੇਬੁਨਿਆਦ ਸੀ।

# ਪੰਜਾਬ ਨੂੰ ਖ਼ਰੀਦ ਮਾਪਦੰਡਾਂ 'ਚ ਛੋਟ ਮਿਲਣ ਦੇ ਆਸਾਰ




**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਕਣਕ ਦੇ ਖ਼ਰੀਦ ਮਾਪਦੰਡਾਂ 'ਚ ਛੋਟ ਮਿਲਣ ਦੀ ਸੰਭਾਵਨਾ ਹੈ, ਜਿਸ ਬਾਰੇ ਕੇਂਦਰ ਸਰਕਾਰ ਭਲਕੇ ਵੀਰਵਾਰ ਨੂੰ ਰਸਮੀ ਐਲਾਨ ਕਰ ਸਕਦੀ ਹੈ। ਕੇਂਦਰ ਸਰਕਾਰ ਨੇ ਅੱਜ ਹਰਿਆਣਾ ਨੂੰ ਪਹਿਲਾਂ ਹੀ ਕਣਕ ਦੇ ਖ਼ਰੀਦ ਮਾਪਦੰਡਾਂ 'ਚ ਛੋਟ ਦਾ ਐਲਾਨ ਕਰ ਦਿੱਤਾ ਹੈ। ਇਸ ਮਗਰੋਂ ਹੁਣ ਪੰਜਾਬ ਨੂੰ ਵੀ ਖ਼ਰੀਦ ਮਾਪਦੰਡਾਂ 'ਚ ਛੋਟ ਦਾ ਐਲਾਨ ਕਿਸੇ ਵੇਲੇ ਵੀ ਹੋ ਸਕਦਾ ਹੈ। ਕੇਂਦਰੀ ਟੀਮ ਵੱਲੋਂ ਸੂਬੇ ਦੇ 22 ਜ਼ਿਲ੍ਹਿਆਂ ਦੀਆਂ ਮੰਡੀਆਂ 'ਚੋਂ ਕਣਕ ਦੇ 291 ਨਮੂਨੇ ਭਰੇ ਗਏ ਹਨ, ਜਦੋਂ ਕਿ ਪਠਾਨਕੋਟ ਜ਼ਿਲ੍ਹੇ 'ਚ ਹਾਲੇ ਫ਼ਸਲ ਨਹੀਂ ਆਈ ਸੀ। ਭਾਰਤੀ ਖ਼ੁਰਾਕ ਨਿਗਮ ਦੀ ਚੰਡੀਗੜ੍ਹ ਸਥਿਤ ਲੈਬ 'ਚ ਅੱਜ ਪੂਰਾ ਦਿਨ ਨਮੂਨਿਆਂ ਦੀ ਟੈਸਟਿੰਗ ਹੋਈ। ਦੇਰ ਸ਼ਾਮ ਤੱਕ ਸਮੁੱਚੇ ਨਮੂਨਿਆਂ ਦੀ ਰਿਪੋਰਟ ਮੁਕੰਮਲ ਹੋਣ ਮਗਰੋਂ ਕੇਂਦਰੀ ਟੀਮ ਨੇ ਰਿਪੋਰਟ ਖ਼ੁਰਾਕ ਮੰਤਰਾਲੇ ਨੂੰ ਭੇਜ ਦਿੱਤੀ ਹੈ।

ਸੂਤਰਾਂ ਅਨੁਸਾਰ ਨਮੂਨਿਆਂ ਦੀ ਰਿਪੋਰਟ 'ਚ ਲਸਟਰ ਲੌਸ ਤੈਅ ਮਾਪਦੰਡਾਂ ਤੋਂ ਵੱਧ ਪਾਇਆ ਗਿਆ ਹੈ ਜਦੋਂ ਕਿ ਸੁੰਗੜੇ ਦਾਣੇ ਅਤੇ ਦਾਣਿਆਂ ਦੀ ਟੁੱਟ ਨਿਸ਼ਚਿਤ ਸੀਮਾ ਤੋਂ ਵੱਧ ਨਿਕਲੀ ਹੈ। ਦਾਣਿਆਂ ਦਾ ਕਾਲਾਪਣ ਵੀ ਜ਼ਿਆਦਾ ਸਾਹਮਣੇ ਆਇਆ ਹੈ। ਕੇਂਦਰ ਸਰਕਾਰ ਇਸ ਤੋਂ ਪਹਿਲਾਂ 9 ਅਪਰੈਲ ਨੂੰ ਰਾਜਸਥਾਨ ਨੂੰ ਖ਼ਰੀਦ ਪੈਮਾਨਿਆਂ 'ਚ ਛੋਟ ਦੇ ਚੁੱਕੀ ਹੈ। ਸੂਤਰ ਦੱਸਦੇ ਹਨ ਕਿ ਰਾਜਸਥਾਨ ਦੀ ਤਰਜ਼ 'ਤੇ ਹੀ ਪੰਜਾਬ ਨੂੰ ਖ਼ਰੀਦ ਪੈਮਾਨਿਆਂ 'ਚ ਛੋਟ ਮਿਲ ਸਕਦੀ ਹੈ।

ਖ਼ਰੀਦ ਪੈਮਾਨਿਆਂ ਅਨੁਸਾਰ ਦਾਣਿਆਂ ਦੀ ਟੁੱਟ ਛੇ ਫ਼ੀਸਦੀ ਤੱਕ ਜਾਇਜ਼ ਮੰਨੀ ਜਾਂਦੀ ਹੈ ਅਤੇ ਹੁਣ ਰਾਜਸਥਾਨ ਨੂੰ 15 ਫ਼ੀਸਦੀ ਤੱਕ ਦੀ ਛੋਟ ਦਿੱਤੀ ਗਈ ਹੈ। ਇਸੇ ਤਰ੍ਹਾਂ ਲਸਟਰ ਲੌਸ 'ਚ ਰਾਜਸਥਾਨ ਨੂੰ 50 ਫ਼ੀਸਦੀ ਤੱਕ ਛੋਟ ਦਿੱਤੀ ਗਈ ਹੈ। ਨੁਕਸਾਨੇ ਦਾਣਿਆਂ ਦੀ ਸੀਮਾ 'ਚ ਛੇ ਫ਼ੀਸਦੀ ਤੱਕ ਦੀ ਛੋਟ ਦਿੱਤੀ ਗਈ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਰਾਜਸਥਾਨ ਵਾਂਗ ਹੀ ਪੰਜਾਬ 'ਚ ਫ਼ਸਲੀ ਗੁਣਵੱਤਾ ਨੂੰ ਢਾਹ ਲੱਗੀ ਹੈ ਜਿਸ ਕਰ ਕੇ ਰਾਜਸਥਾਨੀ ਤਰਜ਼ 'ਤੇ ਹੀ ਸੂਬੇ ਨੂੰ ਖ਼ਰੀਦ ਮਾਪਦੰਡਾਂ 'ਚ ਛੋਟ ਮਿਲੇਗੀ। ਸੂਬਾ ਸਰਕਾਰ ਨੇ ਹੁਣ ਤੱਕ ਬਾਰਿਸ਼ਾਂ ਨਾਲ ਕਰੀਬ 1.30 ਲੱਖ ਏਕੜ ਫ਼ਸਲ ਦਾ ਨੁਕਸਾਨ ਦੱਸਿਆ ਹੈ ਅਤੇ ਵਿਸ਼ੇਸ਼ ਗਿਰਦਾਵਰੀ ਦਾ ਕੰਮ ਚੱਲ ਰਿਹਾ ਹੈ। ਸਰਕਾਰ ਵੱਲੋਂ ਸੂਬੇ 'ਚੋਂ 122 ਲੱਖ ਮੀਟਰਿਕ ਟਨ ਫ਼ਸਲ ਦੀ ਖ਼ਰੀਦ ਦਾ ਟੀਚਾ ਮਿਥਿਆ ਗਿਆ ਹੈ। ਮੰਡੀਆਂ 'ਚ ਇਸ ਵੇਲੇ ਤੱਕ 6.53 ਲੱਖ ਮੀਟਰਿਕ ਟਨ ਤੋਂ ਵੱਧ ਕਣਕ ਪੁੱਜੀ ਹੈ ਪਰ ਖ਼ਰੀਦ ਪੈਮਾਨਿਆਂ ਦੇ ਅੜਿੱਕੇ ਕਾਰਨ ਫ਼ਸਲੀ ਖ਼ਰੀਦ ਰੁਕੀ ਹੋਈ ਹੈ। ਮੰਡੀਆਂ 'ਚੋਂ ਹੁਣ ਤੱਕ 2.47 ਲੱਖ ਮੀਟਰਿਕ ਟਨ ਕਣਕ ਖ਼ਰੀਦੀ ਗਈ ਹੈ ਜੋ ਕਰੀਬ 38 ਫ਼ੀਸਦੀ ਬਣਦੀ ਹੈ। ਸੂਬਾ ਸਰਕਾਰ ਨੂੰ ਉਮੀਦ ਹੈ ਕਿ 16 ਅਪਰੈਲ ਨੂੰ ਖ਼ਰੀਦ ਮਾਪਦੰਡਾਂ 'ਚ ਕੇਂਦਰ ਛੋਟ ਦੇਵੇਗੀ ਅਤੇ 17 ਅਪਰੈਲ ਤੋਂ ਮੰਡੀਆਂ 'ਚ ਫ਼ਸਲ ਦੀ ਖ਼ਰੀਦ ਤੇਜ਼ ਰਫ਼ਤਾਰੀ ਨਾਲ ਸ਼ੁਰੂ ਹੋ ਜਾਵੇਗੀ। ਇਸ ਦੌਰਾਨ ਕੇਂਦਰੀ ਖ਼ੁਰਾਕ ਨਿਗਮ ਨੇ ਪੰਜਾਬ ਦੀਆਂ ਮੰਡੀਆਂ 'ਚੋਂ ਕਣਕ ਦੀ ਸਿੱਧੀ ਚੁਕਾਈ ਅੱਜ ਤੋਂ ਸ਼ੁਰੂ ਕਰ ਦਿੱਤੀ ਹੈ। ਖੰਨਾ ਮੰਡੀ 'ਚੋਂ ਕਣਕ ਦੀ ਸਿੱਧੀ ਚੁਕਾਈ ਤਹਿਤ ਪਹਿਲੀ ਟਰੇਨ ਲੋਡ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ 22 ਲੱਖ ਟਨ ਫ਼ਸਲ ਮੰਡੀਆਂ 'ਚੋਂ ਸਿੱਧੇ ਚੁੱਕਣ ਲਈ ਕਿਹਾ ਸੀ। ਜਾਣਕਾਰੀ ਮੁਤਾਬਕ ਰੋਜ਼ਾਨਾ ਸਿੱਧੀ ਚੁਕਾਈ ਕਰਨ ਲਈ ਔਸਤ 20 ਟਰੇਨਾਂ ਰੋਜ਼ਾਨਾ ਪੰਜਾਬ 'ਚੋਂ ਲੋਡ ਹੋਣਗੀਆਂ।ਭਾਰਤੀ ਖ਼ੁਰਾਕ ਨਿਗਮ (ਐੱਫ ਸੀ ਆਈ) ਦੇ ਅੰਕੜਿਆਂ ਅਨੁਸਾਰ ਮੌਜੂਦਾ 2026-27 ਦੇ ਹਾੜ੍ਹੀ ਮੰਡੀਕਰਨ ਸੀਜ਼ਨ ਵਿੱਚ ਕਣਕ ਦੀ ਸਰਕਾਰੀ ਖ਼ਰੀਦ ਹੁਣ ਤੱਕ 15.30 ਲੱਖ ਟਨ ਤੱਕ ਹੀ ਪੁੱਜੀ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 69 ਫ਼ੀਸਦੀ ਤੋਂ ਵੀ ਘੱਟ ਹੈ। ਕਣਕ ਜੋ ਹਾੜ੍ਹੀ ਦੀ ਮੁੱਖ ਫ਼ਸਲ ਹੈ, ਦੀ ਖ਼ਰੀਦ ਮੁੱਖ ਤੌਰ 'ਤੇ ਐੱਫ ਸੀ ਆਈ ਅਤੇ ਸੂਬੇ ਦੀਆਂ ਹੋਰ ਖ਼ਰੀਦ ਏਜੰਸੀਆਂ ਵੱਲੋਂ ਕੀਤੀ ਜਾਂਦੀ ਹੈ।

# ਕੂੜੇ ਦੇ ਢੇਰ ਨੂੰ ਅੱਗ ਲੱਗਣ ਮਗਰੋਂ ਧਰਨਾ ਲਾਇਆ




**ਮੁਹਾਲੀ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਫੇਜ਼ 5 ਨਾਲ ਲੱਗਦੇ ਉਦਯੋਗਿਕ ਖੇਤਰ ਦੀ ਥਾਂ 'ਚ ਲੱਗਦੀ ਸਬਜ਼ੀ ਮੰਡੀ ਨੇੜੇ ਪੱਤਿਆਂ ਅਤੇ ਕੂੜੇ ਦੇ ਢੇਰ ਨੂੰ ਬੀਤੀ ਰਾਤ ਅੱਗ ਲੱਗ ਗਈ।

ਫਾਇਰ ਬ੍ਰਿਗੇਡ ਦੀਆਂ ਅੱਠ ਗੱਡੀਆਂ ਨੇ ਕਾਫ਼ੀ ਜੱਦੋ-ਜਹਿਦ ਮਗਰੋਂ ਅੱਗ 'ਤੇ ਕਾਬੂ ਪਾਇਆ। ਪਿੰਡ ਸ਼ਾਹੀ ਮਾਜਰਾ ਅਤੇ ਫੇਜ਼ 5 ਦੇ ਸਾਬਕਾ ਕੌਂਸਲਰ ਜਗਦੀਸ਼ ਸਿੰਘ ਜੱਗਾ ਨੇ ਦੱਸਿਆ ਕਿ ਇੱਥੇ ਬਣੇ ਆਰ ਐੱਮ ਸੀ ਸੈਂਟਰ ਵਿੱਚ ਥਾਂ ਨਾ ਹੋਣ ਕਾਰਨ ਠੇਕੇਦਾਰ ਵੱਲੋਂ ਇਸ ਦੇ ਨਾਲ ਲੱਗਦੀ ਮੰਡੀ ਵਾਲੀ ਥਾਂ ਵਿੱਚ ਕੂੜੇ ਦੀਆਂ ਟਰਾਲੀਆਂ ਸੁਟਵਾਈਆਂ ਜਾ ਰਹੀਆਂ ਸਨ ਅਤੇ ਇਹ ਢੇਰ ਬਹੁਤ ਜ਼ਿਆਦਾ ਹੋ ਗਏ ਹਨ।

ਉਨ੍ਹਾਂ ਕਿਹਾ ਵਸਨੀਕਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਇਸ ਥਾਂ 'ਤੇ ਲਾਏ ਗਏ ਇਹ ਕੂੜੇ ਅਤੇ ਪੱਤਿਆਂ ਦੇ ਢੇਰ ਚੁਕਵਾਏ ਜਾਣ ਪਰ ਨਗਰ ਨਿਗਮ ਵੱਲੋਂ ਇਸ ਤੋਂ ਟਾਲਾ ਵੱਟਿਆ ਜਾ ਰਿਹਾ ਸੀ। ਅੱਗ ਲੱਗਣ ਤੋਂ ਬਾਅਦ ਸਾਬਕਾ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਸਾਬਕਾ ਅਕਾਲੀ ਕੌਂਸਲਰ ਕੁਲਦੀਪ ਕੌਰ ਕੰਗ ਅਤੇ ਸਾਬਕਾ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਵੀ ਮੌਕੇ 'ਤੇ ਪਹੁੰਚੇ ਅਤੇ ਇਸ ਮੁੱਦੇ 'ਤੇ ਇਨ੍ਹਾਂ ਵਿਚਾਲੇ ਬਹਿਸ ਵੀ ਹੋਈ।

ਬੀਤੀ ਰਾਤ ਲੱਗੀ ਅੱਗ ਤੋਂ ਬਾਅਦ ਅੱਜ ਦਿਨ ਸਮੇਂ ਸਥਾਨਕ ਵਸਨੀਕਾਂ ਵੱਲੋਂ ਟੈਂਟ ਲਗਾ ਕੇ ਧਰਨਾ ਆਰੰਭ ਦਿੱਤਾ ਗਿਆ ਹੈ।ਧਰਨਾਕਾਰੀਆਂ ਦੀ ਮੰਗ ਹੈ ਕਿ ਇੱਥੋਂ ਆਰ ਐੱਮ ਸੀ ਕੇਂਦਰ ਨੂੰ ਕਿਤੇ ਹੋਰ ਥਾਂ ਤਬਦੀਲ ਕੀਤਾ ਜਾਵੇ।

ਧਰਨੇ ਦੌਰਾਨ ਆਮ ਆਦਮੀ ਪਾਰਟੀ ਦੇ ਯੂਥ ਆਗੂ ਅਤੇ ਸਾਬਕਾ ਕੌਂਸਲਰ ਸਰਬਜੀਤ ਸਿੰਘ ਸਮਾਣਾ ਨੇ ਵਸਨੀਕਾਂ ਨਾਲ ਗੱਲ ਕੀਤੀ ਅਤੇ ਉਨ੍ਹਾਂ ਭਰੋਸਾ ਦਿਵਾਇਆ ਗਿਆ ਕਿ ਮਾਮਲਾ ਛੇਤੀ ਹੱਲ ਕਰਵਾਇਆ ਜਾਵੇਗਾ।

# ਗਾਹਕਾਂ ਬਿਨਾਂ ਬਾਜ਼ਾਰ ਸੁੰਨੇ

**ਰਤੀਆ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਣਕ ਦੀ ਫ਼ਸਲ ਪੱਕਣ ਕਰ ਕੇ ਹੁਣ ਕਟਾਈ/ਵਢਾਈ ਸ਼ੁਰੂ ਹੋ ਗਈ ਹੈ। ਇਨ੍ਹੀਂ ਦਿਨੀਂ ਪੇਂਡੂ ਖੇਤਰਾਂ ਦੇ ਲੋਕ ਫ਼ਸਲਾਂ ਦੀ ਕਟਾਈ ਵਿੱਚ ਰੁੱਝੇ ਹੋਏ ਹਨ।

ਇਸ ਦਾ ਪ੍ਰਭਾਵ ਸ਼ਹਿਰ ਦੇ ਬਾਜ਼ਾਰਾਂ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ। ਇਨ੍ਹੀਂ ਦਿਨੀਂ, ਬਾਜ਼ਾਰਾਂ ਵਿੱਚ ਪੇਂਡੂ ਗਾਹਕਾਂ ਦੀ ਗਿਣਤੀ ਲਗਪਗ ਨਾਮਾਤਰ ਹੋ ਗਈ ਹੈ। ਇਸ ਕਾਰਨ ਬਾਜ਼ਾਰ ਸੁੰਨਸਾਨ ਹੋ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨਾਂ ਨੇ ਕਿਹਾ ਕਿ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਦੀ ਕਟਾਈ ਸ਼ੁਰੂ ਹੋ ਗਈ ਹੈ।

ਖ਼ਰਾਬ ਮੌਸਮ ਤੋਂ ਚਿੰਤਤ ਲੋਕ ਜਲਦੀ ਤੋਂ ਜਲਦੀ ਵਾਢੀ ਕਰਵਾਉਣ ਲਈ ਕਾਹਲੇ ਪੈ ਰਹੇ ਹਨ।

ਨਤੀਜੇ ਵਜੋਂ ਹੁਣ ਬਹੁਤ ਘੱਟ ਲੋਕ ਸ਼ਹਿਰ ਵਿੱਚ ਆ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਅਪਰੈਲ ਦੇ ਅੰਤ ਤੱਕ ਵਾਢੀ ਪੂਰੀ ਹੋ ਜਾਵੇਗੀ।

ਦੁਕਾਨਦਾਰਾਂ ਨੇ ਦੱਸਿਆ ਕਿ ਅਗਲੇ ਕਰੀਬ 20 ਦਿਨਾਂ ਲਈ ਪੇਂਡੂ ਖੇਤਰਾਂ ਤੋਂ ਬਹੁਤ ਘੱਟ ਲੋਕ ਹੀ ਸ਼ਹਿਰ ਆਉਣਗੇ।

# ਐੱਸ ਬੀ ਆਈ ਦੇ ਦਫਤਰ 'ਚ ਫਾਇਰ ਮੌਕ ਡਰਿੱਲ



**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸੈਕਟਰ 17 ਸਥਿਤ ਸਟੇਟ ਬੈਂਕ ਆਫ ਇੰਡੀਆ ਦੇ ਮੁੱਖ ਦਫਤਰ ਵਿੱਚ ਅੱਜ ਦੁਪਹਿਰੇ ਅੱਗ ਲੱਗਣ ਦੀ ਸੂਚਨਾ ਫਾਇਰ ਮੌਕ ਡਰਿੱਲ ਨਿਕਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਦੁਪਹਿਰੇ 1:30 ਵਜੇ ਅਚਾਨਕ ਬੈਂਕ ਦੇ ਫਾਇਰ ਅਲਾਰਮ ਵੱਜਣ ਲੱਗ ਪਏ।

ਬੈਂਕ ਅਧਿਕਾਰੀਆਂ ਨੇ ਤੁਰੰਤ ਐਮਰਜੈਂਸੀ ਹੈਲਪਲਾਈਨ ਨੰਬਰ 112 'ਤੇ ਫੋਨ ਰਾਹੀਂ ਸੂਚਨਾ ਦਿੱਤੀ ਕਿ ਸੈਕਟਰ 17 ਸਥਿਤ ਸਟੇਟ ਬੈਂਕ ਆਫ ਇੰਡੀਆ ਦੇ ਦਫਤਰ ਵਿੱਚ ਅੱਗ ਲੱਗ ਗਈ ਹੈ। ਫਾਇਰ ਬ੍ਰਿਗੇਡ ਦੀ ਟੀਮ ਨੇ ਅੱਗ ਲੱਗਣ ਦੀ ਜਾਣਕਾਰੀ ਮਿਲਦਿਆਂ ਹੀ ਤੁਰੰਤ ਪਹੁੰਚ ਕੇ ਬੈਂਕ ਨੂੰ ਖਾਲ੍ਹੀ ਕਰਵਾ ਲਿਆ ਅਤੇ ਅੱਗ ਬੁਝਾਉਣ ਬਾਰੇ ਸਾਰਿਆਂ ਨੂੰ ਜਾਗਰੂਕ ਕੀਤਾ। ਫਾਇਰ ਬ੍ਰਿਗੇਡ ਅਧਿਕਾਰੀਆਂ ਵੱਲੋਂ ਬੈਂਕ ਦੀ ਤੀਜੀ ਮੰਜ਼ਿਲ ਤੋਂ ਮੁਲਾਜ਼ਮਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਇਸ ਮੌਕੇ ਐਂਬੂਲੈਂਸ ਨੂੰ ਵੀ ਸੱਦਿਆ ਗਿਆ, ਜਿਸ ਵਿੱਚ ਅੱਗਜ਼ਨੀ ਵਿੱਚ ਫਸੇ ਲੋਕਾਂ ਨੂੰ ਮੁੱਢਲੀ ਸਿਹਤ ਸਹੂਲਤ ਦਿੱਤੀ ਗਈ।

ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਨੇ ਇਸ ਦੌਰਾਨ ਸਟੇਟ ਬੈਂਕ ਦੇ ਸਾਰੇ ਅਧਿਕਾਰੀਆਂ ਨੂੰ ਅੱਗਜ਼ਨੀ ਦੀ ਘਟਨਾ ਦੌਰਾਨ ਘਬਰਾਉਣ ਦੀ ਥਾਂ ਹੁਸ਼ਿਆਰੀ ਨਾਲ ਅੱਗ 'ਤੇ ਪਾਉਣ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਟੇਟ ਬੈਂਕ ਆਫ ਇੰਡੀਆ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਵਿੱਚ ਪਿਛਲੇ ਦਿਨੀਂ ਸੈਕਟਰ 22 ਦੀ ਮਾਰਕੀਟ ਅਤੇ ਇੰਡਸਟਰੀਅਲ ਏਰੀਆ ਫੇਜ਼ 2 ਵਿੱਚ ਅੱਗ ਲੱਗਣ ਦੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਹਨ। ਇਸ ਦੌਰਾਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਸੀ, ਜਿਸ ਦੇ ਮੱਦੇਨਜ਼ਰ ਫਾਇਰ ਬ੍ਰਿਗੇਡ ਵਿਭਾਗ ਵੱਲੋਂ ਗਰਮੀਆਂ ਤੋਂ ਪਹਿਲਾਂ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਫਾਇਰ ਮੌਕ ਡਰਿੱਲ ਕਰਕੇ ਲੋਕਾਂ ਨੂੰ ਅੱਗ 'ਤੇ ਕਾਬੂ ਪਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।




# ਭੂਤਾਂ ਦਾ ਡੇਰਾ ਉੱਥੇ ਬੇਟੀ ਨਾ ਹੋਵੇ ਜਿੱਥੇ



ਡਾ. ਮਨੀਸ਼ਾ ਬੱਤਰਾ
98912-71517

ਬਹੁਤੀ ਹੀ ਵਾਰ ਸੁਣੀ-ਸੁਣਾਈ ਗੱਲ ਹੈ ਕਿ ਜਿਸ ਘਰ ਬੇਟੀ ਨਹੀਂ ਹੁੰਦੀ ਉਹ 'ਘਰ ਨਹੀਂ ਭੂਤਾਂ ਦਾ ਡੇਰਾ ਹੁੰਦਾ ਹੈ!'ਹਕੀਕਤ ਇਹ ਵੀ ਹੈ ਕਿ ਅਜੋਕੇ ਸਮੇਂ ਭਾਰਤ ਕੁੜੀਆਂ ਦੀ ਘਾਟ ਨਾਲ ਸਬੰਧਿਤ ਬਹੁਤ ਵੱਡੀ ਸਮੱਸਿਆ ਨਾਲ ਜੂਝ ਰਿਹਾ ਹੈ।

ਸਰਸਰੀ ਨਜ਼ਰੇ ਭਾਵੇਂ ਇਹ ਸਮੱਸਿਆ ਆਮ ਜਿਹੀ ਜਾਪਦੀ ਹੈ ਪਰ ਜੇ ਡੂੰਘਾਈ ਨਾਲ ਝਾਤ ਮਾਰੀ ਜਾਵੇ ਤਾਂ ਇਸ ਤੋਂ ਵੱਡੀ ਕੋਈ ਹੋਰ ਨਹੀਂ। 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਬਾਰੇ ਗੱਲ ਕਰਨ ਵੇਲੇ ਜਿਹੜਾ ਸਵਾਲ ਸਭ ਤੋਂ ਪਹਿਲਾਂ ਮਨ ਵਿਚ ਦਸਤਕ ਦਿੰਦਾ ਹੈ, ਉਹ ਇਹ ਹੈ ਕਿ ਭਾਰਤ ਮਾਂ ਦੇ ਨਾਂ ਤੋਂ ਪਛਾਣ ਰੱਖਣ ਨਾਲੇ ਮੇਰੇ ਦੇਸ਼ ਭਾਰਤ ਵਿਚ ਕੁੜੀਆਂ ਨੂੰ ਪੜ੍ਹਾਉਣ ਤੋਂ ਪਹਿਲਾਂ ਬਚਾਉਣ ਦੀ ਲੋੜ ਕਿਉਂ ਪੈ ਰਹੀ ਹੈ?

## ਪੁਰਾਤਨ ਸੱਭਿਆਚਾਰ

ਪੁਰਾਤਨ ਸੱਭਿਆਚਾਰ ਵਾਲਾ ਸਾਡਾ ਦੇਸ਼ ਆਪਣੀ ਪਰੰਪਰਾਗਤ ਸੰਸਕ੍ਰਿਤੀ ਅਤੇ ਔਰਤਾਂ ਦੇ ਸਨਮਾਨ ਲਈ ਜਾਣਿਆ ਜਾਂਦਾ ਸੀ, ਲੇਕਿਨ ਬਦਲਦੇ ਸਮੇਂ ਵਿਚ ਇਨ੍ਹਾਂ ਕੁੜੀਆਂ ਦੇ ਜਨਮ ਨੂੰ ਕਿਸੇ ਸਰਾਪ ਤੋਂ ਘੱਟ ਨਹੀਂ ਮੰਨਿਆ ਜਾਂਦਾ। ਕੁੜੀਆਂ ਨੂੰ ਪਾਲਣ ਤੋਂ ਲੈ ਕੇ ਉਨ੍ਹਾਂ ਦੀ ਪੜ੍ਹਾਈ ਤੇ ਵਿਆਹ ਨੂੰ ਕਿਸੇ ਪਰਿਵਾਰਕ ਜ਼ਿੰਮੇਵਾਰੀ ਦੀ ਥਾਂ ਬੋਝ ਮੰਨਿਆ ਜਾਂਦਾ ਰਿਹਾ ਹੈ।

## ਖ਼ੁਸ਼ੀ ਜ਼ਾਹਿਰ ਕਰਨਾ

ਬਹੁਤੀ ਥਾਈਂ ਤਾਂ ਕੁੜੀ ਦੇ ਜਨਮ 'ਤੇ ਖ਼ੁਸ਼ੀ ਜ਼ਾਹਿਰ ਕਰਨ ਨੂੰ ਅਨੋਖੀ ਜਿਹੀ ਗੱਲ ਮੰਨੀ ਜਾਂਦੀ ਹੈ। ਅਜਿਹੇ ਸਮੇਂ ਇਹ ਸਵਾਲ ਉੱਠਣੇ ਲਾਜ਼ਮੀ ਹੋ ਜਾਂਦੇ ਹਨ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਦਾ ਆਧਾਰ ਕੀ ਹੈ? ਇਸ ਤੋਂ ਤਾਂ ਸਿਰਫ਼ ਇਹੀ ਗੱਲ ਉਭਰਦੀ ਹੈ ਕਿ ਸਾਡੇ ਦੇਸ਼ ਵਿਚ ਬੇਟੀਆਂ 'ਅਸਿੱਖਿਅਤ' ਤੇ 'ਅਸੁਰੱਖਿਅਤ' ਹਨ। ਕੀ ਸਾਡੀਆਂ ਸਰਕਾਰਾਂ ਨੂੰ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਕੋਈ ਸੋਝੀ ਨਹੀਂ ਹੈ? ਕੀ ਜਨ ਸਾਧਾਰਣ ਨੂੰ ਆਪਣੇ ਦੇਸ਼ ਵਿਚ ਕੁੜੀਆਂ ਦੀ ਘਟ ਰਹੀ ਗਿਣਤੀ ਅਤੇ ਮਾਣ-ਸਨਮਾਨ ਬਾਰੇ ਕੋਈ ਜਾਗਰੂਕਤਾ ਨਹੀਂ ਹੈ?

## ਕੁੜੀਆਂ ਦੀ ਸਥਿਤੀ

ਕੁੜੀਆਂ ਦੀ ਇਸ ਸਥਿਤੀ ਨਾਲ ਸਬੰਧਿਤ ਕਿਸੇ ਵੀ ਗੱਲ ਦਾ ਜਵਾਬ ਲੱਭਣ ਲਈ ਸਾਨੂੰ ਇਤਿਹਾਸਕ ਪੰਨਿਆਂ ਨੂੰ ਫਰੋਲਣ ਦੀ ਕੋਈ ਖ਼ਾਸ ਲੋੜ ਨਹੀਂ ਪੈਂਦੀ ਬਲਕਿ ਕੁਝ ਕੁ ਸਾਲ ਪਿੱਛੇ ਜਾ ਕੇ ਹੀ ਸਾਡੇ ਦੇਸ਼ ਵਿਚਲੀਆਂ ਕੁੜੀਆਂ/ਔਰਤਾਂ ਦੀ ਸਥਿਤੀ ਬਾਰੇ ਪਤਾ ਚੱਲ ਜਾਂਦਾ ਹੈ। ਸਾਲ 2001 ਵਿਚ ਹੋਈ ਜਨ-ਗਣਨਾ ਤੋਂ ਪ੍ਰਾਪਤ ਆਂਕੜਿਆਂ ਅਨੁਸਾਰ ਸਾਡੇ ਦੇਸ਼ ਵਿਚ 0 ਤੋਂ 6 ਸਾਲ ਦੇ ਵਿਚਕਾਰ ਲਿੰਗ ਅਨੁਪਾਤ ਮੁਤਾਬਕ 1000 ਮੁੰਡਿਆਂ ਪਿੱਛੇ ਕੁੜੀਆਂ ਦੀ ਸੰਖਿਆ 927 ਸੀ। ਕਿਸੇ ਵੀ ਦੇਸ਼ ਦੀਆਂ ਕੁੜੀਆਂ ਦੀ ਸਥਿਤੀ ਬਾਰੇ ਜਾਣਨ ਲਈ ਇਹ ਆਂਕੜੇ ਆਪਣੇ-ਆਪ ਵਿਚ ਉੱਥੋਂ ਦੀ ਸਮਾਜਕ/ਸੱਭਿਆਚਾਰ ਸੰਰਚਨਾ 'ਤੇ ਪ੍ਰਸ਼ਨਚਿੰਨ੍ਹ ਲਗਾਉਂਦੇ ਹਨ। ਗੱਲ ਇੱਥੋਂ ਹੀ ਖ਼ਤਮ ਨਹੀਂ ਹੁੰਦੀ ਬਲਕਿ ਵਿਸ਼ਵ ਵਿਚ ਵਿਕਾਸਸ਼ੀਲ ਤੋਂ ਵਿਕਸਿਤ ਦੇਸ਼ਾਂ ਦੀ ਗਿਣਤੀ ਵਿਚ ਸ਼ਾਮਿਲ ਹੋਣ ਲਈ ਯਤਨਸ਼ੀਲ ਭਾਰਤ 'ਚ ਸਾਲ 2011 ਵਿਚ ਇਨ੍ਹਾਂ ਆਂਕੜਿਆਂ ਵਿਚ ਹੋਰ ਵੀ ਜ਼ਿਆਦਾ ਗਿਰਾਵਟ ਦੇਖਣ ਨੂੰ ਮਿਲੀ, ਜਿਸ ਅੰਤਰਗਤ ਇਹ ਗਿਣਤੀ 1000 ਮੁੰਡਿਆਂ ਤੋਂ ਸਿਰਫ਼ 918 ਕੁੜੀਆਂ ਤਕ ਪਹੁੰਚ ਗਈ ਜੋ ਕਿ ਪਹਿਲਾਂ ਤੋਂ ਵੀ ਘੱਟ ਸੀ।

## ਕਲਿਆਣਕਾਰੀ ਯੋਜਨਾਵਾਂ

ਦੇਸ਼ ਅੰਦਰਲੀਆਂ ਸਾਰੀਆਂ ਸਥਿਤੀਆਂ ਤੋਂ ਜਾਣੂ ਹੁੰਦਿਆਂ ਮੌਜੂਦਾ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਾਲੀ ਸਰਕਾਰ ਨੇ ਜਨ ਸਾਧਾਰਣ ਲਈ ਕਈ ਕਲਿਆਣਕਾਰੀ ਯੋਜਨਾਵਾਂ ਦਾ ਆਗ਼ਾਜ਼ ਕੀਤਾ ਹੈ। ਜਿਨ੍ਹਾਂ ਵਿੱਚੋਂ 22 ਜਨਵਰੀ, 2015 ਵਿਚ ਹਰਿਆਣਾ ਦੇ ਜ਼ਿਲ੍ਹੇ ਪਾਨੀਪਤ ਤੋਂ ਔਰਤਾਂ ਤੇ ਮਰਦਾਂ ਵਿਚਲੀ ਅਸਮਾਨਤਾ ਨੂੰ ਦੂਰ ਕਰਨ ਲਈ ਇਕ ਸਮਾਜਕ ਕਲਿਆਣਕਾਰੀ ਯੋਜਨਾ ਦੇ ਰੂਪ ਵਿਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੀ ਸ਼ੁਰੂਆਤ ਕੀਤੀ। ਰਾਸ਼ਟਰੀ ਪੱਧਰ 'ਤੇ, ਸਕੱਤਰ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਪ੍ਰਧਾਨਗੀ ਵਿਚ ਇਕ ਰਾਸ਼ਟਰੀ ਟਾਸਕ ਫੋਰਸ ਨਿਯਮਤ ਆਧਾਰ 'ਤੇ ਇਸ ਯੋਜਨਾ ਦੀ ਵਿਚ ਹੋਣ ਵਾਲੀ ਤਿਮਾਹੀ ਤਰੱਕੀ ਦੀ ਨਿਗਰਾਨੀ ਕਰਦੀ ਹੈ। ਸੂਬਾ ਪੱਧਰ 'ਤੇ ਮੁੱਖ ਸਕੱਤਰ ਦੀ ਪ੍ਰਧਾਨਗੀ ਵਿਚ ਇਕ ਰਾਜ ਟਾਸਕ ਫੋਰਸ ਇਸ ਵਿਚਲੀ ਪ੍ਰਗਤੀ ਦੀ ਨਿਗਰਾਨੀ ਕਰਦੀ ਹੈ।

## ਦਿਸ਼ਾ-ਨਿਰਦੇਸ਼ਨ

ਜ਼ਿਲ੍ਹਾ ਪੱਧਰ 'ਤੇ ਜ਼ਿਲ੍ਹਾ ਕਲੈਕਟਰ (ਡੀਸੀ), ਜ਼ਿਲ੍ਹਾ ਅਧਿਕਾਰੀਆਂ ਦੇ ਮਾਧਿਅਮ ਨਾਲ ਸਾਰੇ ਵਿਭਾਗਾਂ ਦੀ ਕਾਰਵਾਈ ਦਾ ਤਾਲਮੇਲ ਕਰਦੇ ਹਨ ਜੋ ਕਿ ਆਪਣੇ-ਆਪਣੇ ਅਹੁਦਿਆਂ ਅਨੁਸਾਰ ਸੰਪੂਰਨ ਦਿਸ਼ਾ-ਨਿਰਦੇਸ਼ਨ ਅਤੇ ਯੋਜਨਾ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ।

## ਭਰੂਣ-ਹੱਤਿਆ

ਭਾਰਤ ਸਰਕਾਰ ਦੀ ਇਸ ਯੋਜਨਾ ਦੇ ਮੁੱਖ ਉਦੇਸਾਂ ਵੱਲ ਧਿਆਨ ਕੇਂਦ੍ਰਿਤ ਕੀਤਾ ਜਾਵੇ ਤਾਂ ਇਸ ਯੋਜਨਾ ਦਾ ਮੂਲ ਮੰਤਵ ਪੱਖਪਾਤੀ ਲਿੰਗ-ਚੋਣ ਦੀ ਪ੍ਰਕਿਰਿਆ ਕਾਰਣ ਕੁੜੀਆਂ ਦੀ ਭਰੂਣ-ਹੱਤਿਆ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਨਾਲ ਸਬੰਧਿਤ ਹੈ। ਇਸ ਦੇ ਨਾਲ ਹੀ ਇਹ ਯੋਜਨਾ ਕੁੜੀਆਂ ਦੀ ਹੋਂਦ ਨੂੰ ਯਕੀਨੀ ਬਣਾਉਣ ਦੇ ਨਾਲ, ਉਨ੍ਹਾਂ ਨੂੰ ਮੁੰਡਿਆਂ ਵਾਂਗ ਸਮਝਣ ਤੇ ਕੁੜੀਆਂ ਦੇ ਜਨਮ ਨੂੰ ਬੋਝ ਨਾ ਸਮਝ ਕੇ ਖ਼ੁਸ਼ੀ ਮਨਾਉਣ ਲਈ ਵੀ ਪ੍ਰੇਰਿਤ ਕਰਦੀ ਹੈ।

## ਸਰਵੇਖਣ

ਗਲੋਬਲ ਪੱਧਰ 'ਤੇ ਕੀਤੇ ਸਰਵੇਖਣ ਬਾਰੇ ਸਾਲ 2012 ਵਿਚ ਜਦੋਂ ਯੂਨੀਸੈਫ਼ ਨੇ ਔਰਤਾਂ ਅਤੇ ਕੁੜੀਆਂ ਦੀ ਸੁਰੱਖਿਆ ਪ੍ਰਤੀ ਆਪਣੇ ਦੁਆਰਾ ਪੇਸ਼ ਆਂਕੜਿਆਂ ਨੂੰ ਪੂਰੇ ਵਿਸ਼ਵ ਸਾਹਮਣੇ ਰੱਖਿਆ ਤਾਂ 195 ਦੇਸ਼ਾਂ ਦੀ ਗਿਣਤੀ ਵਿਚ ਭਾਰਤ ਦਾ ਸਥਾਨ 41 ਵਾਂ ਸੀ। ਇਨ੍ਹਾਂ ਆਂਕੜਿਆਂ ਨੇ ਭਾਰਤ ਵਿਚ ਕੁੜੀਆਂ ਦੀ ਸੁਰੱਖਿਆ 'ਤੇ ਕਈ ਪ੍ਰਕਾਰ ਦੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰ ਦਿੱਤੇ। ਇੱਥੋਂ ਹੀ ਕੁੜੀਆਂ ਦੀ ਭਰੂਣ-ਹੱਤਿਆ ਦੇ ਮਾਮਲਿਆਂ ਬਾਰੇ ਜਾਣਕਾਰੀ ਪ੍ਰਾਪਤ ਹੋਈ।

## ਕੁੜੀਆਂ ਦਾ ਪਾਲਣ-ਪੋਸ਼ਣ

ਯੋਜਨਾ ਨਾਲ ਸਬੰਧਿਤ ਨੁਕਤੇ ਕੁੜੀਆਂ ਦੇ ਪਾਲਣ-ਪੋਸ਼ਣ ਤੇ ਸਿੱਖਿਆ ਪ੍ਰਾਪਤੀ ਨੂੰ ਯਕੀਨੀ ਬਣਾਉਣ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਨ ਵਰਗੇ ਉਦੇਸ਼ਾਂ ਦੀ ਪੂਰਤੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਯਤਨਸ਼ੀਲ ਹਨ।

ਭਾਰਤ ਸਰਕਾਰ ਨੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਯੋਜਨਾ ਨੂੰ ਇਕ ਅਭਿਆਨ ਵਾਂਗੂ ਪੂਰੇ ਦੇਸ਼ ਵਿਚ ਲਾਗੂ ਕੀਤਾ ਹੈ। ਇਸ ਲਈ ਭਾਰਤ



ਸਰਕਾਰ ਦੁਆਰਾ ਇਸ ਯੋਜਨਾ ਦੀ ਅਨੁਮਾਨਿਤ ਲਾਗਤ 200 ਕਰੋੜ ਨਿਰਧਾਰਤ ਕੀਤੀ ਗਈ ਹੈ। ਇਸ ਵਿੱਚੋਂ 115 ਕਰੋੜ ਰੁਪਏ (ਛੇ ਮਹੀਨਿਆਂ ਲਈ) ਯਾਨੀ ਸ਼ੁਰੂਆਤੀ ਸਾਲ 2014-15 ਦੌਰਾਨ ਜਾਰੀ ਕੀਤਾ ਗਏ। ਇਸ ਦੇ ਨਾਲ ਹੀ 12ਵੀਂ ਪੰਜ ਸਾਲਾ ਯੋਜਨਾ ਦੌਰਾਨ ਕੁੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਲਈ ਮਲਟੀ ਸੈਕਟਰ ਕਾਰਜ-ਯੋਜਨਾ ਦੇ ਅੰਤਰਗਤ ਖ਼ਰਚੇ ਲਈ 100 ਕਰੋੜ ਰੁਪਏ ਅਤੇ ਬਾਕੀ ਸਰੋਤ ਰਾਸ਼ੀ ਨੂੰ ਰਾਸ਼ਟਰੀ 'ਤੇ ਸੂਬਾ ਪੱਧਰ ਤੋਂ ਇਲਾਵਾ ਕਾਰਪੋਰੇਟ ਪੱਧਰ 'ਤੇ ਸਮਾਜਿਕ ਜ਼ਿੰਮੇਵਾਰੀਆਂ ਦੇ ਮਾਧਿਅਮ ਨਾਲ ਜੁਟਾਇਆ ਜਾ ਰਿਹਾ ਹੈ।

### ਪੈਦਾਇਸ਼ੀ ਭੇਦਭਾਵ

*ਲਿੰਗ ਅਨੁਪਾਤ ਵਿਚ ਆਉਣ ਵਾਲੀ ਇਹ ਗਿਰਾਵਟ ਸਿੱਧੇ ਤੌਰ 'ਤੇ ਸਮਾਜ ਵਿਚ ਔਰਤਾਂ ਦੇ ਨੀਵੇਂ ਪੱਧਰ ਵੱਲ ਇਸ਼ਾਰਾ ਕਰਦੀ ਹੈ। ਜੋ ਜਨਮ ਤੋਂ ਪੂਰਵ ਹੋਣ ਵਾਲੇ ਲਿੰਗਕ ਭੇਦਭਾਵ ਤੇ ਉਸ ਦੀ ਪੈਦਾਇਸ਼ ਦੀ ਚੋਣ ਨੂੰ ਲੈ ਕੇ ਕੀਤੇ ਜਾ ਰਹੇ ਪੱਖਪਾਤ ਵੱਲ ਧਿਆਨ ਖਿੱਚਦੀ ਹੈ। ਇਸ ਦੇ ਨਾਲ ਹੀ ਦੇਸ਼ ਵਿਚ ਡਾਕਟਰੀ ਸਹੂਲਤਾਂ ਦੀ ਸਰਲ ਉੱਪਲਬਧਤਾ ਅਤੇ ਨਵੀਂ ਤਕਨੀਕ ਰਾਹੀਂ ਜਨਮ ਤੋਂ ਪਹਿਲਾਂ ਹੀ ਬੱਚੇ ਦੀ ਚੋਣ ਨੂੰ ਸੰਭਵ ਬਣਾਉਣ ਵਰਗੀਆਂ ਵਿਧੀਆਂ ਨੇ ਵੀ ਦੇਸ਼ ਵਿਚ ਲਿੰਗ ਅਨੁਪਾਤ ਨੂੰ ਵਧਾਉਣ 'ਚ ਵੱਡੀ ਭੂਮਿਕਾ ਨਿਭਾਈ ਹੈ। ਜੇਕਰ ਅੱਜ ਅਸੀਂ ਇਸ ਯੋਜਨਾ ਤਹਿਤ ਕੁੜੀਆਂ ਦੇ ਅਧਿਕਾਰਾਂ ਅਤੇ ਸੁਰੱਖਿਆ ਬਾਰੇ ਗੱਲਬਾਤ ਕਰਨਾ ਚਾਹੁੰਦੇ ਹਾਂ ਤਾਂ ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਤੱਕ ਕੰਨਿਆਂ ਭਰੂਣ ਹੱਤਿਆ ਨੂੰ ਰੋਕਣ ਸਬੰਧੀ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ ਕਿਉਂ ਕਿ ਜੇਕਰ ਉਹ ਜਨਮ ਹੀ ਨਹੀਂ ਲੈਣਗੀਆਂ ਤਾਂ ਉਨ੍ਹਾਂ ਦੇ ਵਿਕਾਸ ਸਬੰਧੀ ਨੀਤੀਆਂ ਤਾਂ ਸੁਭਾਵਕ ਰੂਪ ਵਿਚ ਹੀ ਬੇਅਰਥ ਹਨ।*

### ਕੁੜੀਆਂ ਦੀ ਸਿੱਖਿਆ

*ਯੋਜਨਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੇ ਮੰਤਵ ਅਧੀਨ ਭਾਰਤ ਸਰਕਾਰ ਦੁਆਰਾ ਕੁਝ ਟੀਚਿਆਂ ਨੂੰ ਪ੍ਰਸਤਾਵਤ ਕੀਤਾ ਗਿਆ ਜਿਨ੍ਹਾਂ ਵਿਚ ਕੁੜੀਆਂ ਤੇ ਉਨ੍ਹਾਂ ਦੀ ਸਿੱਖਿਆ ਨੂੰ ਹੱਲਾਸ਼ੇਰੀ ਦੇਣ ਲਈ ਇਸ ਨੂੰ ਇਕ ਸਮਾਜਕ ਅੰਦੋਲਨ ਦੇ ਰੂਪ ਵਿਚ ਸ਼ੁਰੂ ਕੀਤਾ ਹੈ। ਇਸ ਦੇ ਨਾਲ ਹੀ ਇਸ ਮੁੱਦੇ ਨੂੰ ਜਨਤਕ ਰਾਇ ਦਾ ਵਿਸ਼ਾ ਬਣਾਇਆ ਗਿਆ ਹੈ ਤਾਂ ਕਿ ਇਸ ਵਿਚਲੇ ਸੰਸ਼ੋਧਨਾਂ ਦੁਆਰਾ ਚੰਗੇ ਸ਼ਾਸਨ ਦਾ ਪੈਮਾਨਾ ਨਿਰਧਾਰਤ ਕੀਤਾ ਜਾ ਸਕੇ। ਇਸ ਯੋਜਨਾ ਅਧੀਨ ਨਿਮਨ ਲਿੰਗ ਅਨੁਪਾਤ ਵਾਲੇ ਜ਼ਿਲ੍ਹਿਆਂ ਦੀ ਪਛਾਣ ਕਰਦਿਆਂ ਉਨ੍ਹਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਤਾਂ ਕਿ ਯੋਜਨਾ ਦੇ ਲਾਗੂ ਕਰਨ ਵਿਚ ਹੋਣ ਵਾਲੀਆਂ ਤਰੁੱਟੀਆਂ ਅੰਤਰਗਤ ਗੰਭੀਰ ਅਤੇ ਏਕੀਕ੍ਰਿਤ ਕਾਰਵਾਈ ਸੰਭਵ ਹੋ ਸਕੇ।*

## ਨਾਰੀ ਸਸ਼ਕਤੀਕਰਨ

ਭਾਰਤ ਸਰਕਾਰ ਦੁਆਰਾ ਇਸ ਯੋਜਨਾ ਸਬੰਧੀ ਕੁਝ ਖ਼ਾਸ ਤੱਥਾਂ ਨੂੰ ਵੀ ਉਭਾਰਿਆ ਗਿਆ ਜਿਸ ਮੁਤਾਬਕ ਇਸ ਯੋਜਨਾ ਵਿਚ ਸਰਕਾਰ ਦੁਆਰਾ ਕਿਸੇ ਵੀ ਪ੍ਰਕਾਰ ਦੇ ਕੈਸ਼ ਟ੍ਰਾਂਸਫ਼ਰ ਕੰਪੋਨੈਂਟ ਦਾ ਪ੍ਰਯੋਜਨ ਨਹੀਂ ਹੈ। ਬਲਕਿ 'ਬੇਟੀ ਬਚਾਉ, ਬੇਟੀ ਪੜ੍ਹਾਉ' ਯੋਜਨਾ ਦੇ ਤਹਿਤ ਸਮਾਜਕ ਵਿਵਸਥਾ ਵਿਚ ਕੁੜੀਆਂ ਪ੍ਰਤੀ ਰੂੜੀਵਾਦੀ ਮਾਨਸਿਕਤਾ ਨੂੰ ਬਦਲਣਾ, ਪੀਸੀ ਤੇ ਪੀਐਨਡੀਟੀ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਕੁੜੀਆਂ ਦੀ ਸਿੱਖਿਆ ਨੂੰ ਅੱਗੇ ਵਧਾਉਣ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਇਸ ਤਹਿਤ ਜੀਵਨ ਚੱਕਰ ਨਿਰੰਤਰਤਾ ਦੇ ਆਧਾਰ 'ਤੇ ਨਾਰੀ ਸਸ਼ਕਤੀਕਰਨ ਨਾਲ ਜੁੜੇ ਮਾਮਲਿਆਂ 'ਤੇ ਵੀ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਕੁੱਲ ਮਿਲਾ ਕੇ ਇਹ ਕੋਈ ਪ੍ਰਤੱਖ ਲਾਭ ਪ੍ਰਾਪਤ ਯੋਜਨਾ ਨਹੀਂ ਹੈ।

## ਸਮਾਜਿਕ ਤਬਦੀਲੀ

ਇਸ ਤੋ ਇਲਾਵਾ ਵਿਅਕਤੀਗਤ ਅਤੇ ਸੰਸ ਥਾਗਤ ਪੱਧਰ 'ਤੇ ਵੀ ਕੁੜੀਆਂ ਦੇ ਪੱਖ ਵਿਚ ਸਮਾਜਕ ਤਬਦੀਲੀ ਲਿਆਉਣ ਲਈ ਮਹੱਤਵਪੂਰਣ ਸਰੋਤਾਂ ਦੇ ਰੂਪ ਵਿਚ ਔਰਤਾਂ ਦੇ ਸਥਾਨਕ ਸੰਗਠਨਾਂ, ਨੌਜਵਾਨਾਂ ਦੀ ਭਾਗੀਦਾਰੀ, ਪੰਚਾਇਤੀ ਰਾਜ ਸੰਸਥਾਵਾਂ ਅਤੇ ਜ਼ਮੀਨੀ ਪੱਧਰ 'ਤੇ ਜੁੜੇ ਕਾਰਜਕਰਤਾਵਾਂ ਨੂੰ ਪ੍ਰੇਰਿਤ ਅਤੇ ਸਿਖਲਾਈ ਯੁਕਤ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਨੂੰ ਸਮਾਜਿਕ ਤਬਦੀਲੀ ਦੇ ਪ੍ਰੇਰਕ ਸਰੋਤਾਂ ਦੀ ਭੂਮਿਕਾ ਵਿਚ ਢਾਲਣਾ ਵੀ ਇਸ ਯੋਜਨਾ ਦੇ ਮੁੱਖ ਟੀਚਿਆਂ ਵਿੱਚੋਂ ਇਕ ਹੈ।

## ਸੋਸ਼ਲ ਮੀਡੀਆ

ਯੋਜਨਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਈ ਪ੍ਰਕਾਰ ਦੇ ਨਵੀਨ ਤਕਨੀਕੀ ਸੰਸਾਧਨਾਂ ਦਾ ਪ੍ਰਯੋਗ ਵੀ ਕੀਤਾ ਜਾ ਰਿਹਾ ਹੈ, ਜਿਸ ਅੰਤਰਗਤ ਕੁੜੀਆਂ ਦੇ ਡਿੱਗਦੇ ਲਿੰਗ ਅਨੁਪਾਤ ਦੇ ਮੁੱਦੇ ਉੱਤੇ 'ਬੇਟੀ ਬਚਾਉ, ਬੇਟੀ ਪੜ੍ਹਾਉ' ਨਾਲ ਸਬੰਧਿਤ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਚੈਨਲ ਸ਼ੁਰੂ ਕੀਤਾ ਗਿਆ ਹੈ। ਦੇਸ਼ ਦੀ ਜਨਤਾ ਨੂੰ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਨਾਲ ਜੋੜਨ, ਲੋਕਾਂ ਦੀ ਭਾਗੀਦਾਰੀ ਅਤੇ ਉਨ੍ਹਾਂ ਦਾ ਸਮਰਥਨ ਪ੍ਰਾਪਤ ਕਰਨ ਵਾਸਤੇ MyGov ਪੋਰਟਲ ਨਾਲ ਵੀ ਜੋੜਿਆ ਜਾ ਰਿਹਾ ਹੈ।

## ਮੁਲਾਂਕਣ

ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਯੋਜਨਾ ਪੂਰੇ ਦੇਸ਼ ਵਿਚ ਲਾਗੂ ਕੀਤੀ ਗਈ ਹੈ। ਜਿਸ ਅੰਤਰਗਤ ਇਹ ਰਾਸ਼ਟਰੀ ਏਜੇਂਡੇ ਦੇ ਰੂਪ ਵਿਚ ਬਾਲ ਲਿੰਗਾਨੁਪਾਤ ਵਿਚ ਸੁਧਾਰ ਦੀ ਸਥਾਪਨਾ ਕਰਨ ਵਿਚ ਸਫ਼ਲ ਵੀ ਰਹੀ ਹੈ। ਨਿਰੰਤਰ ਤੌਰ 'ਤੇ ਹੋਣ ਵਾਲੇ ਮੁਲਾਂਕਣ ਸਦਕਾ ਇਸ ਯੋਜਨਾ ਵਿਚ ਕਈ ਪ੍ਰਮੁੱਖ ਪਹਿਲਕਦਮੀਆਂ ਨੂੰ ਉਭਾਰਿਆ ਗਿਆ ਹੈ ਜਿਨ੍ਹਾਂ ਨੂੰ ਸਫ਼ਲਤਾ ਪੂਰਵਕ ਪੂਰੇ ਦੇਸ਼ ਵਿਚ ਲਾਗੂ ਕੀਤਾ ਗਿਆ ਅਤੇ ਕਈ ਗੁਣਾਤਮਕ ਨਤੀਜੇ ਵੀ ਸਾਹਮਣੇ ਆਏ। ਪਿਛਲੇ ਕੁਝ ਸਾਲਾਂ ਤੋਂ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੇ ਇੰਟਰਨੈਸ਼ਨਲ ਗਰਲ ਚਾਈਲਡ ਡੇ (ਅੰਤਰਰਾਸ਼ਟਰੀ ਬਾਲੜੀ ਦਿਵਸ) ਹਫ਼ਤੇ ਦੌਰਾਨ 'ਬੇਟੀ ਬਚਾਉ, ਬੇਟੀ ਪੜ੍ਹਾਉ' ਹਫ਼ਤਾ ਅਤੇ ਨਵੇਂ ਭਾਰਤ ਦੀਆਂ ਬੇਟੀਆਂ ਵਰਗੇ ਕਈ ਪ੍ਰੋਗਰਾਮਾਂ ਨੂੰ ਸਫ਼ਲਤਾ ਪੂਰਵਕ ਮਨਾਇਆ ਹੈ। •

ਡਿਜ਼ਾਈਨ : ਵਰੁਣ [illegible]



# ਮੇਰੀ ਨਣਦ ਭੈਣਾਂ ਵਰਗੀ

ਜਸਪ੍ਰੀਤ ਕੌਰ ਸੰਘਾ

ਰਿਸ਼ਤਿਆਂ ਦੀ ਮਾਲ਼ਾ ਵਿਚ ਅਨੇਕਾਂ ਹੀ ਖੱਟੇ-ਮਿੱਠੇ ਰਿਸ਼ਤੇ ਪਰੋਏ ਹੁੰਦੇ ਹਨ। ਜਿਨ੍ਹਾਂ ਦੀ ਆਪਣੀ ਪਰਿਭਾਸ਼ਾ ਤੇ ਮਹੱਤਵ ਹੁੰਦਾ ਹੈ। ਅਨੁਭਵਾਂ ਨਾਲ ਭਰਪੂਰ ਰਿਸ਼ਤਿਆਂ ਵਿੱਚੋਂ ਇਕ ਰਿਸ਼ਤਾ ਹੈ, ਨਣਦ ਭਰਜਾਈ ਦਾ। ਇਸ ਰਿਸ਼ਤੇ ਵਿਚ ਸਮਝਦਾਰੀ, ਪਿਆਰ ਹੋਵੇ ਤਾਂ ਜਿਹਾ ਪਿਆਰਾ ਰਿਸ਼ਤਾ ਕੋਈ ਹੋਰ ਨਹੀਂ ਹੋ ਸਕਦਾ ਪਰ ਜੇਕਰ ਇਸ ਵਿਚ ਈਰਖਾ ਜਾਂ ਨਫ਼ਰਤ ਹੋਵੇ ਤਾਂ ਘਰ ਵਿਚ ਕਾਟੋ-ਕਲੇਸ਼ ਦਾ ਕਾਰਨ ਵੀ ਇਹੀ ਰਿਸ਼ਤਾ ਬਣਦਾ ਹੈ।

ਜਿਸ ਘਰ ਨਣਦ ਭਰਜਾਈ ਦੇ ਰਿਸ਼ਤੇ ਵਿਚ ਭੈਣਾਂ ਵਾਲਾ ਪਿਆਰ ਹੋਵੇ, ਸਹੇਲੀਆਂ ਵਾਂਗ ਇਕ ਦੂਸਰੇ ਦੇ ਦੁੱਖ-ਸੁੱਖ ਦੀਆਂ ਰਾਜ਼ਦਾਰ ਬਣਨ, ਉਹ ਘਰ ਸਵਰਗ ਬਣ ਜਾਂਦਾ ਹੈ ਪਰ ਦੂਸਰੇ ਪਾਸੇ ਜੇਕਰ ਦੋਵੇਂ ਹਮੇਸ਼ਾ ਦੂਸਰੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਨ ਤਾਂ ਉਹੀ ਹੱਸਦਾ-ਵੱਸਦਾ ਘਰ ਨਰਕ ਬਣ ਜਾਂਦਾ ਹੈ। ਇਸ ਰਿਸ਼ਤੇ ਨੂੰ ਫੁੱਲਾ ਵਾਂਗ ਮਹਿਕਾਉਣਾ ਹੈ ਜਾਂ ਨਹੀਂ। ਇਸ ਦੀ ਜ਼ਿੰਮੇਵਾਰੀ ਨਣਦ-ਭਰਜਾਈ ਦੋਹਾਂ ਦੀ ਹੁੰਦੀ ਹੈ ਕਿਉਂਕਿ ਜੇ ਇਕ ਧਿਰ ਵੀ ਆਪਣੀ ਜ਼ਿੰਮੇਵਾਰੀ ਤੋਂ ਅਵੇਸਲੀ ਹੋ ਜਾਵੇ ਤਾਂ ਰਿਸ਼ਤਿਆਂ ਵਿਚਲਾ ਪਿਆਰ ਖ਼ਤਮ ਹੋ ਜਾਂਦਾ ਹੈ। ਕੁੜੀ ਵਿਆਹ ਕੇ ਜਦੋਂ ਆਪਣੇ ਸਹੁਰੇ ਘਰ ਜਾਂਦੀ ਹੈ ਤਾਂ ਉਸ ਨੂੰ ਸਭ ਤੋਂ ਵੱਧ ਸਹਾਰਾ ਆਪਣੀ [illegible]



ਤੇ ਅਹੁਦੇ ਵਿਚ ਉਸ ਤੋਂ ਵੱਡੀ ਹੋਣ ਕਰਕੇ ਉਹ ਹਰ ਗੱਲ ਉਸ ਨਾਲ ਸਾਂਝੀ ਨਹੀਂ ਕਰ ਸਕਦੀ ਪਰ ਨਣਦ ਉਸ ਦੀ ਹਮ-ਉਮਰ ਹੋਣ ਕਾਰਨ ਉਹ ਉਸ ਨਾਲ ਹਰ ਦੁੱਖ-ਸੁੱਖ ਸਾਂਝਾ ਕਰ ਸਕਦੀ ਹੈ।

ਬਾਬਲ ਦੇ ਘਰ ਹਰ ਧੀ ਦੀ ਸਰਦਾਰੀ ਹੁੰਦੀ ਹੈ ਪਰ ਜਦੋਂ ਉਸ ਦੇ ਵਿਹੜੇ ਨੂੰਹ ਧੀ ਬਣਕੇ ਆ ਜਾਵੇ ਤਾਂ ਧੀਆਂ ਨੂੰ ਉਹ ਸਰਦਾਰੀ ਭਰਜਾਈਆਂ ਨੂੰ ਦੇ ਦੇਣੀ ਚਾਹੀਦੀ ਹੈ ਕਿਉਂਕਿ ਹਰ ਧੀ ਨੇ ਇਕ ਨਾ ਇਕ ਦਿਨ ਬਾਬਲ ਦਾ ਘਰ ਛੱਡ ਪਰਦੇਸਣ ਹੋਣਾ ਹੀ ਹੁੰਦਾ ਹੈ। ਉਸ ਘਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਤਾਂ ਨੂੰਹ ਦੀ ਹੀ ਹੁੰਦੀ ਹੈ। ਸਾਡੇ ਲੋਕ ਗੀਤਾਂ ਵਿਚ ਵੀ ਇਸ ਗੱਲ ਦਾ ਵਰਨਣ ਹੈ ਕਿ ਜਿੱਥੇ ਨਣਦਾ [illegible] ਰਹਿੰਦਾ ਹੈ :

ਜਿੱਥੇ ਨਣਦਾ ਦੀ ਸਰਦਾਰੀ
ਉਹ ਘਰ ਨਹੀਂ ਵਸਦ...

ਭਰਜਾਈ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਨਣਦ ਚਾਹੇ ਛੋਟੀ ਹੋਵੇ ਜਾਂ ਵੱਡੀ, ਉਸ ਨੂੰ ਪੂਰਾ ਪਿਆਰ ਸਤਿਕਾਰ ਦੇਵੇ। ਉਸੇ ਤਰ੍ਹਾਂ ਨਣਦ ਦੇ ਚਾਅ ਲਾਡ ਕਰੇ ਜਿਸ ਤਰ੍ਹਾਂ ਉਹ ਆਪਣੇ ਮਾਪਿਆਂ ਦੇ ਕਰਦੀ ਹੈ ਤਾਂ ਇਸ ਰਿਸ਼ਤੇ ਵਿਚ ਕੁੜੱਤਣ ਕਦੇ ਆਵੇ ਹੀ ਨਾ। ਕਈ ਵਾਰ ਘਰ ਦੇ ਛੋਟੇ-ਛੋਟੇ ਕੰਮਾਂ ਨੂੰ ਲੈ ਕੇ ਨਣਦ ਭਰਜਾਈ ਦੀ ਆਪਸ ਵਿਚ ਨੋਕ ਝੋਕ ਹੁੰਦੀ ਰਹਿੰਦੀ ਹੈ। ਅਜਿਹੇ ਵਿਚ ਸੱਸ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਜੇਕਰ ਸੱਸ ਨੂੰਹ ਅਤੇ ਧੀ ਵਿਚ ਫ਼ਰਕ ਨਾ ਕਰੇ ਤੇ ਘਰ ਦੇ ਕੰਮ ਦੋਹਾਂ ਨੂੰ ਵੰਡ ਕੇ ਦੇ ਦੇਵੇ ਤਾਂ ਇਹ ਸਮੱਸਿਆ ਵੀ ਖ਼ਤਮ ਹੋ ਜਾਵੇਗੀ। ਜੇਕਰ ਘਰ ਵਿਚ ਨੂੰਹ ਨੂੰ ਧੀ ਵਾਂਗ ਪਿਆਰ ਦਿੱਤਾ ਜਾਵੇ ਤਾਂ ਨਣਦ ਭਰਜਾਈ ਆਪਣੇ ਆਪ ਦੋਵੇਂ ਭੈਣਾਂ ਵਾਂਗ ਰਹਿਣਗੀਆਂ। ਸੱਚ ਇਹੀ ਹੈ ਕਿ ਮਾਂ-ਬਾਪ ਤੋਂ ਬਾਅਦ ਪੇਕੇ ਭਰਾਵਾਂ- ਭਰਜਾਈਆਂ ਨਾਲ ਹੀ ਹੁੰਦੇ ਹਨ। ਜੇਕਰ ਰਿਸ਼ਤੇ ਵਿਚ ਪਿਆਰ ਹੋਵੇ ਤਾਂ ਪੇਕਿਆਂ ਦਾ ਸਾਥ ਸਦਾ ਸਲਾਮਤ ਰਹਿੰਦਾ ਹੈ। ਨਣਦ ਭਰਜਾਈ ਦੇ ਰਿਸ਼ਤੇ ਵਿਚ ਕੁੜੱਤਣ ਆਉਣ ਨਾਲ ਭਰਾਵਾਂ ਦਾ ਸਾਥ ਵੀ ਹੌਲੀ-ਹੌਲੀ ਛੁੱਟ ਹੀ ਜਾਂਦਾ ਹੈ। ਅਸਲ ਵਿਚ ਪੇਕਾ ਘਰ ਹੁੰਦਾ ਹੀ ਭਰਜਾਈਆਂ ਨਾਲ ਹੈ। ਇਸੇ ਲਈ ਤਾਂ ਕਿਹਾ ਗਿਆ ਹੈ :

ਜਗ ਜਿਊਣ ਵੱਡੀਆਂ ਭਰਜਾਈਆਂ
ਪਾਣੀ ਮੰਗੋ ਦੁੱਧ ਦਿੰਦੀਆਂ । •

99150-33176

ਪ੍ਰੋ. ਬੇਅੰਤ ਬਾਜਵਾ

**ਗਹਿਣੇ ਵਿਅਕਤੀ ਦੀ ਆਰਥਿਕ ਖ਼ੁਸ਼ਹਾਲੀ ਦੇ ਪ੍ਰਤੀਕ ਹੁੰਦੇ ਹਨ। ਪੁਰਾਤਨ ਸਮੇਂ ਸੋਨੇ ਚਾਂਦੀ ਦੇ ਗਹਿਣੇ ਪੰਜਾਬ ਦੇ ਅਮੀਰ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਸਨ...**



# ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਗਹਿਣੇ

ਗਹਿਣੇ ਮਨੁੱਖੀ ਸ਼ਿੰਗਾਰ ਦਾ ਹਮੇਸ਼ਾਂ ਤੋਂ ਅਹਿਮ ਅੰਗ ਰਹੇ ਹਨ। ਪੰਜਾਬ ਦੇ ਹਰ ਵਰਗ ਦੇ ਲੋਕ ਆਪਣੀ ਆਰਥਿਕ ਸਮਰਥਾ ਮੁਤਾਬਕ ਸੋਨੇ, ਚਾਂਦੀ ਅਤੇ ਪਿੱਤਲ ਦੇ ਗਹਿਣੇ ਪਹਿਨਦੇ ਹਨ। ਪੁਰਾਤਨ ਪੰਜਾਬ 'ਚ ਔਰਤਾਂ ਸਿਰ ਤੋਂ ਪੈਰਾਂ ਤਕ ਸਰੀਰ ਦੇ ਅੰਗਾਂ 'ਤੇ ਗਹਿਣੇ ਪਹਿਨਦੀਆਂ ਸਨ। ਕਈ ਕਹਾਵਤਾਂ ਤੋਂ ਪਤਾ ਚਲਦਾ ਹੈ ਕਿ ਪੁਰਾਤਨ ਪੰਜਾਬ ਵਿਚ ਔਰਤਾਂ ਸੌ ਤੋਂ ਵੀ ਵੱਧ ਗਹਿਣੇ ਪਹਿਨ ਕੇ ਆਪਣੇ ਰੰਗ ਰੂਪ ਨੂੰ ਸ਼ਿੰਗਾਰਦੀਆਂ ਸਨ।

ਗਹਿਣਾ ਅਸਲ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੀ ਆਰਥਿਕ ਖ਼ੁਸ਼ਹਾਲੀ, ਪਿਆਰ-ਮੁਹੱਬਤ ਆਦਿ ਦੇ ਪ੍ਰਗਟਾਵੇ ਦਾ ਪ੍ਰਤੀਕ ਹੈ। ਕਿਸੇ ਵੇਲੇ ਸੋਨੇ ਚਾਂਦੀ ਦੇ ਗਹਿਣੇ ਪੁਰਾਤਨ ਸਮੇਂ 'ਚ ਪੰਜਾਬ ਦੇ ਅਮੀਰ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਸਨ। ਜਿਸ ਦੀ ਥਾਂ ਹੁਣ ਬਣਾਵਟੀ ਗਹਿਣਿਆਂ ਨੇ ਲੈ ਲਈ ਹੈ। ਪੰਜਾਬ ਦੇ ਲੋਕ ਗਹਿਣੇ ਸਾਡੇ ਸੱਭਿਆਚਾਰ ਦੇ ਪਿੜ 'ਚੋਂ ਲਗਪਗ ਮਨਫ਼ੀ ਹੋ ਗਏ ਹਨ। ਨਵੀਂ ਪੀੜ੍ਹੀ ਤਾਂ ਇਨ੍ਹਾਂ ਗਹਿਣਿਆਂ ਤੋਂ ਬਿਲਕੁਲ ਅਨਜਾਣੀ ਹੈ। ਪੁਰਾਣੇ ਪੰਜਾਬ 'ਚ ਔਰਤਾਂ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿਚ ਕਈ ਤਰ੍ਹਾਂ ਦੇ ਗਹਿਣੇ ਸ਼ਾਮਲ ਸਨ। ਮੁਟਿਆਰਾਂ ਨੱਕ ਵਿਚ ਤੀਲੀ ਬਹੁਤ ਹੀ ਚਾਅ ਨਾਲ ਪਹਿਨਦੀਆਂ ਸਨ। ਤੀਲੀ ਅਸਲ ਵਿਚ ਇਕ ਬਾਰੀਕ ਮੇਖ-ਨੁਮਾ ਗਹਿਣਾ ਹੁੰਦਾ ਸੀ। ਜਿਸ ਉੱਪਰ ਇਕ ਛੋਟਾ ਜਿਹਾ ਨਗ਼ ਲੱਗਾ ਹੁੰਦਾ ਸੀ। ਲੌਂਗ ਇਕ ਹੋਰ ਸੁੰਦਰ ਗਹਿਣਾ ਸੀ। ਲੌਂਗ ਵਿਚਾਲੇ ਇਕ ਵੱਡਾ ਨਗ਼ ਜੜ੍ਹਿਆ ਹੁੰਦਾ ਸੀ। ਇਸ ਨੂੰ ਆਲੇ-ਦੁਆਲਿਓ ਹੋਰ ਛੋਟੇ ਨਗ਼ਾਂ ਨੇ ਘੇਰਿਆ ਹੁੰਦਾ ਸੀ। ਜਿਸ ਦੇ ਗੁਆਚਣ ਦੇ ਡਰ ਨੂੰ ਪੰਜਾਬੀ ਲੋਕ ਗੀਤਾਂ ਵਿਚ ਕਲਮਬੰਦ ਕੀਤਾ ਗਿਆ ਹੈ।

ਚੀਰੇ ਵਾਲਿਆ ਵੇਖਦਾ ਆਈਂ ਵੇ,
ਮੇਰਾ ਲੌਂਗ ਗੁਆਚਾ...

ਇਸੇ ਤਰ੍ਹਾਂ ਮੱਛਲੀ ਨੱਕ ਦੀਆਂ ਦੋਵਾਂ ਨ੍ਹਾਸਾਂ ਦੇ ਵਿਚਕਾਰਲੀ ਹੱਡੀ ਵਿਚ ਪਹਿਨੀ ਜਾਂਦੀ ਸੀ। ਨੱਥ ਵਿੰਨ੍ਹੇ ਨੱਕ ਦੀ ਗਲੀ ਤੋਂ ਸ਼ੁਰੂ ਹੋ ਕੇ ਇਕ ਗੁਲਾਈ ਦੀ ਤਰ੍ਹਾਂ ਖੱਬੇ ਪਾਸੇ ਵਾਲਾਂ ਨਾਲ ਜੁੜ ਜਾਂਦੀ ਸੀ। ਇਨ੍ਹਾਂ ਗਹਿਣਿਆਂ ਤੋਂ ਇਲਾਵਾ ਨੱਕ ਵਿਚ [illegible] ਨੁਕਰਾ ਆਦਿ ਗਹਿਣੇ ਪਹਿਨਣ ਦਾ ਰਿਵਾਜ ਸੀ। ਪੁਰਾਤਨ ਸਮੇਂ ਵਿਚ ਕੰਨ੍ਹਾਂ ਵਿਚ ਪਹਿਨਣ ਲਈ ਸਭ ਤੋਂ ਪ੍ਰਚੱਲਿਤ ਗਹਿਣਾ ਪਿੱਪਲ ਪੱਤੀਆਂ ਸਨ। ਔਰਤਾਂ ਇਸ ਨੂੰ ਪਹਿਨਣ 'ਚ ਬੜੀ ਸ਼ਾਨ ਸਮਝਦੀਆਂ ਸਨ। ਇਸ ਗਹਿਣੇ ਨਾਲ ਪਿੱਪਲ ਦੇ ਪੱਤਿਆਂ ਵਾਂਗ ਦੋ-ਤਿੰਨ ਪੱਤੇ ਜਿਹੇ ਲੱਗੇ ਹੁੰਦੇ ਸਨ। ਇਸ ਗਹਿਣੇ ਦੀ ਸੁੰਦਰਤਾ ਬਾਰੇ ਪੰਜਾਬੀ ਲੋਕ ਗੀਤਾਂ ਵਿਚ ਵੀ ਜ਼ਿਕਰ ਕੀਤਾ ਗਿਆ ਹੈ। ਤੁੰਗਲ ਗੋਲ ਚੂੜੀਆਂ ਵਾਂਗ ਪਲੇਨ ਡੰਡੀਆਂ ਨੂੰ ਕਹਿੰਦੇ ਸਨ। ਇਸ ਤੋਂ ਇਲਾਵਾ ਕੰਨਾਂ ਵਿਚ ਕਾਂਟੇ, ਢੇਡੂ, ਝੁਮਕੇ, ਡੰਡੀਆਂ, [illegible] ਕੰਢੀ, ਝੁਮਕੇ, ਰੇਲਾਂ, ਮਾਮੇ ਮੁਰਕੀਆਂ ਅਤੇ ਬਹਾਦਰਨੀਆਂ ਆਦਿ ਗਹਿਣੇ ਪਹਿਨੇ ਜਾਂਦੇ ਸਨ। ਗਲੇ ਦੁਆਲੇ ਪਹਿਨੇ ਜਾਣ ਵਾਲੇ ਗਹਿਣਿਆਂ ਵਿਚ ਹਾਰ, ਰਾਣੀ ਹਾਰ, ਤੱਗਾ, ਹਮੇਲ, ਇਨਾਮ ਅਤੇ ਬੁਘਤੀਆਂ ਜ਼ੰਜੀਰੀ, ਚੌਂਕੀ, ਹੱਸ, ਤਵੀਤ, ਮੱਖੀ, ਹੌਲਦਿਲੀ, ਚੁਟਾਲਾ, ਲੌਕਟ, ਪੈਂਡਲ, ਸਿੰਘ ਤਵੀਤ, ਗੁਲੂਬੰਦ, ਤੰਦੀਰਾ, ਮਾਲਾ, ਨੌਂ ਰਤਨਾ ਸੈੱਟ ਆਦਿ ਸ਼ਾਮਿਲ ਸਨ।

ਸੱਗੀ ਫੁੱਲ ਨੂੰ ਔਰਤਾਂ ਆਪਣੇ ਸਿਰ 'ਤੇ ਸਜਾਉਂਦੀਆਂ ਸਨ।

ਸਿਰ ਦੇ ਪਿਛਲੇ ਹਿੱਸੇ ਉੱਤੇ ਵਾਲਾਂ ਦੀਆਂ ਮੀਢੀਆਂ ਕਰ ਕੇ ਖੱਬੇ ਅਤੇ ਸੱਜੇ ਪਾਸੇ ਦੋ ਫੁੱਲ ਲਗਾਏ ਜਾਂਦੇ ਸਨ



ਅਤੇ ਇਨ੍ਹਾਂ ਫੁੱਲਾਂ ਦੇ ਵਿਚਕਾਰ ਸੱਗੀ ਲਗਾਈ ਜਾਂਦੀ ਸੀ। ਸ਼ਿੰਗਾਰ ਪੱਟੀ, ਟਿੱਕਾ, ਝੂੰਮਰ ਸੂਈ, ਬਘਿਆੜੀ, ਨੂੰਠੀਆਂ, ਦਾਉਣੀ, ਛੱਬਾ, ਚੌਂਕ, ਬੰਦ ਅਤੇ ਬੋਰਲਾ ਆਦਿ ਗਹਿਣੇ ਵੀ ਔਰਤਾਂ ਦੀ ਧਰੋਹਰ ਸਨ। ਗਜਰੇ, ਬਾਜੂਬੰਦ, ਗੋਖੜੂ, ਪਹੁੰਚੀ, ਕੰਗਣ ਅਤੇ ਕਲੀਰੇ ਆਦਿ ਵੀਣੀ ਦੇ ਪ੍ਰਮੁੱਖ ਗਹਿਣੇ ਸਨ ਜੋ ਔਰਤਾਂ ਦੀਆਂ ਵੀਣੀਆਂ ਨੂੰ ਚਾਰ ਚੰਨ ਲਾਉਂਦੇ ਸਨ। ਪੁਰਾਤਨ ਸਮਿਆਂ ਵਿਚ ਹੱਥ ਦੀਆਂ ਉਂਗਲਾਂ ਵਿਚ ਮੁੰਦਰੀ, ਛਾਪ, ਕਲੀਚੜੀ ਅਤੇ ਆਰਸੀ ਆਦਿ ਗਹਿਣੇ ਪਹਿਨੇ ਜਾਂਦੇ ਸਨ। ਇਸ ਤਰ੍ਹਾਂ ਪੈਰਾਂ ਦੀਆਂ ਪੰਜ ਉਂਗਲਾਂ ਵਿਚ ਇੱਕੋ ਜਿਹੀਆਂ ਪੰਜ ਛਾਪਾਂ ਪਹਿਨੀਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪੰਜ ਅੰਗਲਾਂ ਕਹਿੰਦੇ ਸਨ। ਇਨ੍ਹਾਂ ਤੋਂ ਇਲਾਵਾ ਪੰਜੇਬਾਂ, ਪਟੜੀਆਂ, ਲੱਛੇ, ਝਾਂਜਰਾਂ, ਬਾਂਕਾਂ ਅਤੇ ਬਿਛੂਏ ਆਦਿ ਪੈਰਾਂ ਦੀਆਂ ਉਂਗਲਾਂ ਵਿਚ ਪਹਿਨੇ ਜਾਣ ਵਾਲੇ ਗਹਿਣੇ ਸਨ। ਔਰਤਾਂ ਤੋਂ ਇਲਾਵਾ ਪੰਜਾਬੀ ਮਰਦ ਵੀ ਕਿਸੇ ਗੱਲੋਂ ਘੱਟ ਨਹੀਂ ਸਨ। ਉਹ ਵੀ ਕੈਂਠਾ, ਸੋਨੇ ਦਾ ਕੜਾ, ਸੋਨੇ ਦੀ ਜ਼ੰਜੀਰੀ, ਨੱਤੀਆਂ, ਤਵੀਤੀਆਂ ਅਤੇ ਕੰਨਾਂ ਵਿਚ ਵਾਲੇ ਆਦਿ ਗਹਿਣੇ ਪਹਿਨਦੇ ਸਨ। ਅੱਜ ਸਾਡੀ ਅਮੀਰ ਧਰੋਹਰ ਲੁਪਤ ਹੋ ਗਈ ਹੈ। ਅਜੋਕੀ ਪੀੜ੍ਹੀ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆ ਗਈ ਹੈ ਜਿਸ ਨਾਲ ਪੰਜਾਬੀਆਂ ਦੀ ਜੀਵਨ ਸ਼ੈਲੀ ਵਿਚ ਬਣਾਉਟੀਪਣ ਆ ਗਿਆ ਹੈ। ਲੋੜ ਹੈ ਪੁਰਾਣੇ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦੀ ਤਾਂ ਜੋ ਅਜੋਕੀ ਪੀੜ੍ਹੀ ਇਸ ਧਰੋਹਰ ਨੂੰ ਅਪਣਾ ਸਕੇ। •

70878-00168

### ਸੱਗੀ ਫੁੱਲ

*ਸੱਗੀ ਫੁੱਲ ਔਰਤ ਦਾ ਗਹਿਣਾ ਹੈ। ਔਰਤਾਂ ਆਪਣੀ ਦਿੱਖ ਨੂੰ ਨਿਖਾਰਨ ਲਈ ਸ਼ਿੰਗਾਰ ਦੇ ਨਾਲ-ਨਾਲ ਅਨੇਕਾਂ ਤਰ੍ਹਾਂ ਦੇ ਗਹਿਣਿਆਂ ਨੂੰ ਵੀ ਪਹਿਨਦੀਆਂ ਰਹੀਆਂ ਹਨ। ਜਿਨ੍ਹਾਂ 'ਚ ਸੱਗੀ ਫੁੱਲ ਵੀ ਹੈ। ਸੱਗੀ ਸਿਰ ਦਾ ਗਹਿਣਾ ਹੈ ਜੋ ਸਿਰ ਦੇ ਵਿਚਕਾਰ ਪਹਿਨਿਆ ਜਾਂਦਾ ਹੈ। ਇਸ ਨਾਲ ਸਿਰ ਦੀ ਚੁੰਨੀ, ਫੁਲਕਾਰੀ ਆਦਿ ਨੂੰ ਟਿਕਾਈ ਰੱਖਣ ਵਿਚ ਸਹਾਇਤਾ ਮਿਲਦੀ ਹੈ। ਇਹ ਅਰਧ ਗੋਲੇ ਦੀ ਸ਼ਕਲ ਵਿਚ ਹੁੰਦਾ ਹੈ ਜਿਸ ਉੱਤੇ ਨਗ ਜੜਿਆ ਹੁੰਦਾ ਹੈ। ਇਸ ਦੇ ਆਲੇ ਦੁਆਲੇ ਫੁੱਲਾਂ ਦੇ ਨਮੂਨੇ ਉੱਕਰੇ ਹੁੰਦੇ ਹਨ। ਸੱਗੀ ਦੀਆਂ ਕਿਸਮਾਂ ਦੀ ਗਿਣਤੀ ਅੱਧੀ ਦਰਜਨ ਦੇ ਲਗਪਗ ਹੈ। ਪੁਰਾਣੇ ਸਮੇਂ ਔਰਤਾਂ ਸੱਗੀ ਫੁੱਲ, ਟਿੱਕੇ, ਨੱਥ, ਨਾਂ ਤਵੀਤ, ਕਾਂਟੇ ਵਾਲੀਆਂ, ਚੰਦ, ਬੰਦ ਗੋਖੜੂ, ਤਵੀਤ, ਤੀਲੀ ਆਦਿ ਗਹਿਣਿਆਂ ਪਹਿਣਦੀਆਂ ਸਨ। ਬੇਸ਼ੱਕ ਪੁਰਾਤਨ ਗਹਿਣੇ ਆਧੁਨਿਕ ਫੈਸ਼ਨ ਦਾ ਹਿੱਸਾ ਨਹੀਂ ਰਹੇ, ਪਰ ਇਹ ਸਾਡੇ ਵਿਰਸੇ ਦਾ ਇਕ ਅੰਗ ਹਨ।*



# ਰੂਸੀ ਤੇਲ ਦੀ ਖਰੀਦ ’ਤੇ ਅਮਰੀਕਾ ਵੱਲੋਂ ਮਹੀਨੇ ਦੀ ਹੋਰ ਛੋਟ

## ਕੌਮਾਂਤਰੀ ਬਾਜ਼ਾਰ ’ਚ ਤੇਲ ਦੀਆਂ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਟਰੰਪ ਪ੍ਰਸ਼ਾਸਨ ਦਾ ਵੱਡਾ ਫੈਸਲਾ; ਭਾਰਤ ਸਣੇ ਕਈ ਮੁਲਕਾਂ ਨੂੰ ਮਿਲੇਗੀ ਰਾਹਤ




**ਵਾਸ਼ਿੰਗਟਨ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਨੇ ਰੂਸੀ ਪੈਟਰੋਲੀਅਮ ਪਦਾਰਥਾਂ ਦੀ ਖਰੀਦ ’ਤੇ ਲਾਈਆਂ ਪਾਬੰਦੀਆਂ ਤੋਂ ਮਿਲਣ ਵਾਲੀ ਛੋਟ ਨੂੰ ਇੱਕ ਮਹੀਨੇ ਲਈ ਹੋਰ ਵਧਾ ਦਿੱਤਾ ਹੈ। ਇਹ ਫੈਸਲਾ ਉਸ ਵੇਲੇ ਆਇਆ ਹੈ ਜਦੋਂ ਕੁਝ ਦਿਨ ਪਹਿਲਾਂ ਹੀ ਵਾਸ਼ਿੰਗਟਨ ਨੇ ਇਸ ਵਿਸ਼ੇਸ਼ ਰਿਆਇਤ ਨੂੰ ਅੱਗੇ ਨਾ ਵਧਾਉਣ ਦਾ ਸੰਕੇਤ ਦਿੱਤਾ ਸੀ। ਅਮਰੀਕੀ ਵਿੱਤ ਵਿਭਾਗ (Department of Treasury) ਵੱਲੋਂ ਸ਼ੁੱਕਰਵਾਰ ਦੇਰ ਰਾਤ ਜਾਰੀ ਕੀਤੇ ਗਏ ਤਾਜ਼ਾ ਹੁਕਮਾਂ ਅਨੁਸਾਰ, ਜਿਹੜਾ ਰੂਸੀ ਤੇਲ 17 ਅਪਰੈਲ ਜਾਂ ਉਸ ਤੋਂ ਪਹਿਲਾਂ ਸਮੁੰਦਰੀ ਜਹਾਜ਼ਾਂ ਰਾਹੀਂ ਰਵਾਨਾ ਹੋ ਚੁੱਕਾ ਹੈ, ਉਸ ਦੀ ਖਰੀਦ ’ਤੇ 16 ਮਈ ਤੱਕ ਪਾਬੰਦੀਆਂ ਤੋਂ ਛੋਟ ਰਹੇਗੀ।

ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਅਮਰੀਕੀ ਵਿੱਤ ਮੰਤਰੀ ਸਕੌਟ ਬੇਸੈਂਟ ਨੇ ਸਪੱਸ਼ਟ ਕੀਤਾ ਸੀ ਕਿ ਵਾਸ਼ਿੰਗਟਨ ਰੂਸੀ ਅਤੇ ਇਰਾਨੀ ਤੇਲ ’ਤੇ ਮਿਲ ਰਹੀ ਛੋਟ ਦਾ ਨਵੀਨੀਕਰਨ ਨਹੀਂ ਕਰੇਗਾ। ਪਰ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਦੀਆਂ ਅਸਮਾਨੀ ਚੜ੍ਹ ਰਹੀਆਂ ਕੀਮਤਾਂ ਅਤੇ ਸਪਲਾਈ ਚੇਨ ਦੇ ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਅਮਰੀਕਾ ਨੂੰ ਆਪਣੇ ਕਦਮ ਪਿੱਛੇ ਖਿੱਚਣੇ ਪਏ ਹਨ। ਇਸ ਤੋਂ ਪਹਿਲਾਂ ਭਾਰਤ ਨੂੰ 5 ਮਾਰਚ ਤੋਂ ਇੱਕ ਮਹੀਨੇ ਲਈ ਇਹ ਵਿਸ਼ੇਸ਼ ਛੋਟ ਦਿੱਤੀ ਗਈ ਸੀ, ਜਿਸ ਤੋਂ ਬਾਅਦ ਹੋਰ ਮੁਲਕਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਸੀ।

ਇਰਾਨ, ਉੱਤਰੀ ਕੋਰੀਆ, ਕਿਊਬਾ ਜਾਂ ਯੂਕਰੇਨ ਦੇ ਕਬਜ਼ੇ ਵਾਲੇ ਹਿੱਸਿਆਂ ਨਾਲ ਜੁੜੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਨਾਲ ਲੈਣ-ਦੇਣ ’ਤੇ ਪਾਬੰਦੀ ਬਰਕਰਾਰ ਰਹੇਗੀ।

ਮਾਹਰਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਇਰਾਨ ਦਰਮਿਆਨ ਜੰਗੀ ਹਾਲਾਤ ਕਾਰਨ ਤੇਲ ਦੀਆਂ ਕੀਮਤਾਂ ਕਾਫੀ ਵਧ ਗਈਆਂ ਹਨ। ਅਜਿਹੇ ਵਿੱਚ ਰੂਸੀ ਤੇਲ ਦੇ ਲਗਭਗ 140 ਮਿਲੀਅਨ ਬੈਰਲ ਨੂੰ ਬਾਜ਼ਾਰ ਵਿੱਚ ਆਉਣ ਦੀ ਇਜਾਜ਼ਤ ਦੇਣਾ ਗਲੋਬਲ ਆਰਥਿਕਤਾ ਨੂੰ ਸੰਭਾਲਣ ਦੀ ਇੱਕ ਕੋਸ਼ਿਸ਼ ਹੈ।

# ਪੰਜਾਬ ਤੇ ਹਰਿਆਣਾ ’ਚ ਬੇਰੁਜ਼ਗਾਰੀ ਦੀ ਦਰ ਕੌਮੀ ਔਸਤ ਨਾਲੋਂ ਵੱਧ

**ਨਵੀਂ ਦਿੱਲੀ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਰੀਓਡਿਕ ਲੇਬਰ ਫੋਰਸ ਸਰਵੇ 2025 ਦੀ ਤਾਜ਼ਾ ਰਿਪੋਰਟ ਨੇ ਪੰਜਾਬ ਅਤੇ ਹਰਿਆਣਾ ਵਿੱਚ ਬੇਰੁਜ਼ਗਾਰੀ ਦੇ ਚਿੰਤਾਜਨਕ ਅੰਕੜੇ ਪੇਸ਼ ਕੀਤੇ ਹਨ। ਰਿਪੋਰਟ ਮੁਤਾਬਕ, ਜਿੱਥੇ ਦੇਸ਼ ਦੀ ਕੁੱਲ ਬੇਰੁਜ਼ਗਾਰੀ ਦਰ 5.3 ਫੀਸਦੀ ਹੈ, ਉੱਥੇ ਹੀ ਪੰਜਾਬ ਵਿੱਚ ਇਹ ਅੰਕੜਾ 6.7 ਫੀਸਦੀ ਅਤੇ ਹਰਿਆਣਾ ਵਿੱਚ 6.2 ਫੀਸਦੀ ਦਰਜ ਕੀਤਾ ਗਿਆ ਹੈ। ਇਹ ਅੰਕੜੇ ਸਾਫ਼ ਕਰਦੇ ਹਨ ਕਿ ਦੋਵਾਂ ਸੂਬਿਆਂ ਦੇ ਲੇਬਰ ਬਾਜ਼ਾਰਾਂ ਵਿੱਚ ਨੌਕਰੀਆਂ ਨੂੰ ਲੈ ਕੇ ਭਾਰੀ ਦਬਾਅ ਬਣਿਆ ਹੋਇਆ ਹੈ, ਖ਼ਾਸ ਕਰਕੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਦੀ ਦਰ 7.4 ਫੀਸਦੀ ਤੱਕ ਪਹੁੰਚ ਗਈ ਹੈ। ਰਿਪੋਰਟ ਦਾ ਸਭ ਤੋਂ ਗੰਭੀਰ ਪਹਿਲੂ ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਵੱਧ ਰਹੀ ਬੇਰੁਜ਼ਗਾਰੀ ਹੈ। ਪੰਜਾਬ ਵਿੱਚ ਗ੍ਰੈਜੂਏਟ (ਡਿਗਰੀ ਧਾਰਕ) ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 20.6 ਫੀਸਦੀ ਹੈ, ਜਿਸਦਾ ਮਤਲਬ ਹੈ ਕਿ ਹਰ ਪੰਜਵਾਂ ਪੜ੍ਹਿਆ-ਲਿਖਿਆ ਨੌਜਵਾਨ ਬਿਨਾਂ ਨੌਕਰੀ ਤੋਂ ਹੈ। ਹਰਿਆਣਾ ਵਿੱਚ ਵੀ ਹਾਲਾਤ ਬਹੁਤੇ ਵੱਖਰੇ ਨਹੀਂ ਹਨ, ਉੱਥੇ ਗ੍ਰੈਜੂਏਟ ਨੌਜਵਾਨਾਂ ਵਿੱਚ ਇਹ ਦਰ 14.1 ਫੀਸਦੀ ਹੈ। ਇਹ ਅੰਕੜੇ ਇਸ ਧਾਰਨਾ ਨੂੰ ਚੁਣੌਤੀ ਦਿੰਦੇ ਹਨ ਕਿ ਉੱਚ ਸਿੱਖਿਆ ਰੁਜ਼ਗਾਰ ਦੀ ਗਰੰਟੀ ਹੈ, ਕਿਉਂਕਿ ਪੋਸਟ-ਗ੍ਰੈਜੂਏਟ ਨੌਜਵਾਨਾਂ ਨੂੰ ਵੀ ਮਾਨਸਿਕ ਸੰਤੁਸ਼ਟੀ ਵਾਲਾ ਕੰਮ ਲੱਭਣ ਵਿੱਚ ਦਿੱਕਤਾਂ ਆ ਰਹੀਆਂ ਹਨ।

ਮਾਹਿਰਾਂ ਅਨੁਸਾਰ, ਇਸ ਸੰਕਟ ਦਾ ਮੁੱਖ ਕਾਰਨ ਸਿੱਖਿਆ ਅਤੇ ਉਦਯੋਗਿਕ ਲੋੜਾਂ ਵਿਚਾਲੇ ਵੱਡਾ ਪਾੜਾ ਹੈ। ਸਰਵੇਖਣ ਮੁਤਾਬਕ, ਨੌਜਵਾਨਾਂ ਕੋਲ ਡਿਗਰੀਆਂ ਤਾਂ ਹਨ ਪਰ ਉਨ੍ਹਾਂ ਕੋਲ ਉਹ ਵਿਹਾਰਕ ਅਤੇ ਤਕਨੀਕੀ ਹੁਨਰ ਨਹੀਂ ਹੈ ਜਿਸ ਦੀ ਅੱਜ ਦੇ ਆਧੁਨਿਕ ਉਦਯੋਗਾਂ ਨੂੰ ਲੋੜ ਹੈ। ਇਸ ਤੋਂ ਇਲਾਵਾ, ਪੰਜਾਬ ਵਿੱਚ ਉਦਯੋਗਿਕ ਖੇਤਰ ਦੀ ਮੱਠੀ ਰਫ਼ਤਾਰ ਅਤੇ ਹਰਿਆਣਾ ਵਿੱਚ ਵੱਧ ਰਹੇ ਮੁਕਾਬਲੇ ਕਾਰਨ ਨੌਜਵਾਨ ਜਾਂ ਤਾਂ ਖੇਤੀਬਾੜੀ ਵਰਗੇ ਗੈਰ-ਰਸਮੀ ਖੇਤਰਾਂ ਵਿੱਚ ਫਸੇ ਹੋਏ ਹਨ ਜਾਂ ਘੱਟ ਤਨਖਾਹ ਵਾਲੇ ਕੰਮ ਕਰਨ ਲਈ ਮਜਬੂਰ ਹਨ।

ਇਸ ਗੰਭੀਰ ਸਥਿਤੀ ਨੂੰ ਹੱਲ ਕਰਨ ਲਈ ਨੀਤੀਗਤ ਸੁਧਾਰਾਂ ਦੀ ਤੁਰੰਤ ਲੋੜ ਹੈ। ਰਿਪੋਰਟ ਸੁਝਾਅ ਦਿੰਦੀ ਹੈ ਕਿ ਸਰਕਾਰਾਂ ਨੂੰ ਸਿਰਫ਼ ਰਵਾਇਤੀ ਸਿੱਖਿਆ ’ਤੇ ਜ਼ੋਰ ਦੇਣ ਦੀ ਬਜਾਏ ਹੁਨਰ-ਅਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜੇਕਰ ਸਮਾਂ ਰਹਿੰਦੇ ਨਿੱਜੀ ਖੇਤਰ ਵਿੱਚ ਨਿਵੇਸ਼ ਅਤੇ ਉਦਯੋਗਿਕ ਵਿਭਿੰਨਤਾ ਵੱਲ ਧਿਆਨ ਨਾ ਦਿੱਤਾ ਗਿਆ, ਤਾਂ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਇਹ ਵੱਡੀ ਫ਼ੌਜ ਦੋਵਾਂ ਸੂਬਿਆਂ ਲਈ ਇੱਕ ਵੱਡੀ ਆਰਥਿਕ ਅਤੇ ਸਮਾਜਿਕ ਚੁਣੌਤੀ ਬਣ ਸਕਦੀ ਹੈ।

# ਕੇਂਦਰ ਦਾ ਸੰਘੀ ਢਾਂਚਾ ਬਦਲਣ ਦਾ ‘ਮਨਸੂਬਾ’ ਨਾਕਾਮ; ਵਿਰੋਧੀ ਏਕਤਾ ਦੀ ਹੋਈ ਜਿੱਤ: ਪ੍ਰਿਅੰਕਾ ਗਾਂਧੀ

**ਨਵੀਂ ਦਿੱਲੀ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਅੱਜ ਕੇਂਦਰ ਸਰਕਾਰ ’ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਮਹਿਲਾ ਰਾਖਵਾਂਕਰਨ ਦੀ ਆੜ ਵਿੱਚ ਦੇਸ਼ ਦੇ ਸੰਘੀ ਢਾਂਚੇ (Federal Structure) ਨੂੰ ਬਦਲਣ ਦੀ ਸਾਜ਼ਿਸ਼ ਰਚ ਰਹੀ ਸੀ। ਉਨ੍ਹਾਂ ਕਿਹਾ ਕਿ ਲੋਕ ਸਭਾ ਵਿੱਚ 131ਵੀਂ ਸੰਵਿਧਾਨਕ ਸੋਧ ਬਿੱਲ ਦਾ ਡਿੱਗਣਾ ਨਾ ਸਿਰਫ਼ ਸੰਵਿਧਾਨ ਅਤੇ ਲੋਕਤੰਤਰ ਦੀ ਜਿੱਤ ਹੈ, ਸਗੋਂ ਇਹ ਵਿਰੋਧੀ ਧਿਰ ਦੀ ਮਜ਼ਬੂਤ ਏਕਤਾ ਦਾ ਸਬੂਤ ਵੀ ਹੈ।



ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਸਰਕਾਰ ਦੀ ਨੀਅਤ ਔਰਤਾਂ ਨੂੰ ਹੱਕ ਦੇਣ ਦੀ ਨਹੀਂ, ਸਗੋਂ ਹੱਦਬੰਦੀ (Delimitation) ਰਾਹੀਂ ਆਪਣੀ ਸੱਤਾ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਕਰਨ ਦੀ ਸੀ। ਉਨ੍ਹਾਂ ਕਿਹਾ, ਸਰਕਾਰ ਨੇ ਸੋਚਿਆ ਸੀ ਕਿ ਜੇਕਰ ਬਿੱਲ ਪਾਸ ਹੋ ਗਿਆ ਤਾਂ ਉਹ ਆਪਣੀ ਮਰਜ਼ੀ ਅਨੁਸਾਰ ਸੀਟਾਂ ਵਧਾ ਕੇ ਸਿਆਸੀ ਲਾਹਾ ਲੈਣਗੇ, ਅਤੇ ਜੇਕਰ ਫੇਲ੍ਹ ਹੋ ਗਿਆ ਤਾਂ ਵਿਰੋਧੀ ਧਿਰ ਨੂੰ ਮਹਿਲਾ ਵਿਰੋਧੀ ਗਰਦਾਨ ਕੇ ਖੁਦ ‘ਮਸੀਹਾ’ ਬਣ ਜਾਣਗੇ। ਉਨ੍ਹਾਂ ਹਾਥਰਸ ਕਾਂਡ ਅਤੇ ਮਹਿਲਾ ਪਹਿਲਵਾਨਾਂ ਦੇ ਮੁੱਦੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਔਰਤਾਂ ਦਾ ਮਸੀਹਾ ਬਣਨਾ ਇੰਨਾ ਸੌਖਾ ਨਹੀਂ ਹੈ।

# ਸੰਜੀਵ ਅਰੋੜਾ ਦੇ ਘਰ ED ਦੀ ਕਾਰਵਾਈ ਮੁੱਕੀ, ਗੁਰੂਗ੍ਰਾਮ ਦੇ ਦਫ਼ਤਰਾਂ ਵਿੱਚ ਤਲਾਸ਼ੀ ਜਾਰੀ

**ਲੁਧਿਆਣਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਲੁਧਿਆਣਾ ਸਥਿਤ ਘਰ ’ਤੇ ਸ਼ਨਿਚਰਵਾਰ ਨੂੰ ਈਡੀ ਦੀ ਛਾਪੇਮਾਰੀ ਖ਼ਤਮ ਹੋ ਗਈ ਹੈ। ਹਾਲਾਂਕਿ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਲੁਧਿਆਣਾ ਸਥਿਤ ਰਿਹਾਇਸ਼ ਅਤੇ ਕਾਰੋਬਾਰੀ ਟਿਕਾਣਿਆਂ ’ਤੇ ਈਡੀ ਦੀ ਛਾਪੇਮਾਰੀ ਪੂਰੀ ਹੋ ਚੁੱਕੀ ਹੈ, ਪਰ ਉਨ੍ਹਾਂ ਦੀ ਗੁਰੂਗ੍ਰਾਮ ਸਥਿਤ ਰਿਹਾਇਸ਼ ’ਤੇ ਕਾਰਵਾਈ ਅਜੇ ਵੀ ਜਾਰੀ ਹੈ।

ਈਡੀ ਦੀ ਛਾਪੇਮਾਰੀ, ਜਿਸ ਵਿੱਚ ਸੰਜੀਵ ਅਰੋੜਾ, ਉਨ੍ਹਾਂ ਦੇ ਪੁੱਤਰ ਅਤੇ ਉਨ੍ਹਾਂ ਦੇ ਦੋ ਕਾਰੋਬਾਰੀ ਭਾਈਵਾਲਾਂ ਹੇਮੰਤ ਸੂਦ ਅਤੇ ਚੰਦਰਸ਼ੇਖਰ ਅਗਰਵਾਲ ਦੇ ਰਿਹਾਇਸ਼ੀ ਅਤੇ ਕਾਰੋਬਾਰੀ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਸ਼ੁੱਕਰਵਾਰ ਸਵੇਰੇ 6 ਵਜੇ ਸ਼ੁਰੂ ਹੋਈ ਸੀ ਅਤੇ ਸ਼ਨਿਚਰਵਾਰ ਤੱਕ ਜਾਰੀ ਰਹੀ।



ਇਹ ਛਾਪੇਮਾਰੀ ਲੁਧਿਆਣਾ, ਜਲੰਧਰ, ਗੁਰੂਗ੍ਰਾਮ ਅਤੇ ਚੰਡੀਗੜ੍ਹ ਵਿੱਚ ਫੈਲੀਆਂ 13 ਥਾਵਾਂ ’ਤੇ ਇਕੋ ਸਮੇਂ ਸ਼ੁਰੂ ਕੀਤੀ ਗਈ ਸੀ। ਕਾਰਵਾਈ ਦੌਰਾਨ ਮੰਤਰੀ ਅਰੋੜਾ ਦੀ ਦਿੱਲੀ ਸਥਿਤ ਸਰਕਾਰੀ ਰਿਹਾਇਸ਼, ਉਨ੍ਹਾਂ ਦੇ ਨਿੱਜੀ ਘਰ, ਉਨ੍ਹਾਂ ਦੇ ਕੰਪਨੀ ਦਫ਼ਤਰਾਂ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਕਰੀਬੀ ਸਾਥੀਆਂ ਦੇ ਘਰਾਂ ਦੀ ਵੀ ਬਾਰੀਕੀ ਨਾਲ ਤਲਾਸ਼ੀ ਲਈ ਗਈ।

ਕੁਝ ਖਾਸ ਥਾਵਾਂ ਨੂੰ ਛੱਡ ਕੇ ਬਾਕੀ ਜ਼ਿਆਦਾਤਰ ਥਾਵਾਂ ’ਤੇ ਛਾਪੇਮਾਰੀ ਹੁਣ ਖ਼ਤਮ ਹੋ ਚੁੱਕੀ ਹੈ।

ਸੂਤਰਾਂ ਅਨੁਸਾਰ ਲੁਧਿਆਣਾ ਵਿੱਚ ਅਰੋੜਾ ਅਤੇ ਹੇਮੰਤ ਸੂਦ ਦੋਵਾਂ ਦੇ ਟਿਕਾਣਿਆਂ ’ਤੇ ਤਲਾਸ਼ੀ ਪੂਰੀ ਕਰਨ ਤੋਂ ਬਾਅਦ ਈਡੀ ਦੀਆਂ ਟੀਮਾਂ ਨੇ ਆਪਣਾ ਧਿਆਨ ਗੁਰੂਗ੍ਰਾਮ ਸਥਿਤ ਉਨ੍ਹਾਂ ਦੇ ਦਫ਼ਤਰਾਂ ਵੱਲ ਮੋੜ ਲਿਆ ਹੈ।

ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਛਾਪੇਮਾਰੀ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਨਾਲ ਸਬੰਧਤ ਹੋ ਸਕਦੀ ਹੈ।

ਕੇਂਦਰੀ ਸੁਰੱਖਿਆ ਬਲਾਂ ਦੀਆਂ ਟੀਮਾਂ ਜੋ ਲੁਧਿਆਣਾ ਦੇ ਗੁਰਦੇਵ ਨਗਰ ਵਿੱਚ ਅਰੋੜਾ ਦੀ ਰਿਹਾਇਸ਼ ’ਤੇ ਤਾਇਨਾਤ ਸਨ, ਹੁਣ ਉਥੋਂ ਹਟ ਗਈਆਂ ਹਨ। ਮੰਤਰੀ ਖੁਦ ‘ਇਨਵੈਸਟ ਸਮਿਟ’ ਦੇ ਸਿਲਸਿਲੇ ’ਚ ਯੂਰਪ ਦੌਰੇ ’ਤੇ ਹਨ।

# 328 ਲਾਪਤਾ ਸਰੂਪ ਮਾਮਲੇ ’ਚ ਮੁੱਖ ਮੁਲਜ਼ਮ ਨੂੰ ਮਿਲੀ ਜ਼ਮਾਨਤ; ਪੁਲਿਸ ਚਾਰਜਸ਼ੀਟ ਦਾਖ਼ਲ ਕਰਨ ਵਿੱਚ ਰਹੀ ਅਸਫ਼ਲ

**ਅੰਮ੍ਰਿਤਸਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

328 ਲਾਪਤਾ ਪਾਵਨ ਸਰੂਪਾਂ ਦੇ ਸੰਵੇਦਨਸ਼ੀਲ ਮਾਮਲੇ ਵਿੱਚ ਅੰਮ੍ਰਿਤਸਰ ਦੀ ਇੱਕ ਸਥਾਨਕ ਅਦਾਲਤ ਨੇ ਮੁੱਖ ਮੁਲਜ਼ਮ ਕਮਲਜੀਤ ਸਿੰਘ ਉਰਫ਼ ਕੰਵਲਜੀਤ ਸਿੰਘ ਨੂੰ ਡਿਫਾਲਟ ਜ਼ਮਾਨਤ ਦੇ ਦਿੱਤੀ ਹੈ, ਕਿਉਂਕਿ ਪੁਲੀਸ ਨਿਰਧਾਰਤ ਸਮੇਂ ਦੇ ਅੰਦਰ ਚਾਰਜਸ਼ੀਟ ਦਾਖ਼ਲ ਕਰਨ ਵਿੱਚ ਅਸਫ਼ਲ ਰਹੀ।

ਇਹ ਹੁਕਮ ਜੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਨਾਲ ਸਬੰਧਤ ਐੱਫ ਆਈ ਆਰ ਵਿੱਚ ਸੁਣਾਇਆ ਗਿਆ, ਜੋ ਕਿ 7 ਦਸੰਬਰ, 2025 ਨੂੰ ਪੁਲੀਸ ਸਟੇਸ਼ਨ ਸੀ ਡਿਵੀਜ਼ਨ ਵਿਖੇ ਦਰਜ ਕੀਤੀ ਗਈ ਸੀ। ਇਸ ਕੇਸ ਵਿੱਚ ਆਈ ਪੀ ਸੀ ਦੀਆਂ ਧਾਰਾਵਾਂ 295, 295-ਏ, 409, 465, 120-ਬੀ ਦੇ ਨਾਲ-ਨਾਲ 408, 466, 467, 468, 471 ਅਤੇ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀਆਂ ਵਾਧੂ ਧਾਰਾਵਾਂ ਸਮੇਤ ਗੰਭੀਰ ਦੋਸ਼ ਸ਼ਾਮਲ ਹਨ। ਮੁਲਜ਼ਮ 3 ਜਨਵਰੀ, 2026 ਤੋਂ ਨਿਆਂਇਕ ਹਿਰਾਸਤ ਵਿੱਚ ਸੀ ਅਤੇ ਚਲਾਨ ਪੇਸ਼ ਕੀਤੇ ਬਿਨਾਂ ਜੇਲ੍ਹ ਵਿੱਚ 100 ਦਿਨਾਂ ਤੋਂ ਵੱਧ ਸਮਾਂ ਪੂਰਾ ਕਰ ਚੁੱਕਾ ਸੀ। ਸੁਣਵਾਈ ਦੌਰਾਨ ਜਾਂਚ ਅਧਿਕਾਰੀ ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਚਾਰਜਸ਼ੀਟ ਅਜੇ ਪੇਸ਼ ਨਹੀਂ ਕੀਤੀ ਗਈ ਹੈ। ਸੀ ਆਰ ਪੀ ਸੀ ਦੀ ਧਾਰਾ 167(2) (ਹੁਣ ਬੀ ਐੱਨ ਐੱਸ ਐੱਸ., 2023 ਦੀ ਧਾਰਾ 187(2)) ਦੇ ਉਪਬੰਧਾਂ ਦਾ ਹਵਾਲਾ ਦਿੰਦੇ ਹੋਏ, ਬਚਾਅ ਪੱਖ ਨੇ ਦਲੀਲ ਦਿੱਤੀ ਕਿ ਦੇਰੀ ਕਾਰਨ ਮੁਲਜ਼ਮ ਡਿਫਾਲਟ ਜ਼ਮਾਨਤ ਦਾ ਹੱਕਦਾਰ ਹੈ। ਅਦਾਲਤ ਨੇ ਇਸ ਦਲੀਲ ਨੂੰ ਸਵੀਕਾਰ ਕਰਦਿਆਂ ਨੋਟ ਕੀਤਾ ਕਿ ਜੇ ਨਿਰਧਾਰਤ ਮਿਆਦ ਦੇ ਅੰਦਰ ਚਾਰਜਸ਼ੀਟ ਦਾਖ਼ਲ ਨਹੀਂ ਕੀਤੀ ਜਾਂਦੀ ਤਾਂ ਡਿਫਾਲਟ ਜ਼ਮਾਨਤ ਦਾ ਅਧਿਕਾਰ ਪੂਰਨ ਹੋ ਜਾਂਦਾ ਹੈ। ਸੂਤਰਾਂ ਨੇ ਸੰਕੇਤ ਦਿੱਤਾ ਕਿ ਚਾਰਜਸ਼ੀਟ ਦਾਖ਼ਲ ਕਰਨ ਵਿੱਚ ਦੇਰੀ ਅੰਸ਼ਕ ਤੌਰ ’ਤੇ ਇਸ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਕੀਤੀ ਜਾ ਰਹੀ ਜਾਂਚ ਨਾਲ ਜੁੜੀ ਹੋਈ ਸੀ। ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਕਿਹਾ ਕਿ ਜਾਂਚ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਥਿਤ ਤੌਰ ’ਤੇ ਵਾਰ-ਵਾਰ ਯਾਦ ਕਰਵਾਉਣ ਦੇ ਬਾਵਜੂਦ ਐੱਸ ਆਈ ਟੀ ਨੂੰ ਮੁੱਖ ਰਿਕਾਰਡ ਮੁਹੱਈਆ ਨਹੀਂ ਕਰਵਾਇਆ, ਜਿਸ ਨਾਲ ਜਾਂਚ ਦੀ ਰਫ਼ਤਾਰ ਪ੍ਰਭਾਵਿਤ ਹੋਈ।



ਐੱਸ ਜੀ ਪੀ ਸੀ ਦੀ ਇਸ ਦੇਰੀ ਨੇ ਮੁਲਜ਼ਮਾਂ ਦੀ ਮਦਦ ਕੀਤੀ। ਵਿਸ਼ੇਸ਼ ਜਾਂਚ ਟੀਮ ਨੇ 4 ਜਨਵਰੀ ਨੂੰ ਐੱਸ ਜੀ ਪੀ ਸੀ ਦੇ ਸਾਬਕਾ ਸਹਾਇਕ ਸੁਪਰਵਾਈਜ਼ਰ ਨੂੰ ਗ੍ਰਿਫਤਾਰ ਕੀਤਾ ਸੀ। ਐੱਸ ਆਈ ਟੀ ਮੈਂਬਰਾਂ ਅਨੁਸਾਰ ਕੰਵਲਜੀਤ ਸਿੰਘ ਨੇ ਕਥਿਤ ਤੌਰ ’ਤੇ ਧਾਰਮਿਕ ਗ੍ਰੰਥਾਂ ਦੀ ਸਾਂਭ-ਸੰਭਾਲ ਅਤੇ ਪ੍ਰਬੰਧਨ ਨਾਲ ਸਬੰਧਤ ਗੰਭੀਰ ਬੇਨਿਯਮੀਆਂ ਵਿੱਚ ਸਿੱਧੀ ਭੂਮਿਕਾ ਨਿਭਾਈ ਸੀ ਅਤੇ ਉਹ ਪਵਿੱਤਰ ਸਰੂਪਾਂ ਨੂੰ ਅਣਅਧਿਕਾਰਤ ਤੌਰ ’ਤੇ ਤਿਆਰ ਕਰਨ ਅਤੇ ਸਟੋਰ ਕਰਨ ਵਿੱਚ ਵੀ ਸ਼ਾਮਲ ਸੀ।

# ਗੁਰੂ ਨਾਨਕ ਗਲੋਬਲ ਫਾਊਂਡੇਸ਼ਨ ਵੱਲੋਂ ਯੁਵਕਾਂ ਤੇ ਕਿਸਾਨਾਂ ਲਈ ਨਵੀਆਂ ਯੋਜਨਾਵਾਂ ਦੀ ਸ਼ੁਰੂਆਤ



**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਗਲੋਬਲ ਫਾਊਂਡੇਸ਼ਨ ਨੇ ਯੁਵਕਾਂ ਨੂੰ ਆਧੁਨਿਕ ਸਿੱਖਿਆ, ਨਵੀਂ ਸੋਚ ਅਤੇ ਵਿਸ਼ਵ ਪੱਧਰ ’ਤੇ ਅੱਗੇ ਵਧਾਉਣ ਦੇ ਮਕਸਦ ਨਾਲ ਕਈ ਮਹੱਤਵਪੂਰਨ ਯੋਜਨਾਵਾਂ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ। ਇਹ ਸੰਸਥਾ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ, ਟੈਕਸਾਸ (ਅਮਰੀਕਾ) ਦੀ ਸਹਿਯੋਗੀ ਸੰਸਥਾ ਹੈ।

ਸੰਸਥਾ ਵੱਲੋਂ ਸ਼ੁਰੂ ਕੀਤੀਆਂ ਮੁੱਖ ਯੋਜਨਾਵਾਂ ਵਿੱਚ ਉੱਚ ਸਿੱਖਿਆ ਲਈ ਵਿਸ਼ੇਸ਼ ਤਾਲੀਮ ਪ੍ਰੋਗਰਾਮ, ਅਰਧ-ਚਾਲਕ ਤਕਨਾਲੋਜੀ ਨਾਲ ਸਬੰਧਿਤ ਕੋਰਸ, ਕਿਸਾਨਾਂ ਲਈ ਫਸਲ ਸੁਰੱਖਿਆ ਯੋਜਨਾ ਅਤੇ ਇੱਕ ਅੰਤਰਰਾਸ਼ਟਰੀ ਸਮਾਗਮ ਦਾ ਆਯੋਜਨ ਸ਼ਾਮਲ ਹੈ। ਉੱਚ ਸਿੱਖਿਆ ਦੇ ਖੇਤਰ ਵਿੱਚ ਸ਼ੁਰੂ ਕੀਤੇ ਗਏ ਵਿਸ਼ੇਸ਼ ਤਾਲੀਮੀ ਪ੍ਰੋਗਰਾਮ ਹੇਠ ਪੋਸਟਗ੍ਰੈਜੂਏਟ ਵਿਦਿਆਰਥੀਆਂ ਨੂੰ ਤਿੰਨ ਪੜਾਵਾਂ ਵਿੱਚ ਤਿਆਰੀ ਕਰਵਾਈ ਜਾਵੇਗੀ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਨਵੀਂ ਸੋਚ, ਟਿਕਾਊ ਵਿਕਾਸ ਅਤੇ ਉੱਦਮਤਾ ਦੀ ਸਮਝ ਵਿਕਸਿਤ ਕਰਨਾ ਹੈ, ਤਾਂ ਜੋ ਉਹ ਜ਼ਿੰਮੇਵਾਰ ਅਤੇ ਪ੍ਰਭਾਵਸ਼ਾਲੀ ਅਗਵਾਈ ਦੇਣ ਯੋਗ ਬਣ ਸਕਣ। ਅਰਧ-ਚਾਲਕ ਤਕਨਾਲੋਜੀ ਨਾਲ ਸਬੰਧਿਤ ਕੋਰਸ ਰਾਹੀਂ ਯੁਵਕਾਂ ਨੂੰ ਚਿੱਪ ਡਿਜ਼ਾਈਨ, ਨਿਰਮਾਣ ਅਤੇ ਉੱਚ ਪੱਧਰੀ ਉਤਪਾਦਨ ਤਕਨੀਕਾਂ ਵਿੱਚ ਨਿਪੁੰਨ ਬਣਾਇਆ ਜਾਵੇਗਾ। ਇਸ ਨਾਲ ਦੇਸ਼ ਦੀਆਂ ਤਕਨੀਕੀ ਜ਼ਰੂਰਤਾਂ ਪੂਰੀਆਂ ਹੋਣ ਦੇ ਨਾਲ-ਨਾਲ ਯੁਵਕਾਂ ਲਈ ਰੋਜ਼ਗਾਰ ਦੇ ਵਧੀਆ ਮੌਕੇ ਵੀ ਪੈਦਾ ਹੋਣਗੇ।

# ਵਿਸ਼ਵ ਲਿਵਰ ਦਿਵਸ 2026: ‘ਦ ਲੈਂਸੇਟ’ ਨੇ ਵਿਸ਼ਵ ਪੱਧਰ ’ਤੇ ਲਿਵਰ ਬੀਮਾਰੀਆਂ ਵਿੱਚ ਵਾਧੇ ਦੀ ਚੇਤਾਵਨੀ ਦਿੱਤੀ

## ਪੰਜਾਬ ਨੇ ‘ਮੁੱਖ ਮੰਤਰੀ ਸਿਹਤ ਯੋਜਨਾ’ ਹੇਠ ਤਿਆਰੀ ਤੇਜ਼ ਕੀਤੀ, ਸਕ੍ਰੀਨਿੰਗ ਦਾ ਵਿਸਥਾਰ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆ ਭਰ ਵਿੱਚ 19 ਅਪ੍ਰੈਲ ਨੂੰ ‘ਸਾਲਿਡ ਹੈਬਿਟਸ, ਸਟ੍ਰਾਂਗ ਲਿਵਰ’ (‘ਸਿਹਤਮੰਦ ਆਦਤਾਂ, ਸਿਹਤਮੰਦ ਲਿਵਰ ’) ਦੇ ਥੀਮ ਉੱਤੇ ਮਨਾਏ ਜਾਣ ਵਾਲੇ ਵਿਸ਼ਵ ਲਿਵਰ ਦਿਵਸ ਦੇ ਮੌਕੇ, ‘ਦ ਲੈਂਸੇਟ’ ਦੀ ਇੱਕ ਚੇਤਾਵਨੀ ਨੇ ਲਿਵਰ ਬੀਮਾਰੀਆਂ ਵਿੱਚ ਤੇਜ਼ੀ ਨਾਲ ਹੋ ਰਹੇ ਵਿਸ਼ਵ ਪੱਧਰੀ ਵਾਧੇ ਨੂੰ ਉਜਾਗਰ ਕੀਤਾ ਹੈ। ਰਿਪੋਰਟ ਮੁਤਾਬਕ ‘ਮੈਟਾਬੋਲਿਕ ਡਿਸਫੰਕਸ਼ਨ-ਅਸੋਸੀਏਟਿਡ ਸਟੀਏਟੋਟਿਕ ਲਿਵਰ ਡਿਜ਼ੀਜ਼’(ਐਮਏਐਸਐਲਡੀ) ਦੇ ਮਾਮਲਿਆਂ ਵਿੱਚ 2050 ਤੱਕ ਤੇਜ਼ ਵਾਧਾ ਹੋਣ ਦੀ ਸੰਭਾਵਨਾ ਹੈ।

ਇਸ ਚਿੰਤਾਜਨਕ ਸਥਿਤੀ ਦੇ ਦਰਮਿਆਨ, ਪੰਜਾਬ ਇਸ ਚੁਣੌਤੀ ਦਾ ਡੱਟ ਕੇ ਸਾਹਮਣਾ ਕਰਨ ਲਈ ਅੱਗੇ ਵੱਧ ਰਿਹਾ ਹੈ। ਰਾਜ ਨੇ ਵਿਸਥਾਰਿਤ ਸਕ੍ਰੀਨਿੰਗ ਅਤੇ ਕੈਸ਼ਲੈੱਸ ‘ਮੁੱਖ ਮੰਤਰੀ ਸਿਹਤ ਯੋਜਨਾ’ ਰਾਹੀਂ ਆਪਣੀਆਂ ਸਿਹਤ ਸੇਵਾਵਾਂ ਨੂੰ ਮਜ਼ਬੂਤ ਕੀਤਾ ਹੈ, ਜਿਸ ਨਾਲ ਉਹ ਆਧੁਨਿਕ ਜੀਵਨਸ਼ੈਲੀ ਨਾਲ ਜੁੜੀ ਇਸ ਤੇਜ਼ੀ ਨਾਲ ਵਧ ਰਹੀ ‘ਮੂਕ ਮਹਾਂਮਾਰੀ’ ਖ਼ਿਲਾਫ਼ ਭਾਰਤ ਦੀ ਲੜਾਈ ਵਿੱਚ ਅਗੇਤਰੀ ਭੂਮਿਕਾ ਨਿਭਾਅ ਰਿਹਾ ਹੈ। ਦੁਨੀਆ ਭਰ ਵਿੱਚ ਲਿਵਰ ਸਬੰਧੀ ਬੀਮਾਰੀਆਂ ਇੱਕ ‘ਮੂਕ ਮਹਾਂਮਾਰੀ’ ਵਜੋਂ ਉੱਭਰ ਰਹੀਆਂ ਹਨ। ਸਿਹਤ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਲਗਭਗ ਹਰ ਤਿੰਨ ਵਿੱਚੋਂ ਇੱਕ ਬਾਲਿਗ ਵਿਅਕਤੀ ਇਸ ਨਾਲ ਪ੍ਰਭਾਵਿਤ ਹੈ। ਇਹ ਐਸੀ ਬੀਮਾਰੀ ਹੈ ਜਿਸ ਦੇ ਲੱਛਣ ਅਕਸਰ ਉਸ ਵੇਲੇ ਸਾਹਮਣੇ ਆਉਂਦੇ ਹਨ ਜਦੋਂ ਗੰਭੀਰ ਨੁਕਸਾਨ ਹੋ ਚੁੱਕਾ ਹੁੰਦਾ ਹੈ। ‘ਦ ਲੈਂਸੇਟ’ ਦਾ ਅਧਿਐਨ ਚੇਤਾਵਨੀ ਦਿੰਦਾ ਹੈ ਕਿ ਮਰੀਜ਼ਾਂ ਦੀ ਗਿਣਤੀ 2023 ਵਿੱਚ 1.3 ਅਰਬ ਤੋਂ ਵੱਧ ਕੇ 2050 ਤੱਕ 1.8 ਅਰਬ ਹੋ ਸਕਦੀ ਹੈ, ਜੋ ਕਿ 42 ਫੀਸਦੀ ਵਾਧੇ ਨੂੰ ਦਰਸਾਉਂਦਾ ਹੈ। ਭਾਰਤ ਵਿੱਚ ਵੀ ਇਸੇ ਤਰ੍ਹਾਂ ਦਾ ਰੁਝਾਨ ਵੇਖਿਆ ਜਾ ਰਿਹਾ ਹੈ, ਖ਼ਾਸ ਕਰਕੇ ਸ਼ਹਿਰੀ ਅਬਾਦੀ ਅਤੇ ਉੱਚ-ਖ਼ਤਰਾ ਸਮੂਹਾਂ ਵਿੱਚ ਇਹ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।

ਪੰਜਾਬ ਵਿੱਚ ਡਾਕਟਰਾਂ ਦੇ ਮੁਤਾਬਕ ‘ਹੈਪੇਟਾਈਟਿਸ-ਸੀ’ ਇਨਫੈਕਸ਼ਨ, ਸ਼ਰਾਬ ਦੀ ਵਰਤੋਂ ਅਤੇ ਬਦਲ ਰਹੀਆਂ ਖਾਣ-ਪੀਣ ਦੀਆਂ ਆਦਤਾਂ ਦੇ ਕਾਰਨ ,ਸਥਿਤੀ ਹੋਰ ਗੰਭੀਰ ਹੋ ਰਹੀ ਹੈ। ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲਿਆਰੀ ਸਾਇੰਸਜ਼ (ਪੀਆਈਐਲਬੀਐਸ) ਦੇ ਡਾਇਰੈਕਟਰ ਡਾ. ਵੀਰੇਂਦਰ ਸਿੰਘ ਨੇ ਕਿਹਾ, ਭਾਰਤ ਵਿੱਚ ਲਿਵਰ ਦੇ ਗੰਭੀਰ ਰੋਗਾਂ ਦੇ ਮੁੱਖ ਕਾਰਨਾਂ ਵਿੱਚ ਸ਼ਰਾਬ ਇੱਕ ਵੱਡਾ ਕਾਰਨ ਹੈ ਅਤੇ ਇਹ ਵਾਇਰਲ ਹੈਪੇਟਾਈਟਿਸ ਨਾਲ ਮਿਲ ਕੇ ਹਾਲਤ ਨੂੰ ਹੋਰ ਵੀ ਖਰਾਬ ਕਰ ਦਿੰਦੀ ਹੈ। ਫੈਟੀ ਲਿਵਰ ਡਿਜ਼ੀਜ਼ ਹੁਣ ਸ਼ਰਾਬ ਅਤੇ ਹੈਪੇਟਾਈਟਿਸ-ਸੀ ਦੇ ਨਾਲ ਇੱਕ ਮੁੱਖ ਕਾਰਨ ਵਜੋਂ ਉੱਭਰ ਰਹੀ ਹੈ। ਅਲਟਰਾ-ਪ੍ਰੋਸੈਸਡ ਖਾਣਾ, ਤਲੀਆਂ ਹੋਈਆਂ ਚੀਜ਼ਾਂ ਅਤੇ ਟ੍ਰਾਂਸ- ਫੈਟਸ ਦਾ ਲੰਬੇ ਸਮੇਂ ਤੱਕ ਸੇਵਨ ਸਮੱਸਿਆ ਨੂੰ ਵਧਾ ਰਿਹਾ ਹੈ।

ਡਾਕਟਰ ਇੱਕ ਚਿੰਤਾਜਨਕ ਬਦਲਾਅ ਵੀ ਦੇਖ ਰਹੇ ਹਨ ਕਿ ਘੱਟ ਉਮਰ ਦੇ ਮਰੀਜ਼ਾਂ ਵਿੱਚ ਲਿਵਰ ਦੀਆਂ ਬੀਮਾਰੀਆਂ ਤੇਜ਼ੀ ਨਾਲ ਸਾਹਮਣੇ ਆ ਰਹੀਆਂ ਹਨ। ਇਸ ਦਾ ਮੁੱਖ ਕਾਰਨ ਸ਼ਰਾਬ ਦਾ ਵਧਦਾ ਸੇਵਨ ਅਤੇ ਹੈਪੇਟਾਈਟਿਸ-ਸੀ ਦਾ ਫੈਲਾਅ ਹੈ, ਜੋ ਰਾਜ ਵਿੱਚ ਬਦਲ ਰਹੀਆਂ ਜੀਵਨਸ਼ੈਲੀ ਅਤੇ ਵਿਵਹਾਰਕ ਰੁਝਾਨਾਂ ਨੂੰ ਦਰਸਾਉਂਦਾ ਹੈ। ਸਿਹਤ ਸੇਵਾਵਾਂ ਬਾਰੇ ਉਨ੍ਹਾਂ ਨੇ ਦੱਸਿਆ, ਪੰਜਾਬ ਨੇ ਆਪਣੀ ਰੈਫਰਲ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ, ਜਿਸ ਨਾਲ ਲਿਵਰ ਬੀਮਾਰੀਆਂ ਦੀ ਪਹਿਲਾਂ ਨਾਲੋਂ ਜਲਦੀ ਪਛਾਣ ਹੋ ਰਹੀ ਹੈ। ਪਿੰਡਾਂ ਵਿੱਚ ਸਕ੍ਰੀਨਿੰਗ ਅਤੇ ਵਿਸ਼ੇਸ਼ਗਿਆ ਸੇਵਾਵਾਂ ਤੱਕ ਪਹੁੰਚ ਵੀ ਸੁਧਰੀ ਹੈ, ਹਾਲਾਂਕਿ ਫੈਟੀ ਲਿਵਰ ਦੀ ‘ਮੂਕ’ ਪ੍ਰਕਿਰਤੀ ਕਾਰਨ ਦੇਰ ਨਾਲ ਪਛਾਣ ਦੀ ਸਮੱਸਿਆ ਅਜੇ ਵੀ ਮੌਜੂਦ ਹੈ। ਵਿੱਤੀ ਅਤੇ ਪਹੁੰਚ ਨਾਲ ਜੁੜੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ, ਰਾਜ ਨੇ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਕਵਰੇਜ ਦਾ ਵਿਸਥਾਰ ਕੀਤਾ ਹੈ, ਜੋ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਪ੍ਰਦਾਨ ਕਰਦੀ ਹੈ। ਡਾ. ਸਿੰਘ ਦੱਸਦੇ ਹਨ ਕਿ ਮਰੀਜ਼ ਦੇ ਭਰਤੀ ਹੋਣ ’ਤੇ, ਜ਼ਿਆਦਾਤਰ ਟੈਸਟ ਅਤੇ ਦਵਾਈਆਂ ਇਸ ਯੋਜਨਾ ਦੇ ਅਧੀਨ ਕਵਰ ਹੁੰਦੀਆਂ ਹਨ, ਜਿਸ ਨਾਲ ਮਰੀਜ਼ ਦਾ ਜੇਬ ਤੋਂ ਹੋਣ ਵਾਲਾ ਖ਼ਰਚ ਘੱਟ ਹੁੰਦਾ ਹੈ। ਇਸ ਯੋਜਨਾ ਵਿੱਚ ਜਾਂਚ, ਹਸਪਤਾਲ ਵਿੱਚ ਦਾਖ਼ਲਾ ਅਤੇ ਵਿਸ਼ੇਸ਼ਗਿਆ ਸੇਵਾਵਾਂ ਸ਼ਾਮਲ ਹਨ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਨੇ ਕਈ ਮਰੀਜ਼ਾਂ ਨੂੰ ਬਿਹਤਰ ਇਲਾਜ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਹੈ ਅਤੇ ਇਹ ਕਈ ਲੋਕਾਂ ਦੀ ਜ਼ਿੰਦਗੀ ਬਚਾਉਣ ਵਿੱਚ ਨਿਰਣਾਇਕ ਸਾਬਤ ਹੋਈ ਹੈ।

# ਐਡੂਮੌਂਟ ਵਰਲਡ ਸਕੂਲ ਦੇ ਜਮਾਤ ਨੌਵੀਂ ਦੇ ਵਿਦਿਆਰਥੀਆਂ ਦਾ ITI ਦੌਰਾ; ਤਕਨੀਕੀ ਗਿਆਨ ਨਾਲ ਹੋਏ ਰੂਬਰੂ

**ਨਾਭਾ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਦੇ ਪ੍ਰਸਿੱਧ ਐਡੂਮੌਂਟ ਵਰਲਡ ਸਕੂਲ ਦੇ ਜਮਾਤ ਨੌਵੀਂ ਦੇ ਵਿਦਿਆਰਥੀਆਂ ਵੱਲੋਂ Industrial Training Institute (SRI SRI ITI) ਦਾ ਇੱਕ ਵਿਸ਼ੇਸ਼ ਸਿੱਖਿਆਤਮਕ ਦੌਰਾ ਕੀਤਾ ਗਿਆ। ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਅਤੇ ਵੱਖ-ਵੱਖ ਹੁਨਰਾਂ ਬਾਰੇ ਜਾਗਰੂਕ ਕਰਨਾ ਸੀ, ਤਾਂ ਜੋ ਉਹ ਆਪਣੇ ਭਵਿੱਖ ਲਈ ਸਹੀ ਦਿਸ਼ਾ ਚੁਣ ਸਕਣ। ITI ਪਹੁੰਚਣ ‘ਤੇ ਵਿਦਿਆਰਥੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੀ ਜਾਣਕਾਰੀ ਦਿੱਤੀ ਗਈ। ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਇਲੈਕਟ੍ਰੀਕਲ ਸੈਕਸ਼ਨ ਵਿੱਚ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੇ ਬਿਜਲੀ ਨਾਲ ਸੰਬੰਧਤ ਅਹਿਮ ਗੱਲਾਂ ਸਿੱਖੀਆਂ। ITI ਦੇ ਅਧਿਆਪਕਾਂ ਨੇ ਉਨ੍ਹਾਂ ਨੂੰ ਵਾਇਰਿੰਗ ਸਿਸਟਮ, ਸਰਕਿਟ ਬਣਾਉਣ ਦੇ ਤਰੀਕੇ, ਬਿਜਲੀ ਦੇ ਉਪਕਰਣਾਂ ਦੀ ਵਰਤੋਂ ਅਤੇ ਸੁਰੱਖਿਆ ਦੇ ਨਿਯਮਾਂ ਬਾਰੇ ਵਿਸਥਾਰ ਨਾਲ ਸਮਝਾਇਆ। ਵਿਦਿਆਰਥੀਆਂ ਨੇ ਆਪਣੇ ਹੱਥਾਂ ਨਾਲ ਕੁਝ ਛੋਟੇ-ਛੋਟੇ ਪ੍ਰਯੋਗ ਵੀ ਕਰਕੇ ਵੇਖੇ, ਜਿਸ ਨਾਲ ਉਨ੍ਹਾਂ ਦੀ ਰੁਚੀ ਹੋਰ ਵਧ ਗਈ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਪਲੰਬਿੰਗ ਵਿਭਾਗ ਵਿੱਚ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਪਾਈਪ ਲਗਾਉਣ ਦੇ ਤਰੀਕੇ, ਪਾਣੀ ਦੇ ਸਹੀ ਪ੍ਰਬੰਧਨ ਅਤੇ ਲੀਕੇਜ ਨੂੰ ਠੀਕ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਕਿ ਕਿਵੇਂ ਘਰੇਲੂ ਸਮੱਸਿਆਵਾਂ ਨੂੰ ਸੌਖੇ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ।

# ਕੋਕ ਸਟੂਡੀਓ ਭਾਰਤ ਦਾ ‘ਬੁਲੇਆ ਵੇ’ ਬੁੱਲ੍ਹੇ ਸ਼ਾਹ ਦੀ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਲਿਆਇਆ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੇ ਸੀਜ਼ਨ 4 ਦੇ ਓਪਨਰ ਏ ਅਜਨਬੀ ਨਾਲ ਸੁਰ ਜੋੜਨ ਤੋਂ ਬਾਅਦ , ਕੋਕ ਸਟੂਡੀਓ ਭਾਰਤ ਆਪਣੀ ਦੂਜੀ ਰਿਲੀਜ਼, ਬੁੱਲ੍ਹੇ ਵੇ ਨਾਲ ਵਾਪਸੀ ਕਰਦਾ ਹੈ , ਇੱਕ ਅਜਿਹਾ ਟਰੈਕ ਜੋ ਸਭ ਤੋਂ ਡੂੰਘੀ ਮਨੁੱਖੀ ਸੱਚਾਈ ਵਿੱਚੋਂ ਇੱਕ ਵਿੱਚ ਝੁਕਦਾ ਹੈ: ਕਈ ਵਾਰ, ਸਭ ਤੋਂ ਔਖਾ ਸਫ਼ਰ ਤੁਹਾਡੇ ਆਪਣੇ ਹੰਕਾਰ ਤੋਂ ਵਾਪਸੀ ਹੁੰਦਾ ਹੈ। ਸੂਫ਼ੀ ਕਵੀ ਬੁੱਲ੍ਹੇ ਸ਼ਾਹ ਅਤੇ ਉਸਦੇ ਮੁਰਸ਼ਿਦ, ਸ਼ਾਹ ਇਨਾਇਤ ਦੀ ਸਦੀਵੀ ਕਹਾਣੀ ਤੋਂ ਪ੍ਰੇਰਿਤ, ਬੁੱਲ੍ਹੇ ਵੇ ਹਉਮੈ, ਦੂਰੀ ਅਤੇ ਉਸ ਕਿਸਮ ਦੇ ਪਿਆਰ ਦੁਆਰਾ ਆਕਾਰ ਦਿੱਤੇ ਗਏ ਇੱਕ ਸਫ਼ਰ ਦੀ ਪੜਚੋਲ ਕਰਦਾ ਹੈ ਜੋ ਤੁਹਾਨੂੰ ਨਿਮਰ ਬਣਾਉਂਦਾ ਹੈ। ਆਪਣੇ ਗੁਰੂ ਨੂੰ ਡੂੰਘਾਈ ਨਾਲ ਸਮਰਪਿਤ, ਬੁੱਲ੍ਹੇ ਸ਼ਾਹ ਦਾ ਹੰਕਾਰ ਦਾ ਪਲ ਉਨ੍ਹਾਂ ਦੇ ਬੰਧਨ ਵਿੱਚ ਇੱਕ ਦਰਾੜ ਪੈਦਾ ਕਰਦਾ ਹੈ, ਜਿਸ ਨਾਲ ਇੱਕ ਚੁੱਪੀ ਆਉਂਦੀ ਹੈ ਜੋ ਆਪਣੀ ਹੀ ਸਜ਼ਾ ਬਣ ਜਾਂਦੀ ਹੈ। ਇਸ ਤੋਂ ਬਾਅਦ ਇੱਕ ਸ਼ਾਂਤ, ਲੰਮੀ ਤਾਂਘ ਹੁੰਦੀ ਹੈ, ਜੋ ਬੁੱਲ੍ਹੇ ਨੂੰ ਆਪਣੇ ਆਪ ਦਾ ਸਾਹਮਣਾ ਕਰਨ ਲਈ ਮਜਬੂਰ ਕਰਦੀ ਹੈ। ਅੰਤ ਵਿੱਚ, ਬੁੱਲ੍ਹੇ ਹੰਕਾਰ ਨਾਲ ਨਹੀਂ, ਸਗੋਂ ਇੱਕ ਸਾਧਕ ਵਜੋਂ, ਪੂਰੀ ਤਰ੍ਹਾਂ ਸਮਰਪਣ ਕਰ ਕੇ ਵਾਪਸ ਆਉਂਦਾ ਹੈ। ਇਹ ਗੀਤ ਇਸ ਚਾਪ ਨੂੰ, ਹੰਕਾਰ ਤੋਂ ਸਮਰਪਣ ਤੱਕ, ਅਤੇ ਵਿਛੋੜੇ ਤੋਂ ਮਿਲਾਪ ਤੱਕ, ਇੱਕ ਕਮਜ਼ੋਰੀ ਨਾਲ ਕੈਦ ਕਰਦਾ ਹੈ ਜੋ ਡੂੰਘਾਈ ਨਾਲ ਨਿੱਜੀ ਅਤੇ ਅਸਲੀ ਮਹਿਸੂਸ ਹੁੰਦੀ ਹੈ।

ਅਸ਼ੋਕ ਮਸਕੀਨ ਨੂੰ ਪੇਸ਼ ਕਰ ਰਿਹਾ ਹਾਂ, ਜਿਸਦੀ ਕੱਚੀ, ਬੇਰੋਕ ਆਵਾਜ਼ ਬੁੱਲੇਆ ਵੇ ਵਿੱਚ ਇੱਕ ਜ਼ਿੰਦਾ ਇਮਾਨਦਾਰੀ ਲਿਆਉਂਦੀ ਹੈ , ਜੋ ਟਰੈਕ ਨੂੰ ਅਸਲ ਭਾਵਨਾਵਾਂ ਵਿੱਚ ਢਾਲਦੀ ਹੈ। ਉਸ ਨਾਲ ਮਧੁਰ ਸ਼ਰਮਾ ਅਤੇ ਸਵਰਿਤ ਸ਼ੁਕਲ ਸ਼ਾਮਲ ਹਨ, ਦੋ ਕਲਾਕਾਰ ਜੋ ਕਿ ਵੱਖਰੇ ਸੰਗੀਤਕ ਸੰਸਾਰ ਤੋਂ ਹਨ। ਮਧੁਰ ਇੱਕ ਸ਼ਾਂਤ ਭਾਵਨਾਤਮਕ ਡੂੰਘਾਈ ਲਿਆਉਂਦਾ ਹੈ, ਤਾਂਘ ਦੇ ਤਣਾਅ ਨੂੰ ਸੰਜਮ ਨਾਲ ਫੜੀ ਰੱਖਦਾ ਹੈ, ਜਦੋਂ ਕਿ ਸਵਰਿਤ ਇੱਕ ਘੱਟੋ-ਘੱਟ ਸਾਊਂਡਸਕੇਪ ਨੂੰ ਆਕਾਰ ਦਿੰਦਾ ਹੈ ਜੋ ਕਹਾਣੀ ਨੂੰ ਕੇਂਦਰ ਵਿੱਚ ਰੱਖਣ ਦੀ ਆਗਿਆ ਦਿੰਦਾ ਹੈ । ਸੰਖੇਪ ਵਿੱਚ, ਬੁੱਲੇਆ ਵੇ ਆਪਣੇ ਆਪ ਨੂੰ ਗੁਆਉਣ ਬਾਰੇ ਹੈ, ਹਾਰ ਵਿੱਚ ਨਹੀਂ, ਸਗੋਂ ਨਿਮਰਤਾ ਵਿੱਚ, ਕਿਉਂਕਿ ਕਈ ਵਾਰ, ਇਹੀ ਉਹ ਥਾਂ ਹੈ ਜਿੱਥੇ ਪਿਆਰ ਅਤੇ ਵਿਸ਼ਵਾਸ ਸੱਚਮੁੱਚ ਸ਼ੁਰੂ ਹੁੰਦੇ ਹਨ।

ਕੋਕਾ-ਕੋਲਾ ਇੰਡੀਆ ਅਤੇ ਦੱਖਣ-ਪੱਛਮੀ ਏਸ਼ੀਆ ਦੇ ਆਈਐਮਐਕਸ (ਇੰਟੀਗ੍ਰੇਟਿਡ ਮਾਰਕੀਟਿੰਗ ਐਕਸਪੀਰੀਅੰਸ) ਲੀਡ, ਸ਼ਾਂਤਨੂ ਗੰਗਾਨੇ ਨੇ ਕਿਹਾ , ਭਾਰਤ ਵਿੱਚ ਸੰਗੀਤ ਹਮੇਸ਼ਾ ਸਵੈ-ਖੋਜ ਦੀਆਂ ਕਹਾਣੀਆਂ ਲੈ ਕੇ ਆਇਆ ਹੈ।

# ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਮਾਡਿਊਲ ਦੇ ਦੋ ਵਿਅਕਤੀ 64.6 ਕਿਲੋ ਹੈਰੋਇਨ ਸਮੇਤ ਅੰਮ੍ਰਿਤਸਰ ਤੋਂ ਕਾਬੂ

**ਅੰਮ੍ਰਿਤਸਰ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਨਾਰਕੋ-ਅੱਤਵਾਦੀ ਨੈੱਟਵਰਕਾਂ ਨੂੰ ਵੱਡਾ ਝਟਕਾ ਦਿੰਦਿਆਂ ਕਾਊਂਟਰ ਇੰਟੈਲੀਜੈਂਸ ਵਿੰਗ ਦੀ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਅੰਮ੍ਰਿਤਸਰ ਯੂਨਿਟ ਨੇ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਮਾਡਿਊਲ ਦੇ ਦੋ ਮੁਲਜ਼ਮਾਂ ਨੂੰ 64.62 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ।




ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਅਵਾਨ ਵਾਸਾਊ ਦੇ ਵਸਨੀਕ ਸਰਵਣ ਸਿੰਘ ਉਰਫ਼ ਗੁੱਜਰ ਅਤੇ ਅੰਮ੍ਰਿਤਸਰ ਦੇ ਪਿੰਡ ਦਿਆਲ ਰੰਗੜ ਦੇ ਰਹਿਣ ਵਾਲੇ ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ ਵਜੋਂ ਹੋਈ ਹੈ। ਪੁਲਿਸ ਟੀਮ ਨੇ ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ ਮੁਲਜ਼ਮਾਂ ਦੀ ਮਾਰੂਤੀ ਸਵਿਫਟ ਕਾਰ ਵੀ ਜ਼ਬਤ ਕੀਤੀ ਹੈ, ਜਿਸਦੀ ਵਰਤੋਂ ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਕਰਦੇ ਸਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਮਾਡਿਊਲ ਦੇ ਪਾਕਿਸਤਾਨੀ ਤਸਕਰਾਂ ਅਤੇ ਪੁਰਤਗਾਲ ਅਧਾਰਤ ਹੈਂਡਲਰ ਨਾਲ ਵੀ ਸਬੰਧ ਹਨ।

ਉਨ੍ਹਾਂ ਕਿਹਾ, ਸਰਹੱਦ ਪਾਰੋਂ ਤਸਕਰੀ ਕਰਨ ਵਾਲੇ ਇਸ ਗਿਰੋਹ ਦੇ ਪਾਕਿਸਤਾਨੀ ਤਸਕਰ ਮੂਸਾ, ਜਿਸਦਾ ਨਾਮ 532 ਕਿਲੋਗ੍ਰਾਮ ਹੈਰੋਇਨ ਰਿਕਵਰੀ ਮਾਮਲੇ ਵਿੱਚ ਸਾਹਮਣੇ ਆਇਆ ਸੀ, ਨਾਲ ਵੀ ਸਬੰਧ ਹਨ, । ਜ਼ਿਕਰਯੋਗ ਹੈ ਕਿ ਭਾਰਤੀ ਕਸਟਮ ਅਧਿਕਾਰੀਆਂ ਨੇ 2019 ਵਿੱਚ ਇੰਟੀਗ੍ਰੇਟਿਡ ਚੈੱਕ ਪੋਸਟ (ਆਈਸੀਪੀ) ਅਟਾਰੀ ਵਿਖੇ 532 ਕਿਲੋਗ੍ਰਾਮ ਹੈਰੋਇਨ ਦੀ ਸਭ ਤੋਂ ਵੱਡੀ ਬਰਾਮਦਗੀ ਕੀਤੀ ਸੀ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਪੂਰੇ ਨੈੱਟਵਰਕ ਦਾ ਪਤਾ ਲਗਾਉਣ ਲਈ ਅਗਲੇ- ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਏ.ਆਈ.ਜੀ. ਐਸ.ਐਸ.ਓ.ਸੀ. ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਪੁਖ਼ਤਾ ਇਤਲਾਹ ਮਿਲੀ ਸੀ ਕਿ ਸ਼ੱਕੀ ਸਰਵਣ ਸਿੰਘ ਅਤੇ ਸ਼ਮਸ਼ੇਰ ਸਿੰਘ ਨੇ ਕੁਝ ਦਿਨ ਪਹਿਲਾਂ ਸਰਹੱਦ ਪਾਰੋਂ ਡਰੋਨ ਰਾਹੀਂ ਹੈਰੋਇਨ ਦੀ ਖੇਪ ਪ੍ਰਾਪਤ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਇਤਲਾਹ ’ਤੇ ਹੋਰ ਛਾਣਬੀਣ ਕਰਦਿਆਂ ਪਤਾ ਲੱਗਿਆ ਕਿ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਇਹ ਦੋਵੇਂ ਪ੍ਰਾਪਤ ਕੀਤੀ ਖੇਪ ਨੂੰ ਕਿਸੇ ਹੋਰ ਧਿਰ ਤੱਕ ਪਹੁੰਚਾਉਣ ਲਈ ਜਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦਿਆਂ ਐਸ.ਐਸ.ਓ.ਸੀ. ਅੰਮ੍ਰਿਤਸਰ ਯੂਨਿਟ ਟੀਮ ਨੇ ਮੁਲਜ਼ਮਾਂ ਨੂੰ ਅੰਮ੍ਰਿਤਸਰ ਦੇ ਮਾਹਲ ਬਾਈਪਾਸ ਨੇੜਿਓਂ ਕਾਬੂ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 64.62 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ।

ਏ.ਆਈ.ਜੀ. ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਉਨ੍ਹਾਂ ਦੇ ਹੈਂਡਲਰਾਂ ਵੱਲੋਂ ਖੇਪ ਡਿਲੀਵਰ ਕਰਨ ਬਦਲੇ ਵੱਡੀ ਰਕਮ ਦੇਣ ਦਾ ਵਾਅਦਾ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧ ਵਿੱਚ ਐਫ.ਆਈ.ਆਰ. ਨੰਬਰ 23 ਮਿਤੀ 17.04.2026 ਨੂੰ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 21, 25 ਅਤੇ 29 ਅਤੇ ਭਾਰਤੀ ਵਾਯੂਯਾਨ ਅਧਿਨੀਅਮ ਦੀਆਂ ਧਾਰਾਵਾਂ 25, 26, 27, 28 ਅਤੇ 29 ਤਹਿਤ ਪੁਲਿਸ ਸਟੇਸ਼ਨ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਨਗਰ ਨਿਗਮ ਤੇ ਕੌਂਸਲ ਚੋਣਾਂ: 33 ਸ਼ਹਿਰਾਂ ਦੇ ਵਾਰਡਾਂ ਦਾ ਰਾਖਵਾਂਕਰਨ ਜਾਰੀ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਨਗਰ ਨਿਗਮ ਤੇ ਕੌਂਸਲ ਚੋਣਾਂ ਦੀ ਤਿਆਰੀ ਤਹਿਤ ਵਾਰਡਾਂ ਦੇ ਰਾਖਵੇਂਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਥਾਨਕ ਸਰਕਾਰਾਂ ਵਿਭਾਗ ਨੇ 33 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਵਾਰਡਾਂ ਦੇ ਰਾਖਵੇਂਕਰਨ ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਮਈ ਮਹੀਨੇ ’ਚ ਸੂਬੇ ਦੀਆਂ ਨੌਂ ਨਗਰ ਨਿਗਮਾਂ ਅਤੇ 104 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀਆਂ ਚੋਣਾਂ ਹੋਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਨੇ ਇਨ੍ਹਾਂ ਨਿਗਮਾਂ ਤੇ ਕੌਂਸਲਾਂ ਦੇ ਪ੍ਰਸ਼ਾਸਕ ਪਹਿਲਾਂ ਹੀ ਨਿਯੁਕਤ ਕਰ ਦਿੱਤੇ ਸਨ ਤਾਂ ਜੋ ਮਿਆਦ ਪੂਰੀ ਹੋਣ ਮਗਰੋਂ ਅਹੁਦੇ ਸੰਭਾਲ ਸਕਣ।

ਸਥਾਨਕ ਸਰਕਾਰਾਂ ਵਿਭਾਗ ਨੇ ਪੰਜਾਬ ਮਿਊਂਸੀਪਲ ਐਕਟ 1911 ਅਤੇ ਮਿਊਂਸੀਪੈਲਿਟੀ ਰੂਲਜ਼ 1994 ਤਹਿਤ ਸ਼ਹਿਰੀ ਸੰਸਥਾਵਾਂ ਦੇ ਵਾਰਡਾਂ ਦਾ ਰਾਖਵਾਂਕਰਨ ਐਲਾਨਿਆ ਹੈ। ਵਾਰਡਾਂ ਨੂੰ ਜਨਰਲ ਵਰਗ, ਔਰਤਾਂ, ਐੱਸ ਸੀ ਔਰਤਾਂ ਲਈ, ਪਛੜੀਆਂ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵਾਂ ਕੀਤਾ ਗਿਆ ਹੈ। ਦੂਸਰੀ ਤਰਫ਼ ਰਾਜ ਚੋਣ ਕਮਿਸ਼ਨ ਦੀ ਹਦਾਇਤ ’ਤੇ ਜ਼ਿਲ੍ਹਿਆਂ ’ਚ ਵੋਟਰ ਸੂਚੀਆਂ ਦੀ ਸੁਧਾਈ ਚੱਲ ਰਹੀ ਹੈ। ਡਰਾਫ਼ਟ ਵੋਟਰ ਸੂਚੀ ’ਤੇ ਇਤਰਾਜ਼ ਲਈ ਅੱਜ ਤੋਂ ਇਤਰਾਜ਼ ਦਾਇਰ ਕਰਨ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ।

ਵੋਟਰ ਸੂਚੀਆਂ ਦੀ ਪ੍ਰਕਾਸ਼ਨਾ 5 ਮਈ ਨੂੰ ਜਾਰੀ ਹੋਵੇਗੀ ਜਿਨ੍ਹਾਂ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਵਾਰਡਾਂ ਦਾ ਰਾਖਵਾਂਕਰਨ ਮੁਕੰਮਲ ਹੋ ਗਿਆ ਹੈ, ਉਨ੍ਹਾਂ ’ਚ ਅਜਨਾਲਾ, ਅਮਰਗੜ੍ਹ, ਭਵਾਨੀਗੜ੍ਹ, ਬੋਹਾ,ਚਮਕੌਰ ਸਾਹਿਬ, ਦੀਨਾਨਗਰ, ਫ਼ਤਹਿਗੜ੍ਹ ਚੂੜੀਆਂ, ਫ਼ਾਜ਼ਿਲਕਾ, ਗੁਰਦਾਸਪੁਰ, ਗੁਰੂ ਹਰਸਹਾਇ, ਜੰਡਿਆਲਾ ਗੁਰੂ, ਕਰਤਾਰਪੁਰ, ਖਰੜ, ਕੀਰਤਪੁਰ ਸਾਹਿਬ, ਕੋਟਫੱਤਾ, ਕੋਟਕਪੂਰਾ, ਮਜੀਠਾ, ਮਲੂਕਾ, ਮਾਨਸਾ, ਮੁੱਦਕੀ, ਨਾਭਾ, ਨੰਗਲ, ਨਵਾਂ ਸ਼ਹਿਰ, ਕਾਦੀਆਂ, ਰਾਮਾਂ, ਰਮਦਾਸ, ਰੂਪਨਗਰ, ਸੰਗਤ, ਸ਼ਾਮ ਚੁਰਾਸੀ, ਸ੍ਰੀ ਹਰਗੋਬਿੰਦਪੁਰ, ਸ੍ਰੀ ਮੁਕਤਸਰ ਸਾਹਿਬ, ਤਲਵੰਡੀ ਭਾਈ ਅਤੇ ਜ਼ੀਰਕਪੁਰ ਸ਼ਾਮਲ ਹਨ।

ਸ੍ਰੀ ਮੁਕਤਸਰ ਸਾਹਿਬ ਕੌਂਸਲ ਅਤੇ ਜ਼ੀਰਕਪੁਰ ਕੌਂਸਲ ਦੇ ਵਾਰਡਾਂ ਦੀ ਗਿਣਤੀ 31-31 ਹੈ, ਜਦੋਂ ਕਿ ਗੁਰਦਾਸਪੁਰ ਅਤੇ ਕੋਟਕਪੂਰਾ ਕੌਂਸਲ ਦੇ ਵਾਰਡਾਂ ਦੀ ਗਿਣਤੀ 29-29 ਹੈ। ਇਸੇ ਤਰ੍ਹਾਂ ਮਾਨਸਾ ਦੇ 27 ਵਾਰਡ, ਫ਼ਾਜ਼ਿਲਕਾ ਦੇ 25 ਵਾਰਡ, ਨਾਭਾ ਦੇ 23 ਵਾਰਡ, ਰੂਪਨਗਰ ਦੇ 21 ਅਤੇ ਖਰੜ ਦੇ ਵਾਰਡਾਂ ਦੀ ਗਿਣਤੀ 27 ਹੈ। ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਸਿਆਸੀ ਧਿਰਾਂ ਲਈ ਸੈਮੀ ਫਾਈਨਲ ਸਾਬਤ ਹੋਣਗੀਆਂ। ਪੰਚਾਇਤੀ ਚੋਣਾਂ ਦਾ ਕਾਰਜ ਸਰਕਾਰ ਪਹਿਲਾਂ ਹੀ ਮੁਕੰਮਲ ਕਰ ਚੁੱਕੀ ਹੈ।

# ਏ.ਆਈ. ਦੇ ਸਿਰਜਣਹਾਰ ਪੈਦਾ ਕਰਨ ਲਈ ਨੈਤਿਕ ਵਰਤੋਂ ਦਾ ਅਹਿਮ ਰੋਲ: ਡਾ. ਅਮਰਪਾਲ

**ਚੰਡੀਗੜ੍ਹ, 19 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਏ.ਆਈ. ਨੂੰ ਸ਼ਾਮਲ ਕਰਨ ਵੱਲ ਫੈਸਲਾਕੁੰਨ ਕਦਮ ਚੁੱਕਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਵੱਲੋਂ ਇੱਥੇ ਸੀ.ਆਈ.ਆਈ. ਦੇ ਨਾਰਦਰਨ ਰੀਜਨ ਦੇ ਹੈੱਡਕੁਆਰਟਰ ਵਿਖੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ’ਤੇ ਕਰਵਾਈ ਗਈ ਕੌਮੀ-ਪੱਧਰ ਦੀ ਦੋ-ਰੋਜ਼ਾ ਕਾਨਫਰੰਸ ਅੱਜ ਗੂਗਲ ਅਤੇ ਇੰਟੇਲ ਦੁਆਰਾ ਵਿਹਾਰਕ ਵਰਕਸ਼ਾਪਾਂ ਦੇ ਆਯੋਜਨ ਨਾਲ ਸਮਾਪਤ ਹੋਈ। ਇਸ ਕਾਨਫਰੰਸ ਨੇ ਕਲਾਸਰੂਮਾਂ ਵਿੱਚ ਏਆਈ ਨੂੰ ਸ਼ਾਮਲ ਕਰਨ ਲਈ ਢੁਕਵਾਂ ਰੋਡਮੈਪ, ਜੋ ਸਿੱਖਣ ਦੀ ਗੁਣਵੱਤਾ ‘ਚ ਸੁਧਾਰ, ਪਹੁੰਚ ਨੂੰ ਵਧਾਉਣ ਅਤੇ ਵਿਦਿਆਰਥੀਆਂ ਨੂੰ ਸਿਰਫ਼ ਖਪਤਕਾਰਾਂ ਦੀ ਥਾਂ ਤਕਨਾਲੋਜੀ ਦੇ ਸਿਰਜਣਹਾਰ ਵਜੋਂ ਤਿਆਰ ਕਰਨ ’ਤੇ ਕੇਂਦ੍ਰਿਤ ਹੋਵੇਗਾ, ਤਿਆਰ ਕਰਨ ਵਾਸਤੇ ਨੀਤੀ ਘਾੜਿਆਂ, ਸਿੱਖਿਅਕਾਂ ਅਤੇ ਤਕਨਾਲੋਜੀ ਮਾਹਿਰਾਂ ਲਈ ਵਿਚਾਰ-ਵਟਾਂਦਰੇ ਵਾਸਤੇ ਇੱਕ ਢੁਕਵਾਂ ਮੰਚ ਪ੍ਰਦਾਨ ਕੀਤਾ। ਪੀ.ਐਸ.ਈ.ਬੀ. ਦੇ ਚੇਅਰਮੈਨ ਡਾ. ਅਮਰਪਾਲ ਸਿੰਘ, ਆਈਏਐਸ (ਸੇਵਾਮੁਕਤ) ਨੇ ਏਆਈ ਦੀ ਨੈਤਿਕ ਵਰਤੋਂ ’ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਇਸਨੂੰ ਸਿਖਿਆਰਥੀਆਂ ਦੀ ਸਿਰਜਣਾਤਮਕਤਾ ਅਤੇ ਸਮੱਸਿਆ-ਹੱਲ ਕਰਨ ਦੇ ਹੁਨਰਾਂ ਨੂੰ ਨਿਖਾਰਨ ਵਾਸਤੇ ਵਰਤਿਆ ਜਾ ਸਕਦਾ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ, ਜਿੱਥੇ ਏਆਈ-ਅਧਾਰਤ ਉਪਕਰਨ ਸਾਡੇ ਪੱਕੇ ਸਾਥੀ ਬਣ ਗਏ ਹਨ, ਵਿਦਿਆਰਥੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਅਜਿਹੇ ਉਪਕਰਨਾਂ ਦੀ ਚੋਣ ਉਸੇ ਤਰ੍ਹਾਂ ਹੀ ਪੂਰੀ ਸੂਝ-ਬੂਝ ਅਤੇ ਪਰਖ ਨਾਲ ਕਰਨ ਜਿਵੇਂ ਅਸੀਂ ਆਪਣੇ ਦੋਸਤਾਂ ਦੀ ਚੋਣ ਕਰਦੇ ਹਾਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਏਆਈ ਦੀ ਵਰਤੋਂ ਪੂਰੀ ਜ਼ਿੰਮੇਵਾਰੀ ਨਾਲ ਅਤੇ ਇੱਕ ਸਪਸ਼ਟ ਕਾਨੂੰਨੀ ਤੇ ਨੈਤਿਕ ਢਾਂਚੇ ਵਿੱਚ ਰਹਿ ਕੇ ਕਰਨ ਲਈ ਉਤਸ਼ਾਹਿਤ ਕੀਤਾ, ਜੋ ਮੁੱਖ ਉਦੇਸ਼ਾਂ ਨਾਲ ਸਮਝੌਤਾ ਕੀਤੇ ਬਿਨਾਂ ਉਨ੍ਹਾਂ ਲਈ ਸਿੱਖਣ ਵਾਸਤੇ ਲਾਹੇਵੰਦ ਸਾਬਤ ਹੋਵੇ।

ਗੂਗਲ ਦੀ ਅਗਵਾਈ ਵਾਲੇ ਸੈਸ਼ਨ ਦੌਰਾਨ ਸਿੱਖਿਆ ਵਿੱਚ ਏ.ਆਈ. ਦੀ ਬੇਹੱਦ ਮਹੱਤਵਪੂਰਨ ਭੂਮਿਕਾ ’ਤੇ ਚਾਨਣਾ ਪਾਇਆ ਗਿਆ, ਜਿਸ ਵਿੱਚ ਸੰਵੇਦਨਸ਼ੀਲਤਾ ਅਤੇ ਜਾਗਰੂਕਤਾ-ਨਿਰਮਾਣ ’ਤੇ ਜ਼ੋਰ ਦਿੱਤਾ ਗਿਆ। ਵਿਚਾਰ-ਵਟਾਂਦਰੇ ਦੌਰਾਨ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਕਿ ਅਧਿਆਪਕਾਂ ਤੋਂ ਲੈ ਕੇ ਪ੍ਰਸ਼ਾਸਕਾਂ ਤੱਕ, ਸਿੱਖਿਆ ਪ੍ਰਣਾਲੀ ਦੇ ਮੁੱਖ ਹਿੱਸੇਦਾਰ ਪਹਿਲਾਂ ਹੀ ਏ.ਆਈ-ਅਧਾਰਤ ਪਹੁੰਚ ਨਾਲ ਜੁੜ ਰਹੇ ਅਤੇ ਇਸਨੂੰ ਅਪਣਾ ਰਹੇ ਹਨ, ਜੋ ਇਸ ਤਬਦੀਲੀ ਵੱਲ ਸਾਡੀ ਮਜ਼ਬੂਤ ਤਿਆਰੀ ਨੂੰ ਦਰਸਾਉਂਦਾ ਹੈ।

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

## ਸੋਨ ਸੁਨਹਿਰੀ ਕਲਮਾਂ

## ਸੰਭਾਵਨਾਵਾਂ ਭਰਪੂਰ ਲੇਖਕ



ਰਾਜ ਹੀਉਂ
9815461875

ਪੰਜਾਬੀਆਂ ਦੀ ਨਵੀਂ ਪੀੜ੍ਹੀ ਕਿਧਰ ਨੂੰ ਹੋ ਤੁਰੀ ਹੈ। ਇਹ ਸਮੁੱਚੇ ਪੰਜਾਬ ਲਈ ਗੰਭੀਰ ਵਿਸ਼ਾ ਹੈ। ਤੱਥ ਗਵਾਹੀ ਭਰਦੇ ਹਨ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨੇ ਚੌਥੀ ਕਲਾਸ ਤਕ ਪਹੁੰਚਦਿਆਂ ਪੰਜਾਬੀ ਸਾਹਿਤ ਦੀਆਂ ਚਾਰ ਦਰਜਨ ਕਿਤਾਬਾਂ ਪੜ੍ਹ ਲਈਆਂ ਸਨ। ਅਜੋਕਾ ਨੌਜਵਾਨ ਸੋਸ਼ਲ ਮੀਡੀਏ 'ਤੇ ਤਾਂ ਘੰਟਿਆਂ ਬੱਧੀ ਸਮਾਂ ਗੁਜ਼ਾਰ ਲੈਂਦਾ ਹੈ ਪਰ ਕਿਸੇ ਕਿਤਾਬ ਦੇ ਚਾਰ ਪੰਨੇ ਨਹੀਂ ਪੜ੍ਹ ਸਕਦਾ। ਇਸ ਗੰਭੀਰ ਦੌਰ 'ਚ ਪਿੰਡ ਹੀਉਂ (ਬੰਗਾ) ਵਾਸੀ ਮਾਸਟਰ ਰਾਜ ਹੀਉਂ ਨੇ ਪੜ੍ਹਨ-ਪੜ੍ਹਾਉਣ ਦੇ ਸ਼ੌਕ ਤਹਿਤ ਜਿੱਥੇ ਆਪਣੇ ਘਰ 'ਚ ਮਿੰਨੀ ਲਾਇਬ੍ਰੇਰੀ ਖੋਲ੍ਹ ਰੱਖੀ ਹੈ, ਉੱਥੇ ਰਾਜ ਇਕ ਸੰਜੀਦਾ ਲੇਖਕ ਵੀ ਹੈ। ਕਵਿਤਾ ਨੂੰ ਤਾਂ ਆਪਣੇ ਆਉਂਦੇ-ਜਾਂਦੇ ਸਾਹਾਂ ਵਾਂਗ ਰੱਖਦਾ ਹੈ। ਕੁਦਰਤ ਦੀ ਗੋਦ 'ਚ ਬਹੁਤ ਕੁਝ ਹੈ, ਜੋ ਇਨਸਾਨ ਨੂੰ ਆਪਣੇ ਵੱਲ ਖਿੱਚੀ ਰੱਖਦਾ ਹੈ। ਇਹੀ ਖਿੱਚ ਕਿਸੇ ਪਲ ਕਵਿਤਾ ਬਣ ਕਾਗਜ਼ਾਂ 'ਤੇ ਉਤਰ ਆਉਂਦੀ ਹੈ। ਗ਼ਜ਼ਲ, ਕਵਿਤਾ, ਗੀਤ ਅਤੇ ਖੁੱਲ੍ਹੀ ਕਵਿਤਾ ਨਾਲ ਸੰਜੋਈ ਕਿਤਾਬ ਜਲਦ ਹੀ ਪਾਠਕਾਂ ਨੂੰ ਦੇ ਰਿਹਾ ਹੈ। ਆਓ ਉਸ ਦੀ ਕਵਿਤਾ ਨਾਲ ਸਾਂਝ ਪਾਈਏ।

• ਹਰਜਿੰਦਰ ਕੌਰ ਚਾਹਲ

### ਨਜ਼ਮ

## ਮੇਰੀ ਕਵਿਤਾ

ਕਵਿਤਾ ਨੇ ਮੇਰੇ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ,
ਕਵਿਤਾ ਨੇ ਹੀ ਤਾਂ ਮੈਨੂੰ ਜਿਊਣਾ ਸਿਖਲਾਇਆ ਹੈ,
ਕਵਿਤਾ ਹੀ ਹੈ ਜੋ ਕੰਨੋਂ ਫੜ, ਰਾਹੇ ਪਾ ਗਈ ਏ,
ਕਵਿਤਾ ਜਿਸ ਨੇ ਅੰਦਰ ਛੁਪਿਆ ਰਾਜ ਵਿਖਾਇਆ ਹੈ।

ਕਵਿਤਾ ਹੀ ਹੈ, ਜਿਸ ਦੇ ਗਲ਼ ਲੱਗ-ਲੱਗ ਮੈਂ ਰੋਇਆਂ ਹਾਂ,
ਕਵਿਤਾ ਕਰਕੇ ਹੀ ਮੈਂ, ਡਿੱਗ-ਡਿੱਗ ਉੱਠ ਖਲੋਇਆ ਹਾਂ,
ਕਵਿਤਾ ਨੇ ਹੀ ਮੇਥੋਂ ਹਰ, ਹੰਭਲਾ ਮਰਵਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਹੀ ਹੈ ਜੋ ਮੈਨੂੰ, ਮਾਂ ਵਾਂਗ ਪਿਆਰਦੀ ਹੈ,
ਕਵਿਤਾ ਜੋ ਕਦੇ ਬਾਪੂ ਬਣ, ਮੇਰਾ ਰਾਹ ਸ਼ਿੰਗਾਰਦੀ ਹੈ,
ਕਵਿਤਾ ਜਿਸ ਨੇ ਵੱਟ ਘੂਰੀਆਂ, ਸਬਕ ਸਿਖਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਨੇ ਤਾਂ ਮੈਨੂੰ ਫ਼ਰਸ਼ੋਂ ਅਰਸ਼ ਵਿਖਾ ਦਿੱਤਾ,
ਕਵਿਤਾ ਨੇ ਹੀ ਭਟਕੇ ਹੋਏ ਨੂੰ, ਰਾਹੇ ਪਾਇਆ ਦਿੱਤਾ,
ਕਵਿਤਾ ਨੇ ਹੀ ਤਾਂ, ਕੁਝ ਸੋਚਣ-ਸਮਝਣ ਲਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ, ਅੱਧੀ ਰਾਤੀਂ ਮੈਨੂੰ ਛੱਤ 'ਤੇ ਲੈ ਆਉਂਦੀ,
ਕਵਿਤਾ ਹੀ ਜੋ ਤਾਰਿਆਂ ਨਾਲ ਮੇਰੀ ਗੱਲ ਹੈ ਕਰਵਾਉਂਦੀ,
ਕਵਿਤਾ ਨੇ ਹੀ ਪੰਛੀਆਂ ਤੋਂ ਮੇਰਾ ਗੀਤ ਗਵਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਹੈ ਕਿ ਜਿਸ ਨੂੰ ਮੈਂ ਗੋਦੀ ਵਿਚ ਸਵਾਉਂਦਾਂ ਹਾਂ,
ਕਵਿਤਾ ਹੀ ਹੈ ਜਿਸ ਦੇ ਮੂੰਹ ਵਿਚ ਬੁਰਕੀਆਂ ਪਾਉਂਦਾ ਹਾਂ,
ਕਵਿਤਾ ਜਿਸ ਨੇ ਹਨੇਰਿਆਂ ਵਿਚ ਮੇਰਾ ਨਾਂ ਚਮਕਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਜਿਸ ਤੋਂ ਇਸ਼ਕ ਦਾ ਕਾਇਦਾ ਪੜ੍ਹਨਾ ਸਿੱਖਿਆ ਹੈ,
ਕਵਿਤਾ ਜਿਸ ਤੋਂ ਆਪਣੇ ਆਪ ਨਾ ਲੜਨਾ ਸਿੱਖਿਆ ਹੈ ,
ਕਵਿਤਾ ਜਿਸ ਨੇ, ਮੈਂ 'ਤੇ ਆਪਣਾ ਹੱਕ ਜਿਤਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਜੇ ਨਾ ਹੁੰਦੀ, ਕਦੋਂ ਦੇ ਮਰ-ਮੁੱਕ ਜਾਣਾ ਸੀ,
ਕਵਿਤਾ ਬਿਨਾਂ ਤਾਂ ਜੀਵਨ, ਮਕਸਦ ਤੋਂ ਉੱਕ ਜਾਣਾ ਸੀ ,
ਕਵਿਤਾ ਨੇ ਹੀ ਤਾਂ, ਹੀਉਂ ਨਾਲ ਰਾਜ ਲਿਖਾਇਆ ਹੈ,
ਕਵਿਤਾ ਹੀ ਹੈ ਜਿਸ ਨੇ, ਕਵਿਤਾ ਲਿਖਣੇ ਲਾਇਆ ਹੈ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com



# ਮਸ਼ੀਨੀ ਜੂਨ ਭੋਗ ਰਿਹੈ ਅਜੋਕਾ ਮਨੁੱਖ

**ਤਮ੍ਹਾ ਦਾ ਮਾਰਿਆ ਵਿਅਕਤੀ ਮਸ਼ੀਨ ਬਣਿਆ ਹੋਇਆ ਹੈ। ਅਜਿਹੀ ਜ਼ਿੰਦਗੀ ਤੋਂ ਨਿਜ਼ਾਤ ਪਾਉਣ ਲਈ ਉਸ ਨੂੰ ਜੀਵਨ 'ਚ ਕੁਝ ਤਬਦੀਲੀਆਂ ਕਰਨ ਦੀ ਲੌੜ ਹੈ ਜਿਸ ਨਾਲ ਉਸ ਦੀ ਜ਼ਿੰਦਗੀ 'ਚ ਅਨੰਦ ਦੀ ਪ੍ਰਾਪਤੀ ਹੋ ਸਕੇ।**

ਕੁਲਦੀਪ ਸਿੰਘ ਗੁਰਾਇਆਂ

ਅਜੋਕਾ ਮਨੁੱਖ ਦੌੜ ਰਿਹਾ ਹੈ ਤੇ ਬਸ ਦੌੜ ਹੀ ਰਿਹਾ ਹੈ। ਉਸ ਕੋਲ ਇੰਨਾ ਵੀ ਵਕਤ ਨਹੀਂ ਹੈ ਕਿ ਉਹ ਦੋ ਮਿੰਟ ਬਹਿ ਕੇ ਆਪਣੀ ਸਿਹਤ ਤੇ ਜ਼ਿੰਦਗੀ ਬਾਰੇ ਸੋਚ ਸਕੇ ਜਾਂ ਕਹਿ ਲਓ ਉਹ ਇਹ ਸੋਚ ਸਕੇ ਕਿ ਉਹ ਕਿਸ ਲਈ ਜਾਂ ਕਿਉਂ ਦੌੜ ਰਿਹਾ ਹੈ। ਉਸ ਦੀ ਇਹ ਦੌੜ ਦੀ ਮੰਜ਼ਿਲ ਕਿਹੜੀ ਹੈ। ਇਸ ਤਰ੍ਹਾਂ ਪਰੇਸ਼ਾਨੀਆਂ ਦਾ ਘੇਰਿਆ ਹਰ ਵਿਅਕਤੀ ਕਿਸੇ ਨਾ ਕਿਸੇ ਤਮ੍ਹਾ ਦਾ ਮਾਰਿਆ ਮਸ਼ੀਨ ਬਣਿਆ ਹੋਇਆ ਹੈ। ਅਜਿਹੀ ਮਸ਼ੀਨੀ ਜ਼ਿੰਦਗੀ ਤੋਂ ਨਿਜ਼ਾਤ ਪਾਉਣ ਲਈ ਆਪਣੇ ਆਲੇ-ਦੁਆਲੇ ਦੇ ਮਾਹੌਲ ਵਿਚ ਕੁਝ ਤਬਦੀਲੀਆਂ ਕਰਨ ਦੀ ਲੌੜ ਹੈ ਜਿਸ ਨਾਲ ਤੁਹਾਡੀ ਜ਼ਿੰਦਗੀ ਵਿਚ ਅਨੰਦ ਦੀ ਪ੍ਰਾਪਤੀ ਹੋ ਸਕੇ।

### ਚੰਗਾ ਪਰਿਵਾਰਿਕ ਮਾਹੌਲ

ਘਰ 'ਕੱਲਾ ਇੱਟਾਂ ਤੇ ਸੀਮੈਂਟ ਨਾਲ ਨਹੀਂ ਬਣਦਾ। ਘਰ ਪਰਿਵਾਰਕ ਸਾਂਝ, ਪਿਆਰ ਤੇ ਵਿਸ਼ਵਾਸ ਨਾਲ ਬਣਦਾ ਹੈ। ਸਮੇਂ ਨਾਲ ਪਰਿਵਾਰ ਛੋਟੇ ਹੁੰਦੇ ਜਾ ਰਹੇ ਹਨ। ਪਰਿਵਾਰਾਂ ਵਿਚ ਆਪਸੀ ਮੇਲ-ਮਿਲਾਪ ਸੁਖੀ ਪਰਿਵਾਰ ਦੀ ਮਾਨਸਿਕ ਤੇ ਸਰੀਰਕ ਸਿਹਤ ਦਾ ਖ਼ਜ਼ਾਨਾ ਹੁੰਦਾ ਹੈ। ਘਰ 'ਚ ਕਲੇਸ਼ ਹਮੇਸ਼ਾ ਸਰੀਰਕ ਤੇ ਮਾਨਸਿਕ ਬਿਮਾਰੀ ਨੂੰ ਜਨਮ ਦਿੰਦਾ ਹੈ। ਸਦਾ ਸੁਖੀ ਜ਼ਿੰਦਗੀ ਲਈ ਪ੍ਰੇਮ-ਪਿਆਰ ਨਾਲ ਇਕ ਦੂਜੇ ਨਾਲ ਚੰਗਾ ਵਿਹਾਰ ਕਰਨਾ ਚਾਹੀਦਾ ਹੈ।

### ਵਿਚਾਰ

ਮਨੁੱਖ ਜਿੰਨੀ ਮਰਜ਼ੀ ਚੰਗੀ ਖ਼ੁਰਾਕ ਖਾ ਲਵੇ ਜੇਕਰ ਉਸ ਦੇ ਵਿਚਾਰ ਠੀਕ ਨਹੀਂ ਹਨ ਤਾਂ ਉਹ ਕਦੇ ਵੀ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਨਹੀਂ ਹੋ ਸਕਦਾ ਗੁੱਸਾ, ਨਿਰਾਸ਼ਾ ਚਿੰਤਾ ਘਰੇਲੂ ਕਲੇਸ਼ ਮਨੁੱਖ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪਾਉਂਦੇ ਹਨ। ਚੰਗੀ ਖ਼ੁਰਾਕ ਦੇ ਨਾਲ-ਨਾਲ ਚੰਗੇ ਵਿਚਾਰ ਅਤੇ ਕਲੇਸ਼ ਲੜਾਈ ਝੱਗੜੇ ਤੋਂ ਦੂਰ ਰਹਿਣ ਨਾਲ ਮਾਨਸਿਕ ਸ਼ਾਤੀ ਤੇ ਅਨੰਦ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹੈ।

### ਚੰਗੀ ਸਿਹਤ

ਨਰੋਏ ਤੇ ਤੰਦਰੁਸਤ ਸਰੀਰ ਲਈ ਸਿਰਫ਼ ਖਾਣਾ-ਪੀਣਾ ਹੀ ਜ਼ਰੂਰੀ ਨਹੀਂ ਹੈ ਇਸ ਦੇ ਨਾਲ-ਨਾਲ ਕੀ ਤੇ ਕਦੋਂ ਖਾਣਾ ਹੈ ਵੀ ਬਹੁਤ ਜ਼ਰੂਰੀ ਹੈ। ਸਾਡੀ ਖ਼ੁਰਾਕ ਵਿਚ ਅਨਾਜ, ਸਬੀਜ਼ਆਂ, ਦਾਲਾਂ ਤਾਂ ਹੋਣੀਆਂ ਹੀ ਚਾਹੀਦੇ ਹਨ ਨਾਲ ਫਰੂਟ, ਦੁੱਧ, ਦਹੀ ਲੱਸੀ ਅਤੇ ਜੂਸ ਵੀ ਸਮੇਂ-ਸਮੇਂ ਹੋਣਾ ਚਾਹੀਦਾ ਹੈ। ਚੰਗੀ ਸਿਹਤ ਚੰਗੇ ਖਾਣੇ 'ਤੇ ਨਿਰਭਰ ਕਰਦੀ ਹੈ।

### ਕੱਪੜਾ

ਚੰਗੀ ਸਿਹਤ ਲਈ ਕੱਪੜੇ ਦਾ ਬਹੁਤ ਮਹੱਤਵ ਹੈ। ਕੱਪੜੇ ਜਿੱਥੇ ਮਨੁੱਖ ਲਈ ਤਨ ਢਕਣ ਦੇ ਨਾਲ-ਨਾਲ ਚੰਗੀ ਸ਼ਖ਼ਸੀਅਤ ਦਾ ਵੀ ਬਿਆਨ ਹੁੰਦਾ ਹੈ। ਕੱਪੜੇ ਹਮੇਸ਼ ਮੌਸਮ ਅਨੁਸਾਰ ਹੀ ਪਾਉਣੇ ਚਾਹੀਦੇ ਹਨ। ਚੰਗੇ ਰੰਗ ਤੇ ਚੰਗੀ ਕਿਸਮ ਦਾ ਖ਼ਿਆਲ ਵੀ ਮੌਸਮ ਅਨੁਸਾਰ ਰੱਖਣਾ ਚਾਹੀਦਾ ਹੈ। ਸਰਦੀਆਂ 'ਚ ਮੋਟੇ ਗਰਮ ਅਤੇ ਗਰਮੀਆਂ 'ਚ ਪਤਲੇ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ ਤਾਂ ਜੋ ਸਰੀਰ ਦਾ ਤਾਪਮਾਨ ਮੌਸਮ ਅਨੁਸਾਰ ਸਹੀ ਰਹਿ ਸਕੇ।

### ਪੌਣ ਪਾਣੀ

ਚੰਗੀ ਸਿਹਤ ਲਈ ਪੌਣ ਪਾਣੀ ਦਾ ਬਹੁਤ ਮਹੱਤਵ ਹੈ। ਸਾਫ਼ ਹਵਾ ਤੇ ਪਾਣੀ ਹਮੇਸ਼ਾ ਹੀ ਮਨੁੱਖ ਨੂੰ ਤੰਦਰੁਸਤ ਰੱਖਦੇ ਹਨ ਸਾਨੂੰ ਆਪਣੇ ਘਰ ਅਤੇ ਆਲੇ-ਦੁਆਲੇ ਦੀ ਸਾਫ਼ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਗੰਦੀ ਆਬੋ ਹਵਾ ਅਤੇ ਧੂੜ ਮਿੱਟੀ ਬਿਮਾਰੀਆਂ ਨੂੰ ਜਨਮ ਦਿੰਦੇ ਹਨ, ਇਸ ਲਈ ਹਮੇਸ਼ਾ ਸਫ਼ਾਈ ਪੱਖੋਂ ਕਦੇ ਵੀ ਅਣਗਹਿਲੀ ਨਹੀਂ ਕਰਨੀ ਚਾਹੀਦੀ।

### ਸੰਗਤ

ਚੰਗੀ ਸਿਹਤ ਲਈ ਮਨੁੱਖ ਨੂੰ ਚੰਗੇ ਵਿਚਾਰਾਂ ਵਾਲੇ ਵਿਅਕਤੀਆਂ ਦੀ ਸੰਗਤ ਵਿਚ ਰਹਿਣਾ ਚਾਹੀਦਾ ਹੈ। ਚੰਗੇ ਵਿਚਾਰਾਂ ਵਾਲੇ ਵਿਅਕਤੀਆਂ ਤੋਂ ਚੰਗੇ ਵਿਚਾਰ ਸਿੱਖਣ ਨੂੰ ਮਿਲਦੇ ਹਨ, ਜਿਸ ਨਾਲ ਮਨੁੱਖ ਬੁਰਾਈਆਂ ਤੋਂ ਰਹਿੰਦਾ ਹੈ ਮਾੜੇ ਲੋਕਾਂ ਦੀ ਸੰਗਤ ਹਮੇਸ਼ਾ ਸਮਾਜ ਵਿਚ ਬੁਰਾਈਆਂ ਫਲਾਉਂਦੀ ਹੈ, ਜਿਸ ਨਾਲ ਨਸ਼ਾ ਅਤੇ ਲੜਾਈ-ਝਗੜੇ ਹੁੰਦੇ ਹਨ ਜੋ ਮਨੁੱਖ ਦੀ ਸਰੀਰਕ ਤੇ ਮਾਨਸਿਕ ਸਿਹਤ ਲਈ ਹਾਨੀਕਾਰਕ ਸਾਬਤ ਹੁੰਦੇ ਹਨ।

### ਚੰਗੀ ਨੀਂਦ ਤੇ ਕਸਰਤ

ਚੰਗੀ ਨੀਂਦ ਮਨੁੱਖ ਲਈ ਬਹੁਤ ਜ਼ਰੂਰੀ ਹੈ। ਇਸ ਨਾਲ ਸਰੀਰਕ ਤੇ ਮਾਨਸਿਕ ਥਕਾਵਤ ਤੋਂ ਛੁਟਕਾਰਾ ਮਿਲਦਾ ਹੈ। ਚੰਗੀ ਨੀਂਦ ਲਈ ਸਮੇਂ ਸਿਰ ਸਾਉਣਾ ਤੇ ਜਾਗਣਾ ਚਾਹੀਦਾ ਹੈ। ਗੂੜ੍ਹੀ ਨੀਂਦ ਲਈ ਬਿਸਤਰ ਅਰਾਮਦਾਇਕ ਤੇ ਮੌਸਮ ਅਨੁਸਾਰ ਹੋਣਾ ਚਾਹੀਦਾ ਹੈ। ਚੰਗੀ ਨੀਂਦ ਦੇ ਨਾਲ-ਨਾਲ, ਚੰਗੀ ਸਿਹਤ ਲਈ ਰੋਜ਼ਾਨਾ ਕਸਰਤ ਅਤੇ ਸੈਰ ਵੀ ਉਮਰ ਮੁਤਾਬਿਕ ਬਹੁਤ ਜ਼ਰੂਰੀ ਹੈ। ਬਜ਼ੁਰਗਾਂ ਤੇ ਨੌਜਵਾਨਾਂ ਲਈ ਕਸਰਤ ਤੇ ਖੇਡਣਾ-ਕੁਦਣਾ ਜ਼ਰੂਰੀ ਹੈ।



### ਸਿੱਖਿਆ ਤੇ ਜਾਣਕਾਰੀ

*ਚੰਗੀ ਸਿਹਤ ਲਈ ਸਿੱਖਿਆ ਅਤੇ ਜਾਣਕਾਰੀ ਦਾ ਬਹੁਤ ਮਹੱਤਵ ਹੈ। ਸਿੱਖਿਆ ਰਾਹੀਂ ਮਨੁੱਖ ਨੂੰ ਚੰਗੇ ਵਾਤਾਵਰਨ ਤੇ ਸਾਇੰਸ ਵਿਸ਼ੇ ਪੜ੍ਹਨੇ ਚਾਹੀਦੇ ਹਨ। ਇਸ ਦੁਆਰਾ ਵਿਟਾਮਿਨ ਅਤੇ ਮਿਨਰਲ ਵਰਗੇ ਖਣਿਜਾ ਦੀ ਸਹੀ ਜਾਣਕਾਰੀ ਲੈ ਕੇ ਆਪਣੀ ਖ਼ੁਰਾਕ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ।*

### ਨਸ਼ਿਆਂ ਤੋਂ ਦੂਰੀ ਬਣਾਉਣਾ

*ਨਸ਼ਾ ਕਰਨ ਵਾਲਾ ਵਿਅਕਤੀ ਕਦੇ ਵੀ ਸਰੀਰਕ ਤੇ ਮਾਨਸਿਕ ਤੌਰ 'ਤੇ ਸੁੱਖ ਨਹੀਂ ਭੋਗ ਸਕਦਾ ਅਤੇ ਨਾ ਹੀ ਲੰਬੀ ਉਮਰ ਭੋਗ ਸਕਦਾ ਹੈ। ਅੱਜ ਸਮਾਜ ਵਿਚ ਨਸ਼ਾ ਬਹੁਤ ਭਿਆਨਕ ਰੂਪ ਧਾਰ ਚੁੱਕਾ ਹੈ ਜਿਸ ਨਾਲ ਰਿਸ਼ਤੇ ਟੁੱਟ ਰਹੇ ਹਨ। ਅਪਰਾਧ ਵਧਦਾ ਜਾ ਰਿਹਾ ਹੈ। ਚੰਗੀ ਸਿਹਤ ਲਈ ਨਸ਼ੇ ਤੋਂ ਦੂਰ ਰਹਿਣਾ ਚਾਹੀਦਾ ਹੈ।*



### ਨੌਕਰੀ ਤੇ ਕਾਰੋਬਾਰ

ਚੰਗੀ ਸਿਹਤ ਤੇ ਮਾਨਸਿਕ ਅਨੰਦ ਲਈ ਚੰਗੀ ਨੌਕਰੀ ਤੇ ਕਾਰੋਬਾਰ ਦਾ ਹੋਣਾ ਬਹੁਤ ਜ਼ਰੂਰੀ ਹੈ। ਕਦੇ ਵੀ ਮਾੜੇ ਕੰਮ ਤੇ ਅਪਰਾਧਿਕ ਤਰੀਕੇ ਨਾਲ ਪੈਸਾ ਨਹੀਂ ਕਮਾਉਣਾ ਚਾਹੀਦਾ। ਸਾਨੂੰ ਅਜਿਹੇ ਕੰਮ ਕਰਨੇ ਚਾਹੀਦੇ ਹਨ ਜੋ ਹਰ ਥਾਂ ਮਾਣ-ਸਨਮਾਨ ਦਵਾ ਸਕਣ। ਜਿਸ ਨਾਲ ਸਾਨੂੰ ਮਾਨਸਿਕ ਅਨੰਦ ਪ੍ਰਾਪਤ ਹੋ ਸਕੇ। ਅਜਿਹੇ ਕੰਮ ਕਰ ਕੇ ਮਨੁੱਖ ਸਰੀਰਕ ਤੇ ਮਾਨਸਿਕ ਤੌਰ 'ਤੇ ਨਿਰੋਗ ਰਹਿ ਸਕਦਾ ਹੈ। •

98788-88722

## ਪੱਤਰ ਹਰੇ ਕਚੂਰ

## ਸਮਾਜ ਨੂੰ ਸਮਰਪਿਤ ਸ਼ਾਇਰ



ਸੁਖਵਿੰਦਰ ਸਨੇਹ

ਸਮਾਜਕ ਘਟਨਾਵਾਂ ਦਾ ਜ਼ਿਕਰ ਗੀਤਾਂ, ਕਵਿਤਾਵਾਂ, ਗ਼ਜ਼ਲਾਂ ਰਾਹੀਂ ਕਰਨ ਵਾਲੇ ਨੌਜਵਾਨ ਕਵੀ ਦਾ ਨਾਂ ਹੈ ਸੁਖਵਿੰਦਰ ਸਨੇਹ ਹੈ। ਉਹ ਜ਼ਿਲ੍ਹਾ ਬਰਨਾਲਾ 'ਚ ਪੈਂਦੇ ਪਿੰਡ ਰੂੜੇਕੇ ਕਲਾਂ ਦਾ ਵਸਨੀਕ ਹੈ। ਵਿੱਦਿਅ ਪੱਖੋਂ ਮਸਾਂ ਬਾਰ੍ਹਾਂ ਜਮਾਤਾਂ ਪਾਸ ਕੀਤੀਆਂ। ਪਰਿਵਾਰਕ ਲੋੜਾਂ ਦੀ ਪੂਰਤੀ ਖ਼ਾਤਰ ਉਹ ਟਰਾਈਡੈਂਟ ਫੈਕਟਰੀ ਧੌਲਾ ਵਿਖੇ ਕੰਮ ਕਰਦਾ ਹੈ। ਸਨੇਹ ਦਾ ਸੁਪਨਾ ਤਾਂ ਗਾਇਕ ਬਣਨ ਦਾ ਸੀ ਪਰ ਸਮੇਂ ਦੀ ਹਨੇਰੀ ਨੇ ਕਵੀ ਬਣਾ ਦਿੱਤਾ। ਸ਼ਾਇਰੀ ਦੀਆਂ ਬਰੀਕੀਆਂ ਜਗਰਾਜ ਧੌਲਾ ਅਤੇ ਗੀਤਕਾਰ ਹਾਕਮ ਰੂੜੇਕਿਆਂ ਤੋਂ ਸਿੱਖੀਆਂ।

ਸਨੇਹ ਨੂੰ ਕੁਝ ਵਰ੍ਹੇ ਪਹਿਲਾਂ ਆਪਣੇ ਦਾਦਾ ਰੱਖਾ ਸਿੰਘ ਕੋਲ ਗੁਰੂਦੁਆਰਾ ਭੈਣੀ ਸਾਹਿਬ ਵਿਖੇ ਰਹਿਣ ਦਾ ਮੌਕਾ ਮਿਲਿਆ। ਜੋ ਉੱਥੇ ਮੁੱਖ ਸੇਵਾਦਾਰ ਦੀ ਡਿਊਟੀ ਕਰਦੇ ਸੀ। ਉੱਥੇ ਹੀ ਸਨੇਹ ਦਾ ਮੇਲ ਗੁਰਬਾਣੀ ਦੇ ਪ੍ਰਸਿੱਧ ਰਾਗੀ ਭਾਈ ਬਲਜੀਤ ਸਿੰਘ ਨਾਮਧਾਰੀ ਦਿੱਲੀ ਵਾਲਿਆਂ ਨਾਲ ਹੋਇਆ। ਜਿਨ੍ਹਾਂ ਤੋਂ ਉਨ੍ਹਾਂ ਕਲਾਸੀਕਲ ਸੰਗੀਤ ਦੀ ਤਾਲੀਮ ਹਾਸਿਲ ਕੀਤੀ।

ਉਹ ਪੰਜਾਬੀ ਸਾਹਤਿ ਦੀ ਝੋਲੀ ਇਕ ਕਾਵਿ ਸੰਗ੍ਰਹਿ 'ਚਾਨਣ ਰੰਗੇ ਬੋਲ' ਅਤੇ ਇਕ ਆਡੀਓ ਕੈਸਟ 'ਚੰਨ ਵੇ' ਪਾ ਚੁੱਕਾ ਹੈ। ਮਿਆਰੀ ਸਾਹਿਤ ਦੇ ਅਧਿਐਨ ਦੇ ਨਾਲ-ਨਾਲ ਉਹ ਕੀਰਤਨ ਕਰਨ ਵੀ ਜਾਂਦਾ ਹੈ। ਸੁਖਵਿੰਦਰ ਸਨੇਹ ਦੀਆਂ ਕਵਿਤਾਵਾਂ ਪੰਜਾਬੀ ਦੇ ਅਖਵਾਰਾਂ, ਰਸਾਲਿਆਂ ਅਤੇ ਵੱਖ-ਵੱਖ ਚੈਨਲਾਂ 'ਤੇ ਵੀ ਦੇਖਣ ਨੂੰ ਮਿਲਦੇ ਹਨ। ਆਉ ਉਸ ਦੀਆਂ ਰਚਨਾਵਾਂ ਨਾਲ ਸਾਂਝ ਪਾਈਏ।

• ਚਰਨੀ ਬੇਦਿਲ
98724-46509

### ਗੀਤ

## ਚਿੜੀਆਂ

ਗੁਜ਼ਰ ਗਏ ਸਮਿਆਂ ਦੀਆਂ ਯਾਦਾਂ
ਖੜ੍ਹ ਗਈਆਂ ਬਣ ਕੇ ਪਰਛਾਈਆਂ।
ਅੱਜ ਜਦ ਚਿੜੀਆਂ ਵਿਹੜੇ ਆਈਆਂ
ਅੱਜ ਜਦ ਚਿੜੀਆਂ ਵਿਹੜੇ ਆਈਆਂ।

ਪਤਾ ਨਹੀਂ ਕਦ ਉੱਤਰ ਆਈਆਂ
ਅਰਸ਼ਾਂ ਤੋਂ ਉਹ ਥੱਲੇ।
ਬਿੱਟ-ਬਿੱਟ ਦੇਖੀ ਗਈਆਂ
ਪੱਕੇ ਫਰਸ਼ਾਂ ਦੇ ਵੱਲੇ।
ਪੱਥਰ ਦੇ ਮਕਾਨ ਨੂੰ ਤੱਕ ਕੇ ਨਾ
ਖ਼ੁਸ਼ ਹੋਈਆਂ ਨਾ ਚਹਿਚਾਈਆਂ।
ਅੱਜ ਜਦ ਚਿੜੀਆਂ ਵਿਹੜੇ ਆਈਆਂ।

ਆਲ੍ਹਣਿਆਂ ਦੇ ਫੂਸ ਵਿਚ ਹਵਾਵਾਂ
ਉਡ ਗਏ ਸਣੇ ਬੱਚੜੇ।
ਨਾ ਹੁਣ ਬੇਬੇ ਬਾਪੂ ਕਿਧਰੇ
ਨਾ ਰੁਖੜੇ ਛੱਤੜੇ।
ਖ਼ਾਲੀ ਖ਼ਾਲੀ ਆਲਮ ਦੀਆਂ
ਕਰਾਂਗਾ ਹੁਣ ਭਰਪਾਈਆਂ।
ਅੱਜ ਫਿਰ ਚਿੜੀਆਂ ਵਿਹੜੇ ਆਈਆਂ।

ਚਿੜੀ ਵਿਚਾਰੀ ਕੀ ਕਰੇ
ਉਹ ਬਾਤ ਯਾਦ ਆ ਗਈ।
ਬੇਬੇ ਕੋਲ ਸੁਣੀ ਸੀ ਬਹਿ ਕੇ
ਰਾਤ ਯਾਦ ਆ ਗਈ,
ਭੁੱਲ ਭੁਲਾ ਗਈਆਂ ਸੀ
ਮੈਨੂੰ ਗੱਲਾਂ ਫਿਰ ਦਿਲ ਨੇ ਦੁਹਰਾਈਆਂ।
ਅੱਜ ਜਦ ਚਿੜੀਆਂ ਵਿਹੜੇ ਆਈਆਂ।

ਚਿੜੀਆਂ ਨੇ ਮਰ ਜਾਣੈ
ਰੋਣਾ ਨਹੀਂ ਗਵਾਰਾਂ ਨੇ।
ਲੱਭੀਏ ਹਲ਼ 'ਸਨੇਹ' ਕੋਈ
ਕੀ ਕਰਨੈ ਸਰਕਾਰਾਂ ਨੇ।
ਕੁੜੀਮਾਰ ਤੇ ਚਿੜੀਮਾਰ ਹੁਣ
ਰਲ਼ ਕੇ ਕਰਦੇ ਨੇ ਅਗਵਾਈਆਂ।
ਅੱਜ ਫਿਰ ਚਿੜੀਆਂ ਵਿਹੜੇ
ਆਈਆਂ।

**ਕਈ ਵਾਰ ਬੰਦਾ ਤਰਸ ਦਾ ਪਾਤਰ ਬਣਿਆ ਹੁੰਦਾ ਹੈ। ਉਸ ਦੀ ਹਾਲਤ ਨੂੰ ਬਿਆਨਣਾ ਬਹੁਤ ਔਖਾ ਹੈ ! ਉਹ ਰੋਗੀ ਹੋਇਆ ਬੈੱਡ 'ਤੇ ਤਰਲੋ-ਮੱਛੀ ਹੋਇਆ, ਰੋਂਦਾ ਦਿਖਾਈ ਦਿੰਦਾ ਹੈ...**

# ਚਾਹੇ-ਅਣਚਾਹੇ ਬੋਲੇ ਬੋਲ

ਪੁਰਾਣੇ ਸਮਿਆਂ ਵਿਚ ਮਨੁੱਖੀ ਜੀਵ, ਰਾਤ ਦੀ ਗੂੜ੍ਹੀ ਨੀਂਦ ਪ੍ਰਾਪਤ ਕਰ ਕੇ ਸਵੇਰੇ ਉੱਠਦੇ ਸਾਰ, ਰਾਮ-ਰਾਮ, ਵਾਹਿਗੁਰੂ ਜਾਂ ਅੱਲ੍ਹਾ-ਅੱਲ੍ਹਾ ਬੋਲਦਾ ਹੋਵੇਗਾ। ਅਜੋਕੇ ਸਮੇਂ ਤਾਂ ਹਰੇਕ ਦੇ ਮੂੰਹੋਂ ਇਹੀ ਨਿਕਲਦਾ ਹੈ, 'ਮਰ ਗਏ, ਹਾਏ ਮਰ ਗਏ।' ਲੋਕ ਅੱਖਾਂ ਮਲਦੇ ਹੋਏ ਸਵੇਰੇ-ਸਵੇਰੇ ਪਹਿਲਾ ਸ਼ਬਦ, 'ਮਰ ਗਏ' ਹੀ ਬੋਲਦਾ ਹੈ, 'ਉੱਫ ! ਅੱਜ ਵੀ ਇੰਨੇ ਲੇਟ ਉੱਠੇ।' ਰਜਾਈ/ਕੰਬਲ ਨੂੰ ਇਕ ਪਾਸੇ ਕੀਤਾ ਤਾਂ ਠੰਢ ਲੱਗੀ ਤਾਂ ਮੂੰਹੋਂ ਨਿਕਲਿਆ, 'ਹਾਏ ਮਰ ਗਏ , ਇੰਨੀ ਠੰਢ।' ਹਿੰਮਤ ਕਰ ਕੇ ਬਾਥ-ਰੂਮ ਵਿਚ ਜਾ ਪਹੁੰਚੇ। ਗੀਜ਼ਰ ਚਲਾਇਆ, ਪਿੰਡੇ 'ਤੇ ਗਰਮ ਪਾਣੀ ਦਾ ਮੱਗ ਪਾਇਆ, ਫਿਰ ਮੂੰਹੋਂ ਵਾਹਿਗੁਰੂ ਦੀ ਬਜਾਏ ਨਿਕਲਿਆ, 'ਮਰ ਗਏ' ਜੋ ਬਾਥ ਰੂਮ ਵਿੱਚੋਂ ਬਾਹਰ ਸਭ ਨੂੰ ਸੁਣਾਈ ਦਿੱਤਾ। ਨਹਾ ਕੇ ਕੱਪੜੇ ਪਾ ਕੇ ਤਿਆਰ ਹੁੰਦੇ ਸਮੇਂ ਅਚਨਚੇਤ ਕੁਝ ਯਾਦ ਆ ਗਿਆ, 'ਉਫ ਮਰ ਗਏ' ਮੈਂ ਤਾਂ ਅੱਜ ਸਵੇਰੇ ਉੱਠ ਕੇ ਪਹਿਲਾਂ, ਫਲਾਨਾ ਕੰਮ ਕਰਨਾ ਸੀ। ਤਿਆਰ ਹੁੰਦੇ-ਹੁੰਦੇ ਜਾਂ ਖਾਣਾ ਖਾਂਦਿਆਂ, ਸਕੂਲ, ਦਫ਼ਤਰ ਜਾਣ ਨੂੰ ਲੇਟ ਹੋ ਗਏ ਤਾਂ ਫਿਰ ਮੂੰਹੋਂ ਨਿਕਲਿਆ, 'ਹਾਏ ਮਰ ਗਏ' ਅੱਜ ਵੀ ਝਿੜਕਾਂ ਤੋਂ ਨਹੀਂ ਬਚਦੇ।' ਸਕੂਟਰ ਜਾਂ ਕਾਰ ਤੇ ਜਾਂਦਿਆਂ ਸੜਕ 'ਤੇ ਜਾਮ ਲੱਗਾ ਵੇਖਿਆ ਤਾਂ ਮੂੰਹੋਂ ਨਿਕਲਿਅ , 'ਮਰ ਗਏ, ਲੇਟ ਤਾਂ ਪਹਿਲਾਂ ਹੀ ਸੀ।' ਸਕੂਲ-ਦਫ਼ਤਰ ਪਹੁੰਚ ਗਏ। ਅੱਗੋਂ ਬੌਸ ਨੇ ਕਹਿ ਦਿੱਤਾ, 'ਆਹ ਕੰਮ ਤੈਂ ਅੱਜ ਜ਼ਰੂਰ ਕਰਨਾ ਹੈ।' ਕੰਮ ਵੇਖ, ਮਨ ਅੰਦਰੋਂ ਇਹੀ ਸ਼ਬਦ ਨਿਕਲਦੇ ਹਨ, 'ਹਾਏ ਮਰ ਗਏ, ਐਡਾ ਵੱਡਾ ਕੰਮ ਕਿੱਦਾਂ ਹੋਵੇਗਾ ?' ਸਵੇਰ ਤੋਂ ਰਾਤ ਤਕ ਅਨੇਕਾਂ ਵਾਰ ਇਹ ਸ਼ਬਦ ਹਰੇਕ ਜੀਅ ਦੇ ਮੂੰਹੋਂ ਜਾਣੇ-ਅਣਚਾਹੇ ਬੋਲ ਹੋ ਜਾਂਦੇ ਹਨ।ਰੱਬ ਮੌਤ ਨੂੰ ਬੰਦੇ ਕੋਲ ਭੇਜਦਾ ਹੈ। ਮੌਤ ਸੱਜ-ਧੱਜਕੇ ਰੱਬ ਦੇ ਹੁਕਮ ਅਨੁਸਾਰ ਜੀਵ ਦੇ ਸਿਰਹਾਣੇ ਖਲੋ ਜਾਂਦੀ ਹੈ। ਬੰਦਾ ਉਸ ਸਮੇਂ ਤਰਸ ਦਾ ਪਾਤਰ ਬਣਿਆਂ ਹੁੰਦਾ ਹੈ, ਜਿਸ ਨੂੰ ਬਿਆਨਣਾ ਬਹੁਤ ਹੀ ਔਖਾ ਹੈ ! ਉਹ ਰੋਗੀ ਬਣ ਕੇ ਬੈੱਡ ਤੇ ਤਰਲੋ-ਮੱਛੀ ਹੋਇਆ, ਰੋਂਦਾ, ਚੀਕ-ਚਿਗਾੜ੍ਹਾ ਪਾਉਂਦਾ ਵਿਖਾਈ ਦਿੰਦਾ ਹੈ। ਉਹ ਡਾਕਟਰ ਨੂੰ ਆਪਣੀ ਸਾਰੀ ਉਮਰ ਦੀ ਕਮਾਈ ਹੋਈ ਜਮ੍ਹਾਂ-ਪੂੰਜੀ ਦੇ ਕੇ ਕਹਿੰਦਾ ਹੈ , 'ਡਾਕਟਰ ਸਾਹਿਬ , ਮੈਨੂੰ ਬਚਾ ਲਵੋ।' ਡਾਕਟਰ ਵੀ ਅੱਗੋਂ ਪੈਸੇ ਸਾਂਭਦਾ ਹੋਇਆ ਇਹ ਦਿਲਾਸਾ ਦਿੰਦਾ ਹੈ, 'ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ, ਅੱਗੇ ਰੱਬ ਹੀ ਰਾਖਾ ਹੈ।' ਵਾਰ-ਵਾਰ ਰੱਬ ਨੂੰ ਯਾਦ ਕਰਦਾ ਪ੍ਰਾਣੀ ਬੋਲਦਾ ਹੈ 'ਰੱਬਾ ਮੈਂ ਸਾਰੀ ਉਮਰ, ਮਰ ਗਿਆ, ਹਾਏ ਮਰ ਗਿਆ ਝੂਠ ਹੀ ਬੋਲਦਾ ਰਿਹਾ ਹਾਂ ਪ੍ਰੰਤੂ ਰੱਬਾ ! ਮੈਂ ਮਰਨਾ ਨਹੀਂ ਚਾਹੁੰਦਾ, ਮੈਂ ਅਜੇ ਜਿਊਣਾ ਚਾਹੁੰਦਾ ਹਾਂ, ਮਿਹਰ ਕਰ, ਮੈਨੂੰ ਠੀਕ ਕਰ ਦੇ।' ਉਸ ਦੀ ਤਰਸਯੋਗ ਹਾਲਤ ਵੇਖਕੇ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਵੀ ਰੱਬ ਅੱਗੇ ਦੋ ਹੱਥ ਜੋੜਕੇ ਤੰਦਰੁਸਤੀ ਲਈ ਅਰਦਾਸਾਂ ਕਰਦੇ ਹਨ ਪ੍ਰੰਤੂ ਮੌਤ ਰੱਬ ਦੇ ਹੁਕਮਾਂ ਦੀ ਪਾਲਣਾ ਕਰਦੀ ਹੋਈ ਪ੍ਰਾਣੀ ਨੂੰ ਸਮੇਂ ਅਨੁਸਾਰ, ਅੱਗੇ-ਅੱਗੇ ਤੋਰ ਲੈਂਦੀ ਹੈ ਤੇ ਮਨੁੱਖੀ ਜੀਵ ਅੰਤਿਮ ਸਮੇਂ ਵੀ 'ਮਰ ਗਏ, ਹਾਏ ਮਰ ਗਏ' ਆਖਦਾ-ਆਖਦਾ, ਰੋਂਦਾ, ਤੜਫ਼ਦਾ ਦੁਨੀਆ ਤੋਂ ਕੂਚ ਕਰ ਜਾਂਦਾ ਹੈ।



• ਹਰਜਿੰਦਰ ਸਿੰਘ ਧਾਮੀ
98144-32347

**ਹਰ ਮਨੁੱਖ ਨੂੰ ਸਮੱਸਿਆਵਾਂ ਹਨ ਪਰ ਉਨ੍ਹਾਂ ਨਾਲ ਲੜਨ ਦੇ ਤਰੀਕੇ ਉਸ ਨੇ ਆਪ ਲੱਭਣੇ ਹਨ। ਕਿਹਾ ਜਾਂਦਾ ਹੈ ਕਿ ਜਦੋਂ ਜ਼ੋਰਦਾਰ ਬਾਰਿਸ਼ ਆਉਂਦੀ ਹੈ ਤਾਂ ਸਾਰੇ ਪੰਛੀ ਇਸ ਤੋਂ ਬਚਣ ਲਈ ਸੁਰੱਖਿਅਤ ਥਾਂ ਦੇਖਦੇ ਹਨ ਪਰ ਬਾਜ਼ ਹੀ ਇਕ ਅਜਿਹਾ ਪੰਛੀ ਹੈ ਜਿਹੜਾ ਬਾਰਸ਼ ਵਿਚ ਬੱਦਲਾਂ ਤੋਂ ਉੱਚਾ ਉੱਡਣ ਲੱਗਦਾ ਹੈ।**

# ਕੁੰਦਨ ਬਣ ਜਾਂਦਾ ਤਪ- ਤਪ ਕੇ ਸੋਨਾ



ਮਾਂ ਬਾਪ ਨੂੰ ਆਪਣੇ ਬੱਚੇ ਸਭ ਤੋਂ ਪਿਆਰੇ ਲੱਗਦੇ ਹਨ ਤੇ ਉਹ ਉਨ੍ਹਾਂ ਦੀ ਖ਼ਾਤਰਦਾਰੀ ਵਿਚ ਕਿਸੇ ਤਰ੍ਹਾਂ ਦੀ ਕੁਤਾਹੀ ਨਹੀਂ ਕਰਦੇ। ਆਪ ਤੰਗ ਪ੍ਰੇਸ਼ਾਨ ਰਹਿ ਕੇ ਵੀ ਲਾਡ-ਪਿਆਰ ਤੇ ਪੈਸਾ ਉਨ੍ਹਾਂ ਉੱਪਰ ਨਿਛਾਵਰ ਕਰ ਦੇ ਹਨ। ਪੰਜਾਬੀ ਦੇ ਕਈ ਗਾਣਿਆ ਵਿਚ ਮਾਂ ਨੂੰ ਬੱਚਿਆਂ ਲਈ ਦੁੱਖ ਝੱਲਦੇ ਦਿਖਾਇਆ ਗਿਆ ਹੈ ਕਿ ਮਾਂ ਆਪ ਗਿੱਲੇ ਥਾਂ ਉੱਪਰ ਪੈ ਕੇ ਬੱਚੇ ਨੂੰ ਸੁੱਕੇ ਥਾਂ 'ਤੇ ਪਾਉਂਦੀ ਹੈ। ਬੱਚੇ ਜਿਵੇਂ-ਜਿਵੇਂ ਵੱਡੇ ਹੁੰਦੇ ਜਾਂਦੇ ਹਨ ਉਸੇ ਤਰ੍ਹਾਂ ਮਨੁੱਖੀ ਜਾਮੇ ਵਿਚ ਇਨਸਾਨ ਦਾ ਆਪਣੇ ਮਾਂ-ਬਾਪ ਤੋਂ ਦੂਰੀ ਬਨਾਉਣਾ ਆਪਣੇ ਆਪ ਵਿਚ ਅੱਜ ਦੀ ਗੰਭੀਰ ਸਮੱਸਿਆ ਹੈ। ਇਸ ਵਿਸ਼ੇ 'ਤੇ ਕੁਝ ਗੱਲਾਂ ਸਾਂਝੀਆ ਕਰਨਾ ਚਾਹੁੰਦਾ ਹਾਂ।

ਸਭ ਤੋਂ ਪਹਿਲੀ ਗੱਲ ਤਾਂ ਬੱਚੇ ਦੇ ਪੈਦਾ ਹੋਣ ਤੋਂ ਲੈ ਕੇ ਪੰਜ-ਛੇ ਸਾਲ ਤਕ ਲਾਡ-ਪਿਆਰ ਦੀ ਗੱਲ ਜ਼ਾਇਜ ਲੱਗਦੀ ਹੈ। ਇਸ ਤੋਂ ਬਾਅਦ ਬੱਚੇ ਨੂੰ ਖਾਣ-ਪੀਣ ਜਿੰਨਾ ਮਰਜ਼ੀ ਦਿਉ ਪਰ ਲਾਡ-ਪਿਆਰ ਘਟਾਕੇ ਥੋੜ੍ਹੀ-ਥੋੜ੍ਹੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਚਾਲੂ ਕਰ ਦਿਉ। ਉਮਰ ਦੇ ਮੁਤਾਬਕ ਹਲਕੀ ਤੋਂ ਭਾਰੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ। ਅੱਜ ਦਾ ਮਨੁੱਖ ਆਪਣੇ ਸਮੇਂ ਦੇ ਦੁੱਖ ਨੂੰ ਵੇਖਦਾ ਹੋਇਆ ਬੱਚਿਆਂ ਨੂੰ ਕਿਸੇ ਵੀ ਕਸ਼ਟ-ਮਈ ਜ਼ਿੰਦਗੀ ਦੇ ਸਨਮੁੱਖ ਨਹੀਂ ਕਰਨਾ ਚਾਹੁੰਦਾ। ਪਰ ਇਸ ਦੇ ਨਤੀਜੇ ਬਹੁਤੇ ਸਾਰਥਕ ਨਹੀ ਹੁੰਦੇ।

ਔਲਾਦ ਦਾ ਨਾ ਹੋਣਾ ਵੀ ਮਾਂ-ਬਾਪ ਲਈ ਤਰਸ ਦੇ ਪਾਤਰ ਹੁੰਦਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਜ਼ਿੰਮੇਵਾਰੀ ਜਾ ਕਠਿਨਾਈ ਬੱਚੇ ਲਈ ਸਿਰਦਰਦੀ ਨਾ ਬਣੇ। ਵਿਸ਼ਵ ਵਿਚ ਅੱਜ ਤਕ ਕਠਿਨਾਈ ਤੋਂ ਬਗ਼ੈਰ ਕਿਸੇ ਨੇ ਮੱਲਾਂ ਨਹੀਂ ਮਾਰੀਆ। ਇਹ ਸੱਚ ਹੈ ਕਿ ਸੋਨਾ ਖਾਨਾਂ ਵਿੱਚੋਂ ਨਿਕਲਦਾ ਕਾਲੇ ਰੰਗ ਦੇ ਰੂਪ ਵਿਚ ਹੈ ਪਰ ਭੱਠੀ 'ਚ ਤਪ ਕੇ ਬਾਅਦ ਵਿਚ ਸੁਨਹਿਰੀ ਰੰਗ ਦਾ ਹੋ ਜਾਂਦਾ ਹੈ ਜੋ ਕਿ ਮਨੁੱਖੀ ਜ਼ਿੰਦਗੀ ਦਾ ਹਰਮਨ ਪਿਆਰਾ ਤੇ ਕੀਮਤੀ ਧਾਤੂ ਹੋ ਨਿਬੜਦਾ ਹੈ। ਜਦੋਂ ਆਪਾਂ ਬੱਚੇ ਨੂੰ ਕੋਈ ਜ਼ਿਮੇਵਾਰੀ ਦਿੱਤੇ ਬਗ਼ੈਰ ਵੱਡਾ ਕਰ ਲੈਂਦੇ ਹਾਂ ਤਾਂ ਛੋਟੀ ਉਮਰ ਜੋ ਕਿ ਸਿੱਖਣ ਦੀ ਉਮਰ ਹੁੰਦੀ ਹੈ, ਉਹ ਤਾਂ ਬੀਤ ਜਾਂਦੀ ਹੈ ਤੇ ਹਮੇਸ਼ਾ ਵੱਡੀ ਉਮਰ ਦੇ ਇਨਸਾਨ ਦਾ ਦਿਮਾਗ਼ ਸੁੰਗੜਣਾਂ ਨਿਸ਼ਚਿਤ ਹੁੰਦਾ ਹੈ ਕਿਉਂਕਿ ਪੜ੍ਹਾਈ ਦੇ ਨਾਲ ਨਾਲ ਕੰਮ ਕਰਨ ਦੀ ਪ੍ਰਕਿਰਿਆ ਬੱਚੇ ਦੇ ਦਿਮਾਗ਼ ਨੂੰ ਵਿਕਸਤ ਕਰਦੀ ਹੈ। ਉਹ ਆਪਣੇ ਰਸਤੇ ਆਪ ਚੁਣਨ ਦੇ ਸਮਰੱਥ ਹੋ ਜਾਂਦਾ ਹੈ।

ਮੇਰੇ ਇਕ ਦੋਸਤ ਦੇ ਘਰ ਕਨੈਡਾ ਇਕ ਵਾਰ ਮੈਂ ਗਿਆ ਤਾਂ ਪੰਜਵੀਂ ਜਮਾਤ ਦੇ ਬੱਚੇ ਨੇ ਸਕੂਲੋਂ ਆਉਂਦੀਆ ਹੀ ਸ਼ਿੰਕ ਚਿ ਪਏ ਜੂਠੇ ਭਾਂਡਿਆਂ ਨੂੰ ਧੋਤਾ ਤਾਂ ਮੇਰੇ ਜ਼ਿਹਨ ਤੇ ਇੰਨਾਂ ਅਸਰ ਹੋਇਆ ਕਿ ਭਾਰਤ ਅਤੇ ਕਨੈਡਾ ਦੇ ਕੰਮਾਂ ਬਾਰੇ ਤੇ ਲੋਕਾ ਬਾਰੇ ਸੋਚਾਂ ਵਿਚ ਪੈ ਗਿਆ। ਭਾਰਤ ਵਿਚ ਸ਼ਾਇਦ ਇਨ੍ਹਾਂ ਛੋਟਾ ਬੱਚਾ ਮਾਪੇ ਆਪ ਨਵਾਉਂਦੇ ਹੋਣ, ਫਿਰ ਵਾਲਾਂ ਨੂੰ ਤੇਲ ਲਾ ਕੇ ਤੇ ਆਪ ਵਰਦੀ ਪਾ ਕੇ ਤੋਰਦੇ ਹੋਣ ਤੇ ਵਾਪਸੀ ਤੇ ਉਸ ਦੀਆਂ ਟਾਈਆਂ, ਬੈਲਟਾਂ ਆਪਣੇ ਹੱਥੀ ਆਪ ਲਾਉਂਦੇ ਹੋਣ। ਇਸ ਤਰ੍ਹਾਂ ਭਾਰਤ ਵਿਚ ਮਾਪੇ ਆਪਣੇ ਬੱਚੇ ਨੂੰ ਆਪਣੇ ਉੱਪਰ ਨਿਰਭਰ ਕਰ ਲੈਂਦੇ ਹਨ ਤੇ ਜਦੋਂ ਬੱਚਾ ਵਿਦਿਆਰਥੀ ਬਣ ਕੇ ਵੀਹ ਪੱਚੀ ਸਾਲ ਦਾ ਹੁੰਦਾ ਹੈ ਤੇ ਫਿਰ ਉਹ ਜ਼ਿੰਦਗੀ ਵਿਚ ਸੰਘਰਸ਼ ਕਰਨ ਦੇ ਸਮਰੱਥ ਨਹੀ ਹੁੰਦਾ ਕਿਉਂਕਿ ਸੰਘਰਸ਼ ਕਰਨ ਵਾਲੀ ਉਮਰ ਵਿਚ ਮਾਪੇ ਉਸ ਦਾ ਹੱਦੋਂ ਵਧ ਯੋਗਦਾਨ ਦਿੰਦੇ ਰਹੇ ਹੁੰਦੇ ਹਨ। ਪਰ ਸਾਡੇ ਸਾਬਕਾ ਰਾਸ਼ਟਰਪਤੀ ਡਾ. ਅਬਦੁੱਲ ਕਲਾਮ ਕਿਹਾ ਕਰਦੇ ਸੀ ਕਿ ਹਰ ਮਨੁੱਖ ਨੂੰ ਸਮੱਸਿਆਵਾਂ ਹਨ ਪਰ ਉਨ੍ਹਾਂ ਨਾਲ ਲੜਨ ਦੇ ਤਰੀਕੇ ਮਨੁੱਖ ਨੇ ਆਪ ਦੇਖਣੇ ਹਨ। ਅਜਿਹੀ ਉਦਾਹਰਨ ਦੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਦੋਂ ਜ਼ੋਰਦਾਰ ਬਾਰਿਸ਼ ਆਉਂਦੀ ਹੈ ਤਾਂ ਸਾਰੇ ਪੰਛੀ ਇਸ ਤੋਂ ਬਚਣ ਲਈ ਸੁਰੱਖਿਅਤ ਥਾਂ ਦੇਖਦੇ ਹਨ ਪਰ ਬਾਜ਼ ਹੀ ਅਜਿਹਾ ਪੰਛੀ ਹੈ ਜਿਹੜਾ ਬਾਰਸ਼ ਵਿਚ ਬੱਦਲਾਂ ਤੋਂ ਉੱਚਾ ਉੱਡਣ ਲੱਗਦਾ ਹੈ। ਹਰ ਸਥਿਤੀ ਨਾਲ ਲੜਕੇ ਹੀ ਨਵੀਂ ਸੋਚ ਪੈਦਾ ਹੁੰਦੀ ਹੈ ਜੇ ਬੱਚੇ ਦੀ ਲੋੜ ਦੇ ਅਨੁਸਾਰ ਹੀ ਉਸ ਨੂੰ ਉਨ੍ਹਾਂ ਕਸ਼ਟ ਨਾ ਦਿੱਤਾ ਗਿਆ ਤਾਂ ਮੰਜ਼ਿਲ ਪਾਉਣਾ ਬੱਚੇ ਦੇ ਵੱਸ ਦੀ ਗੱਲ ਨਹੀਂ।

ਅੱਜ ਦਾ ਵਿਦਿਆਰਥੀ ਪੜ੍ਹਾਈ ਵੀ ਔਖੇ ਅਤੇ ਸੌਖੇ ਵਿਸ਼ਿਆ ਨਾਲ ਕਰਦਾ ਹੈ ਪਰ ਸਫ਼ਲਤਾ ਔਖੇ ਵਿਸ਼ਿਆਂ ਵਾਲਿਆਂ ਦੇ ਹੱਥ ਵਿਚ ਜਲਦੀ ਲੱਗਦੀ ਹੈ। ਜਿੰਨਾ ਵੱਡਾ ਸੁਪਨਾ ਮਨ ਵਿਚ ਹੋਵੇਗਾ ਉਨੀ ਜ਼ਿਆਦਾ ਮਿਹਨਤ ਇਨਸਾਨ ਨੂੰ ਕਰਨੀ ਪਵੇਗੀ। ਜ਼ਿਆਦਾ ਮਿਹਨਤ ਨਾਲ ਦਿਮਾਗ਼ ਦੀ ਦੀਵਾਰਾਂ ਵੀ ਵੱਡੀਆਂ ਹੋ ਜਾਂਦੀਆਂ ਹਨ। ਡਾ. ਮਨਮੋਹਨ ਸਿੰਘ (ਸਾਬਕਾ ਪ੍ਰਧਾਨ ਮੰਤਰੀ) ਆਪਣੇ ਭਰਾਵਾਂ ਨਾਲ ਦਿਨ ਵੇਲੇ ਕੰਮ ਕਰਨ ਤੋਂ ਬਾਅਦ ਰਾਤ ਨੂੰ ਵੱਖਰਾ ਸਮਾਂ ਪੜ੍ਹਨ ਲਈ ਬੈਠਦੇ ਸਨ ਤੇ ਨਤੀਜੇ ਤੁਹਾਡੇ ਸਾਹਮਣੇ ਹਨ। ਜੇ ਇਨਸਾਨ ਵਿਚ ਕੋਈ ਗੁਣ ਨਹੀਂ ਤਾਂ ਉਸ ਦੀ ਕੋਈ ਕਦਰ ਨਹੀਂ, ਉਹ ਤਾਂ ਸਿਰਫ਼ ਮਿੱਟੀ ਦਾ ਭਾਂਡਾ ਹੈ। ਲੋਕ ਗੁਣ ਦੀ ਕਦਰ ਕਰਦੇ ਹਨ। ਕਾਂ ਅਤੇ ਕੋਇਲ ਦੇ ਰੰਗ ਕਾਲੇ ਹਨ ਪਰ ਕੋਇਲ ਦੀ ਮਿੱਠੀ ਬਾਣੀ ਕਰਕੇ ਹੀ ਲੋਕ ਉਸ ਨੂੰ ਪਸੰਦ ਕਰਦੇ ਹਨ। ਛੋਟੀ ਉਮਰੇ ਸਰੀਰਕ ਕਸ਼ਟ ਹਮੇਸ਼ਾ ਹੀ ਵਿਅਕਤੀ ਲਈ ਲਾਹੇਵੰਦ ਹੁੰਦਾ ਹੈ ਕਿਉਂਕਿ ਮੈਂ ਅਜਿਹੇ ਮਨੁੱਖ ਅਤੇ ਪੰਛੀ ਵੇਖੇ ਹਨ ਜਿਹੜੇ ਕਿ ਆਪਣੀ ਮਿਹਨਤ, ਕਸ਼ਟ ਅਤੇ ਦੁਰੱਦਤ ਨਾਲ ਅੱਗੇ ਗਏ ਹਨ। ਪਰ ਜਿਨ੍ਹਾਂ ਨੂੰ ਛੋਟੀ ਉਮਰੇ ਸ਼ੁੱਖ-ਵਿਲਾਸ ਮਿਲਿਆ ਉਨ੍ਹਾਂ ਵਿੱਚੋ ਬਹੁਤੇ ਸਫ਼ਲ ਨਹੀਂ ਹੋ ਸਕੇ। ਇਕ ਵਾਰ ਇਕ ਤਿੱਤਲੀ ਦੇ ਕੋਏ (ਆਂਡੇ) ਵਿੱਚੋਂ ਤਿੱਤਲੀ ਦਾ ਬੱਚਾ ਤੰਗ ਪਰੇਸ਼ਾਨ ਹੋ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਕੋਲ ਬੈਠੇ ਇਕ ਵਿਅਕਤੀ ਤੋਂ ਇਹ ਵੇਖਿਆ ਨਾ ਗਿਆ ਤਾਂ ਉਸ ਨੇ ਕੋਏ ਨੂੰ ਭੰਨ ਦਿੱਤਾ ਪਰ ਉਹ ਤਿੱਤਲੀਆਂ ਦੇ ਬੱਚੇ ਕਦੇ ਵੀ ਆਪਣੇ ਖੰਭਾਂ ਨਾਲ ਉੱਡ ਨਹੀਂ ਸਕੇ ਕਿਉਂਕਿ ਉਸ ਵਕਤ ਉਸ ਦੇ ਉੱਡਣ ਵਾਲੇ ਖੰਭ ਉਡਾਰੀਆਂ ਮਾਰਨ ਲਈ ਸਖ਼ਤ ਹੋ ਰਹੇ ਸਨ। ਜਿਹੜੇ ਬੱਚੇ ਆਪਣੇ ਆਪ ਕੋਏ ਵਿੱਚੋ ਬਾਹਰ ਆਏ ਉਹ ਤਾਂ ਅਸਮਾਨੀ ਉਡਾਰੀਆਂ ਲਾ ਰਹੇ ਸਨ।

ਹਮੇਸ਼ਾ ਤੰਗੀ ਹੀ ਜੀਵਨ ਵਿਚ ਨਵੇਂ ਨਵੇਂ ਦਾਅ-ਪੇਚ ਸਿਖਾਉਂਦੀ ਹੈ। ਕਹਿੰਦੇ ਹਨ ਕਿ ਜਿਹੜਾ ਕੁਝ ਭੁੱਖਾ ਢਿੱਡ ਸਿਖਾਉਂਦਾ ਹੈ ਉਹ ਕੋਈ ਯੁਨੀਵਰਸਿਟੀ ਜਾਂ ਯੁਨੀਵਰਸਿਟੀ ਦਾ ਅਧਿਆਪਕ ਨਹੀਂ ਸਿਖਾ ਸਕਦਾ। ਜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਛੋਟੀ ਉਮਰੇ ਚੰਗੀ ਤਾਲੀਮ ਨਾ ਦਿੱਤੀ ਹੁੰਦੀ ਤਾਂ ਉਹ ਕਦੇ ਵੀ ਮੁਗ਼ਲ ਹਾਕਮਾ ਅੱਗੇ ਨਾ ਠਹਿਰਦੇ। ਮੋਹ ਮਨੁੱਖੀ ਜੀਵਨ ਦਾ ਇਕ ਰਹੱਸਮੀ ਪਲ ਹੈ ਜਦੋ ਬੱਚੇ ਮੋਹ ਦੀਆ ਤੰਦਾਂ ਟੱਪਦੇ ਹਨ ਤਾਂ ਮਾਪਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗੁਰੂਆਂ ਦੇ ਦਿੱਤੇ ਸੰਦੇਸ਼ ਬੱਚਿਆਂ ਨੂੰ ਪੜ੍ਹਾਉਣ।

• ਡਾ. ਬਲਜੀਤ ਸਿੰਘ ਗਿੱਲ

# ਜ਼ਿਲ੍ਹਾ ਖ਼ਪਤਕਾਰ ਕਮਿਸ਼ਨ ਨੇ ਇੰਪਰੂਵਮੈਂਟ ਟਰੱਸਟ ਨੂੰ 81 ਲੱਖ ਦਾ ਲਾਇਆ ਝਟਕਾ

**ਕੌਮੀ ਪਤ੍ਰਿਕਾ**

ਜਲੰਧਰ 19 ਅਪ੍ਰੈਲ। ਸਾਲਾਂ ਤੋਂ ਆਰਥਿਕ ਮੰਦਹਾਲੀ ਅਤੇ ਦੇਣਦਾਰੀਆਂ ਦੇ ਬੋਝ ਹੇਠ ਦੱਬੇ ਜਲੰਧਰ ਇੰਪਰੂਵਮੈਂਟ ਟਰੱਸਟ ਦੀਆਂ ਮੁਸ਼ਕਿਲਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ। ਟਰੱਸਟ ਦੀਆਂ ਵੱਖ-ਵੱਖ ਸਕੀਮਾਂ ਵਿਚ ਅਲਾਟੀਆਂ ਨਾਲ ਹੋਈ ਕਥਿਤ ਧੋਖਾਧੜੀ ਦੇ ਮਾਮਲਿਆਂ ਵਿਚ ਅਦਾਲਤਾਂ ਵੱਲੋਂ ਆ ਰਹੇ ਫ਼ੈਸਲੇ ਉਸ ਦੀ ਸਥਿਤੀ ਨੂੰ ਹੋਰ ਗੰਭੀਰ ਬਣਾ ਰਹੇ ਹਨ। ਇਸੇ ਲੜੀ ਵਿਚ ਜ਼ਿਲ੍ਹਾ ਖ਼ਪਤਕਾਰ ਵਿਵਾਦ ਨਿਪਟਾਊ ਕਮਿਸ਼ਨ ਨੇ ਇੰਦਰਾਪੁਰਮ ਮਾਸਟਰ ਗੁਰਬੰਤਾ ਸਿੰਘ ਸਕੀਮ ਨਾਲ ਸਬੰਧਤ 5 ਮਾਮਲਿਆਂ ਵਿਚ ਅਲਾਟੀਆਂ ਦੇ ਪੱਖ ਵਿਚ ਫ਼ੈਸਲਾ ਸੁਣਾਉਂਦੇ ਹੋਏ ਟਰੱਸਟ ਨੂੰ ਕਰੀਬ 81 ਲੱਖ ਰੁਪਏ ਦਾ ਭੁਗਤਾਨ ਕਰਨ ਦੇ ਹੁਕਮ ਦਿੱਤੇ ਹਨ। ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਟਰੱਸਟ ਨੂੰ ਅਲਾਟੀਆਂ ਵੱਲੋਂ ਜਮ?ਹਾ ਕਰਵਾਈ ਗਈ ਮੂਲ ਰਕਮ ਮੋੜਨ ਦੇ ਨਾਲ-ਨਾਲ ਉਸ ’ਤੇ 9 ਫੀਸਦੀ ਸਾਲਾਨਾ ਵਿਆਜ, 30-30 ਹਜ਼ਾਰ ਰੁਪਏ ਮੁਆਵਜ਼ਾ ਅਤੇ 10-10 ਹਜ਼ਾਰ ਰੁਪਏ ਕਾਨੂੰਨੀ ਖਰਚਾ ਵੀ ਅਦਾ ਕਰਨਾ ਹੋਵੇਗਾ। ਕਮਿਸ਼ਨ ਨੇ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਜੇਕਰ ਟਰੱਸਟ 45 ਦਿਨਾਂ ਅੰਦਰ ਉਕਤ ਰਕਮ ਦਾ ਭੁਗਤਾਨ ਨਹੀਂ ਕਰਦਾ, ਤਾਂ ਵਿਆਜ ਦਰ 9 ਤੋਂ ਵਧਾ ਕੇ 12 ਫੀਸਦੀ ਕਰ ਦਿੱਤੀ ਜਾਵੇਗੀ, ਜਿਸ ਨਾਲ ਟਰੱਸਟ ’ਤੇ ਵਿੱਤੀ ਬੋਝ ਹੋਰ ਵਧ ਜਾਵੇਗਾ। ਇੰਪਰੂਵਮੈਂਟ ਟਰੱਸਟ ਨੇ ਸੋਨੀਆ ਨੂੰ 4 ਸਤੰਬਰ 2000 ਨੂੰ ਐੱਲ. ਆਈ. ਜੀ. ਫਲੈਟ ਨੰਬਰ 51 ਅਲਾਟ ਕੀਤਾ ਸੀ। ਅਲਾਟੀ ਨੇ ਫਲੈਟ ਦੇ ਬਦਲੇ ਕੁੱਲ 4,10,710 ਰੁਪਏ ਜਮ?ਹਾ ਕਰਵਾਏ ਸਨ, ਪਰ ਲੰਮੇ ਸਮੇਂ ਤੱਕ ਕਬਜ਼ਾ ਨਾ ਮਿਲਣ ਕਾਰਨ 13 ਮਾਰਚ 2013 ਨੂੰ ਖਪਤਕਾਰ ਕਮਿਸ਼ਨ ਵਿਚ ਕੇਸ ਦਾਇਰ ਕੀਤਾ ਗਿਆ। ਇਸ ਮਾਮਲੇ ਵਿਚ ਕਮਿਸ਼ਨ ਨੇ 27 ਮਾਰਚ 2026 ਨੂੰ ਫੈਸਲਾ ਸੁਣਾਉਂਦੇ ਹੋਏ ਅਲਾਟੀ ਦੇ ਪੱਖ ਵਿਚ ਫ਼ੈਸਲਾ ਦਿੱਤਾ ਅਤੇ ਟਰੱਸਟ ਨੂੰ ਪੂਰੀ ਰਕਮ ਵਿਆਜ ਸਮੇਤ ਮੋੜਨ ਦੇ ਹੁਕਮ ਦਿੱਤੇ। ਹੁਣ ਟਰੱਸਟ ’ਤੇ ਪ੍ਰਿੰਸੀਪਲ ਅਮਾਊਂਟ, ਵਿਆਜ, ਮੁਆਵਜ਼ਾ ਅਤੇ ਕਾਨੂੰਨੀ ਖਰਚੇ ਸਮੇਤ ਕੁੱਲ 15.50 ਲੱਖ ਰੁਪਏ ਦੀ ਦੇਣਦਾਰੀ ਬਣ ਗਈ ਹੈ। ਇੰਪਰੂਵਮੈਂਟ ਟਰੱਸਟ ਨੇ ਜਯੋਤੀ ਵਰਮਾ ਨੂੰ 4 ਸਤੰਬਰ 2006 ਨੂੰ ਐੱਲ. ਆਈ. ਜੀ. ਫਲੈਟ ਨੰਬਰ 72 (5-ਐੱਫ) ਅਲਾਟ ਕੀਤਾ ਸੀ। ਅਲਾਟੀ ਨੇ ਫਲੈਟ ਦੇ ਬਦਲੇ ਕੁੱਲ 4,26,769 ਰੁਪਏ ਜਮ?ਹਾ ਕਰਵਾਏ ਸਨ। ਲੰਮੇ ਸਮੇਂ ਤੱਕ ਸਿਰਫ਼ ਕਾਗਜ਼ੀ ਕਬਜ਼ਾ ਕੀਤੇ ਜਾਣ ਅਤੇ ਮੂਲ ਸਹੂਲਤਾਂ ਨਾ ਮਿਲਣ ਕਾਰਨ 12 ਮਈ 2023 ਨੂੰ ਖਪਤਕਾਰ ਕਮਿਸ਼ਨ ਵਿਚ ਕੇਸ ਦਾਇਰ ਕੀਤਾ ਗਿਆ। ਕਮਿਸ਼ਨ ਨੇ ਸੁਣਵਾਈ ਤੋਂ ਬਾਅਦ ਅਲਾਟੀ ਦੇ ਪੱਖ ਵਿਚ ਫੈਸਲਾ ਦਿੰਦੇ ਹੋਏ ਟਰੱਸਟ ਨੂੰ ਰਕਮ ਵਿਆਜ, ਮੁਆਵਜ਼ਾ ਅਤੇ ਖਰਚੇ ਸਮੇਤ ਮੋੜਨ ਦੇ ਹੁਕਮ ਦਿੱਤੇ। ਕੁੱਲ ਦੇਣਦਾਰੀ ਕਰੀਬ 16 ਲੱਖ ਰੁਪਏ ਬਣਦੀ ਹੈ। ਇੰਪਰੂਵਮੈਂਟ ਟਰੱਸਟ ਨੇ ਸ਼ਵੇਤਾ ਨੂੰ 4 ਸਤੰਬਰ 2008 ਨੂੰ ਐੱਲ. ਆਈ. ਜੀ. ਫਲੈਟ ਨੰਬਰ 208 (ਐੱਸ. ਐੱਫ.) ਅਲਾਟ ਕੀਤਾ ਸੀ। ਅਲਾਟੀ ਵੱਲੋਂ ਲਗਭਗ 4,71,800 ਰੁਪਏ ਜਮ?ਹਾ ਕਰਵਾਏ ਗਏ ਸਨ। 19 ਮਾਰਚ 2010 ਨੂੰ ਸਿਰਫ਼ ਕਾਗਜ਼ੀ ਕਬਜ਼ਾ ਦਿੱਤਾ ਗਿਆ ਪਰ ਬੁਨਿਆਦੀ ਸਹੂਲਤਾਂ ਉਪਲੱਬਧ ਨਹੀਂ ਕਰਵਾਈਆਂ ਗਈਆਂ। ਇਸ ਕਾਰਨ 12 ਮਈ 2023 ਨੂੰ ਕੇਸ ਦਾਇਰ ਕੀਤਾ ਗਿਆ। ਕਮਿਸ਼ਨ ਨੇ 18 ਮਾਰਚ 2026 ਨੂੰ ਫੈਸਲਾ ਸੁਣਾਉਂਦੇ ਹੋਏ ਟਰੱਸਟ ਨੂੰ ਰਕਮ ਵਿਆਜ ਸਮੇਤ ਮੋੜਨ ਦੇ ਹੁਕਮ ਦਿੱਤੇ। ਕੁੱਲ੍ਹ ਦੇਣਦਾਰੀ ਲਗਭਗ 16 ਲੱਖ ਰੁਪਏ ਦੱਸੀ ਜਾ ਰਹੀ ਹੈ। ਇੰਪਰੂਵਮੈਂਟ ਟਰੱਸਟ ਨੇ ਕਿਰਨ ਅਰੋੜਾ ਨੂੰ 4 ਸਤੰਬਰ 2005 ਨੂੰ ਐੱਲ. ਆਈ. ਜੀ. ਫਲੈਟ ਨੰਬਰ 225 (ਐੱਸ. ਐੱਫ.) ਅਲਾਟ ਕੀਤਾ ਸੀ। ਅਲਾਟੀ ਨੇ ਕਰੀਬ 5,06,344 ਰੁਪਏ ਜਮ?ਹਾ ਕਰਵਾਏ ਸਨ। 14 ਅਕਤੂਬਰ 2009 ਨੂੰ ਸਿਰਫ ਕਾਗਜ਼ੀ ਕਬਜ਼ਾ ਦਿੱਤਾ ਗਿਆ, ਪਰ ਮੂਲ ਸਹੂਲਤਾਂ ਨਹੀਂ ਦਿੱਤੀਆਂ ਗਈਆਂ। ਇਸ ਕਾਰਨ 12 ਮਈ 2023 ਨੂੰ ਖਪਤਕਾਰ ਕਮਿਸ਼ਨ ਵਿਚ ਕੇਸ ਦਾਇਰ ਕੀਤਾ ਗਿਆ। ਕਮਿਸ਼ਨ ਨੇ 18 ਮਾਰਚ 2026 ਨੂੰ ਫੈਸਲਾ ਸੁਣਾਉਂਦੇ ਹੋਏ ਟਰੱਸਟ ਨੂੰ ਵਿਆਜ, ਮੁਆਵਜ਼ਾ ਅਤੇ ਖਰਚੇ ਸਮੇਤ ਰਕਮ ਮੋੜਨ ਦੇ ਹੁਕਮ ਦਿੱਤੇ। ਕੁੱਲ੍ਹ ਦੇਣਦਾਰੀ ਕਰੀਬ 17 ਲੱਖ ਰੁਪਏ ਬਣੀ ਹੈ। ਇੰਪਰੂਵਮੈਂਟ ਟਰੱਸਟ ਨੇ ਸੁਰਿੰਦਰ ਪਾਲ ਸਿੰਘ ਨੂੰ 14 ਸਤੰਬਰ 2006 ਨੂੰ ਐੱਲ. ਆਈ. ਜੀ. ਫਲੈਟ ਨੰਬਰ 32 (ਐੱਫ. ਐੱਫ.) ਅਲਾਟ ਕੀਤਾ ਸੀ। ਅਲਾਟੀ ਨੇ ਕੁੱਲ੍ਹ 4,37,933 ਰੁਪਏ ਜਮ?ਹਾ ਕਰਵਾਏ ਸਨ। 7 ਅਕਤੂਬਰ 2009 ਨੂੰ ਸਿਰਫ਼ ਕਾਗਜ਼ੀ ਕਬਜ਼ਾ ਦਿੱਤਾ ਗਿਆ। ਇਸ ਕਾਰਨ 11 ਮਈ 2013 ਨੂੰ ਕੇਸ ਦਾਇਰ ਕੀਤਾ ਗਿਆ। ਕਮਿਸ਼ਨ ਨੇ 16 ਮਾਰਚ 2026 ਨੂੰ ਫ਼ੈਸਲਾ ਸੁਣਾਉਂਦੇ ਹੋਏ ਟਰੱਸਟ ਨੂੰ ਰਕਮ ਵਿਆਜ, ਮੁਆਵਜ਼ਾ ਅਤੇ ਕਾਨੂੰਨੀ ਖਰਚੇ ਸਮੇਤ ਮੋੜਨ ਦੇ ਹੁਕਮ ਦਿੱਤੇ। ਕੁੱਲ ਦੇਣਦਾਰੀ ਲਗਭਗ 16.50 ਲੱਖ ਰੁਪਏ ਬਣਦੀ ਹੈ।



## ਮਹਾਤਮਾ ਫੂਲੇ ਦੇ ਆਦਰਸ਼ਾਂ ’ਤੇ ਚੱਲ ਕੇ ਹੀ ਸਮਾਜਿਕ ਨਿਆਂ ਦਾ ਨਿਰਮਾਣ ਸੰਭਵ: ਤਰੁਣ ਚੁੱਘ

ਅੰਮ੍ਰਿਤਸਰ/ਨਵੀਂ ਦਿੱਲੀ 19 ਅਪ੍ਰੈਲ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦੀ ਅਗਵਾਈ ਹੇਠ ਪਾਰਟੀ ਮੁੱਖ ਦਫ਼ਤਰ ਵਿੱਚ ਆਯੋਜਿਤ ਪ੍ਰੋਗਰਾਮ ਦੌਰਾਨ ਰਾਸ਼ਟਰੀ ਮਹਾਮੰਤਰੀ ਅਤੇ ਅਨੁਸੂਚਿਤ ਮੋਰਚਾ ਇੰਚਾਰਜ ਤਰੁਣ ਚੁੱਘ ਨੇ ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤਿਬਾ ਫੂਲੇ ਦੀ 200ਵੀਂ ਜਨਮ ਜਯੰਤੀ ਮੌਕੇ ਉਨ੍ਹਾਂ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ। ਇਸ ਮੌਕੇ ਪਾਰਟੀ ਦੇ ਕਈ ਸੀਨੀਅਰ ਅਹੁਦੇਦਾਰ ਵੀ ਮੌਜੂਦ ਰਹੇ। ਇਸ ਮੌਕੇ ਚੁੱਘ ਨੇ ਕਿਹਾ ਕਿ ਮਹਾਤਮਾ ਜੋਤਿਬਾ ਫੂਲੇ ਦਾ ਜੀਵਨ ਸਮਾਜ ਵਿੱਚ ਫੈਲੀਆਂ ਕੁਰਿਤੀਆਂ, ਭੇਦਭਾਵ ਅਤੇ ਅਨਿਆਇ ਦੇ ਖ਼?ਲਾਫ਼ ਲਗਾਤਾਰ ਸੰਘਰਸ਼ ਦਾ ਪ੍ਰਤੀਕ ਰਿਹਾ ਹੈ। ਉਨ੍ਹਾਂ ਨੇ ਸਿੱਖਿਆ, ਸਮਾਜਿਕ ਸਮਾਨਤਾ ਅਤੇ ਮਹਿਲਾ ਸਸ਼ਕਤੀਕਰਨ ਦੇ ਖੇਤਰ ਵਿੱਚ ਜੋ ਯੋਗਦਾਨ ਦਿੱਤਾ, ਉਹ ਅੱਜ ਵੀ ਦੇਸ਼ ਲਈ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਫੂਲੇ ਜੀ ਨੇ ਵੰਚਿਤ ਅਤੇ ਪਿੱਛੜੇ ਵਰਗਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਜੋ ਅਭਿਆਨ ਚਲਾਇਆ ਉਸ ਨਾਲ ਭਾਰਤ ਦੇ ਸਮਾਜਿਕ ਢਾਂਚੇ ਨੂੰ ਨਵੀਂ ਦਿਸ਼ਾ ਮਿਲੀ। ਉਨ੍ਹਾਂ ਦਾ ਜੀਵਨ ਸਾਨੂੰ ਇਹ ਸਿੱਖ ਦਿੰਦਾ ਹੈ ਕਿ ਅਸਲੀ ਬਦਲਾਅ ਸਿਰਫ਼ ਲਗਾਤਾਰ ਕੋਸ਼ਿਸ਼, ਸਮਰਪਣ ਅਤੇ ਸੇਵਾ ਭਾਵਨਾ ਨਾਲ ਹੀ ਸੰਭਵ ਹੈ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਮਹਾਤਮਾ ਫੂਲੇ ਦੇ ਆਦਰਸ਼ਾਂ ’ਤੇ ਚੱਲਦਿਆਂ ਸਮਾਜਿਕ ਨਿਆਂ, ਸਮਾਵੇਸ਼ੀ ਵਿਕਾਸ ਅਤੇ “ਸਭਕਾ ਸਾਥ-ਸਭਕਾ ਵਿਕਾਸ”ਦੇ ਸੰਕਲਪ ਨੂੰ ਅੱਗੇ ਵਧਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਹਰ ਕਰਮਚਾਰੀ ਫੂਲੇ ਜੀ ਦੇ ਦਿਖਾਏ ਰਾਹ ’ਤੇ ਚੱਲਦਿਆਂ ਸਮਾਜ ਦੇ ਆਖ਼ਰੀ ਵਿਅਕਤੀ ਤੱਕ ਵਿਕਾਸ ਪਹੁੰਚਾਉਣ ਲਈ ਪ੍ਰਤੀਬੱਧ ਹੈ। ਉਨ੍ਹਾਂ ਅੰਤ ਵਿੱਚ ਕਿਹਾ ਕਿ ਇਸ ਪਵਿੱਤਰ ਮੌਕੇ ’ਤੇ ਸਾਨੂੰ ਸੰਕਲਪ ਲੈਣਾ ਚਾਹੀਦਾ ਹੈ ਕਿ ਅਸੀਂ ਮਹਾਤਮਾ ਫੂਲੇ ਦੇ ਵਿਚਾਰਾਂ ਨੂੰ ਘਰ-ਘਰ ਤੱਕ ਪਹੁੰਚਾ ਕੇ ਇੱਕ ਸਮਰਸ ਅਤੇ ਮਜ਼ਬੂਤ ਸਮਾਜ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਈਏ।



## ਸੁਲਤਾਨਪੁਰ ਲੋਧੀ ’ਚ ਪ੍ਰਸ਼ਾਸਨ ਦੀ ਵੱਡੀ ਕਾਰਵਾਈ: 6 ਕਨਾਲ 10 ਮਰਲੇ ਪੰਚਾਇਤੀ ਜ਼ਮੀਨ ਤੋਂ ਛੁਡਾਇਆ ਨਾਜਾਇਜ਼ ਕਬਜ਼ਾ

ਸੁਲਤਾਨਪੁਰ ਲੋਧੀ 19 ਅਪ੍ਰੈਲ। ਡੀ. ਡੀ. ਪੀ. ਓ. ਗੁਰਪ੍ਰਤਾਪ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬੀ. ਡੀ. ਪੀ. ਓ. ਗੁਰਮੀਤ ਸਿੰਘ ਕਾਹਲੋਂ ਦੀ ਅਗਵਾਈ ਅਤੇ ਪੰਚਾਇਤ ਅਫਸਰ ਭੁਪਿੰਦਰ ਸਿੰਘ ਮਾਲ ਵਿਭਾਗ ਪਟਵਾਰੀ, ਗੁਰਚਰਨ ਸਿੰਘ ਅਤੇ ਕਸ਼ਮੀਰ ਸਿੰਘ ਪੰਚਾਇਤ ਸਕੱਤਰ ਦੀ ਸਾਂਝੀ ਦੇਖ-ਰੇਖ ਹੇਠ ਅੱਜ ਸੁਲਤਾਨਪੁਰ ਲੋਧੀ ਤੋਂ ਮੁੰਡੀ ਮੋੜ ਨੂੰ ਜਾਂਦੀ 4 ਮਾਰਗੀ ਸੜਕ ’ਤੇ ਸੁਲੱਖਣ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਤਲਵੰਡੀ ਚੌਧਰੀਆਂ ਪਾਸੋਂ 6 ਕਨਾਲ 10 ਮਰਲੇ ਪੰਚਾਇਤੀ ਜ਼ਮੀਨ ਦਾ ਨਾਜਾਇਜ਼ ਕਬਜ਼ਾ ਛੁਡਾਇਆ ਗਿਆ। ਗੌਰਤਲਬ ਹੈ ਕਿ ਸੁਲੱਖਣ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਤਲਵੰਡੀ ਚੌਧਰੀਆਂ ਦੇ ਬਨਦੀ 7 ਕਨਾਲ ਜ਼ਮੀਨ ਪੂਰੀ ਕਰ ਦਿੱਤੀ ਗਈ ਹੈ। ਸਰਪੰਚ ਬਲਵਿੰਦਰ ਸਿੰਘ ਲੱਡੂ ਨੇ ਅੱਗੇ ਦੱਸਿਆ ਕਿ ਨਾਜਾਇਜ਼ ਕਬਜ਼ਾ ਛੁਡਾਉਣ ਉਪਰੰਤ 6 ਕਨਾਲ 10 ਮਰਲੇ ਜ਼ਮੀਨ ਸੁਲੱਖਣ ਸਿੰਘ ਪੁੱਤਰ ਪਾਲਾ ਸਿੰਘ ਨੂੰ ਠੇਕੇ ’ਤੇ ਦੇ ਦਿੱਤੀ ਹੈ ਅਤੇ ਇਸ ਠੇਕੇ ਦੀ ਰਸੀਦ ਕਸ਼ਮੀਰ ਸਿੰਘ ਪੰਚਾਇਤ ਸਕੱਤਰ ਨੇ ਕੱਟ ਦਿੱਤੀ ਹੈ। ਸਰਪੰਚ ਬਲਵਿੰਦਰ ਸਿੰਘ ਨੇ ਗੱਲਬਾਤ ਦੌਰਾਨ ਅੱਗੇ ਦੱਸਿਆ ਕਿ ਨਗਰ ਨਿਵਾਸੀਆਂ ਨੂੰ ਨਿਰਮਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਸੱਜਣਾਂ ਪਾਸ ਪੰਚਾਇਤੀ ਜ਼ਮੀਨ ਅਤੇ ਜਿਨ੍ਹਾਂ ਅਜੇ ਰਸੀਦ ਨਹੀਂ ਕਟਾਈ ਤੁਰੰਤ ਕਟਾ ਲੈਣ ਅਗਰ ਕੋਈ ਸੱਜਣ ਕੁਤਾਹੀ ਕਰਦਾ ਹੈ ਤਾਂ ਮਾਲ ਵਿਭਾਗ ਉਸ ਪਾਸੋਂ ਗ੍ਰਾਮ ਪੰਚਾਇਤ ਦੀ ਸਲਾਹ ਨਾਲ ਜ਼ਮੀਨ ’ਤੇ ਨਾਜਾਇਜ਼ ਕੀਤਾ ਕਬਜ਼ਾ ਛੁਡਾ ਸਕਦਾ ਹੈ। ਇਸ ਮੌਕੇ ’ਤੇ ਸਰਪੰਚ ਬਲਵਿੰਦਰ ਸਿੰਘ ਲੱਡੂ, ਜਸਕੰਵਲ ਸਿੰਘ ਬਲਾਕ ਪ੍ਰਧਾਨ ਆਪ, ਭੁਪਿੰਦਰ ਸਿੰਘ ਪੰਚਾਇਤ ਅਫਸਰ ਗੁਰਚਰਨ ਸਿੰਘ ਪਟਵਾਰੀ, ਪੰਚਾਇਤ ਸਕੱਤਰ ਕਸ਼ਮੀਰ ਸਿੰਘ, ਸਾਬਕਾ ਮੈਂਬਰ ਮੇਜਰ ਸਿੰਘ, ਮੈਂਬਰ ਪੰਚਾਇਤ ਵੀਰਪਾਲ, ਸਰਬਜੀਤ ਸ਼ੱਬਾ, ਸੁਲੱਖਣ ਸਿੰਘ, ਰਣਜੀਤ ਸਿੰਘ ਰਾਣਾ ਨੰਡਾ, ਮਾਸਟਰ ਪਰਸਨ ਲਾਲ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



## ਕਪੂਰਥਲਾ ’ਚ ਦਿਨ-ਦਿਹਾੜੇ ਮਨੀ ਐਕਸਚੇਂਜ ਦੀ ਦੁਕਾਨ ਤੋਂ ਲੁੱਟੀ ਲੱਖਾਂ ਰੁਪਏ ਦੀ ਨਕਦੀ

ਕਪੂਰਥਲਾ 19 ਅਪ੍ਰੈਲ। ਥਾਣਾ ਸਿਟੀ ਤਹਿਤ ਆਉਂਦੇ ਸੱਤ ਨਾਰਾਇਣ ਬਾਜ਼ਾਰ ਵਿਚ ਦਿਨ-ਦਿਹਾੜੇ ਚੋਰੀ ਦੀ ਵੱਡੀ ਵਾਰਦਾਤ ਸਾਹਮਣੇ ਆਈ ਹੈ, ਜਿਸ ’ਚ ਇਕ ਮਨੀ ਐਕਸਚੇਂਜ ਦੀ ਦੁਕਾਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਣਪਛਾਤੇ ਨੌਜਵਾਨ ਨੇ ਕਰੀਬ 1.20 ਲੱਖ ਰੁਪਏ ਦੀ ਨਕਦੀ ਲੁੱਟ ਲਈ। ਹੈਰਾਨੀ ਦੀ ਗੱਲ ਹੈ ਕਿ ਮੁਲਜ਼ਮ ਦੁਕਾਨ ਤੋਂ ਸੀ. ਸੀ. ਟੀ. ਵੀ. ਕੈਮਰੇ ਦੀ ਰਿਕਾਰਡਿੰਗ ਵੀ ਨਾਲ ਲੈ ਗਿਆ। ਜਾਣਕਾਰੀ ਅਨੁਸਾਰ ਪੀੜਤ ਅਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਸੱਤ ਨਾਰਾਇਣ ਬਾਜ਼ਾਰ ਵਿਚ ਏ. ਵੀ. 1 ਇੰਟਰਪ੍ਰਾਈਜ਼ਿਸ ਦੇ ਨਾਮ ’ਤੇ ਵੈਸਟਰਨ ਯੂਨੀਅਨ ਦੀ ਦੁਕਾਨ ਦਾ ਹੈ। ਬੀਤੀ ਦੁਪਹਿਰ ਇਕ ਨੌਜਵਾਨ ਉਸ ਦੀ ਦੁਕਾਨ ’ਤੇ ਆਇਆ ਅਤੇ ਆਧਾਰ ਕਾਰਡ ਬਣਾਉਣ ਬਾਰੇ ਪੁੱਛਣ ਲੱਗਾ। ਜਦੋਂ ਉਸ ਨੇ ਦੱਸਿਆ ਕਿ ਇਹ ਸਹੂਲਤ ਇਥੇ ਉਪਲੱਬਧ ਨਹੀਂ ਹੈ ਤਾਂ ਉਹ ਚਲਾ ਗਿਆ। ਕੁਝ ਦੇਰ ਬਾਅਦ ਅਰਵਿੰਦਰ ਸਿੰਘ ਆਪਣੇ ਕਿਸੇ ਕੰਮ ਲਈ ਬੈਂਕ ਚਲਾ ਗਿਆ। ਪੀੜਤ ਅਨੁਸਾਰ ਉਹ ਕਰੀਬ 10-15 ਮਿੰਟਾਂ ਬਾਅਦ ਦੁਕਾਨ ’ਤੇ ਵਾਪਸ ਆਇਆ ਤਾਂ ਦੇਖਿਆ ਕਿ ਕਾਊਂਟਰ ਦਾ ਗੱਲਾ ਟੁੱਟਾ ਹੋਇਆ ਸੀ ਅਤੇ ਸੀ. ਸੀ. ਟੀ. ਵੀ. ਕੈਮਰੇ ਦਾ ਮੂੰਹ ਕੰਧ ਵੱਲ ਸੀ। ਜਾਂਚ ਕਰਨ ’ਤੇ ਪਤਾ ਲੱਗਾ ਕਿ ਗੱਲੇ ਵਿੱਚੋਂ 1.20 ਲੱਖ ਰੁਪਏ ਦੀ ਨਕਦੀ ਗਾਇਬ ਸੀ। ਮੁਲਜ਼ਮ ਚੋਰ ਦੁਕਾਨ ਦੇ ਕੈਮਰੇ ਤੋਂ ਮੈਮਰੀ ਕਾਰਡ ਵੀ ਨਾਲ ਲੈ ਗਿਆ। ਘਟਨਾ ਤੋਂ ਬਾਅਦ ਥਾਣਾ ਸਿਟੀ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਅਣਪਛਾਤੇ ਮੁਲਜ਼ਮ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ’ਚ ਬਿਜਲੀ ਸਪਲਾਈ ਦਾ ਸਮਾਂ ਤਬਦੀਲ ਕਰਨ ਦੀ ਮੰਗ

**ਕੌਮੀ ਪਤ੍ਰਿਕਾ**

ਲੌਂਗੋਵਾਲ 19 ਅਪ੍ਰੈਲ। ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਕਿਸਾਨਾਂ ਦੇ ਇਕ ਵਫ਼ਦ ਨੇ ਬਿਜਲੀ ਵਿਭਾਗ ਦੀ ਲੌਂਗੋਵਾਲ ਸਬ-ਡਿਵੀਜ਼ਨ ਵਿਖੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਕਿਸਾਨਾਂ ਨੇ ਜੇ. ਈ. ਕਰਮਜੀਤ ਸਿੰਘ ਰਾਹੀਂ ਐੱਸ.ਡੀ.ਓ. ਦੇ ਨਾਂ ਇਕ ਮੰਗ-ਪੱਤਰ ਸੌਂਪਦਿਆਂ ਖੇਤਾਂ ਦੀ ਬਿਜਲੀ ਸਪਲਾਈ ਦੇ ਸਮੇਂ ਵਿਚ ਤਬਦੀਲੀ ਕਰਨ ਦੀ ਜ਼ੋਰਦਾਰ ਮੰਗ ਕੀਤੀ। ਕਿਸਾਨ ਆਗੂਆਂ ਨੇ ਦੱਸਿਆ ਕਿ ਇਸ ਸਮੇਂ ਖੇਤਾਂ ਦੀ ਬਿਜਲੀ ਸਪਲਾਈ ਰਾਤ 1:30 ਤੋਂ ਸਵੇਰੇ 4 ਵਜੇ ਤੱਕ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਬਿਲਕੁਲ ਗਲਤ ਹੈ ਕਿਉਂਕਿ ਜੇਕਰ ਰਾਤ ਸਮੇਂ ਸ਼ਾਰਟ-ਸਰਕਟ ਕਾਰਨ ਖੇਤਾਂ ਵਿਚ ਅੱਗ ਲੱਗਣ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਸੁੱਤੇ ਹੋਣ ਕਾਰਨ ਕਿਸੇ ਨੂੰ ਜਲਦੀ ਪਤਾ ਨਹੀਂ ਲੱਗੇਗਾ ਅਤੇ ਨੁਕਸਾਨ ਵਧ ਸਕਦਾ ਹੈ। ਇਸ ਤੋਂ ਇਲਾਵਾ ਹਰੇ ਚਾਰੇ ਦੀ ਫ਼ਸਲ ਨੂੰ ਪਾਣੀ ਲਾਉਣ ਲਈ ਵੀ ਕਿਸਾਨਾਂ ਨੂੰ ਭਾਰੀ ਦਿੱਕਤਾਂ ਆ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਸਪਲਾਈ ਦਾ ਸਮਾਂ ਬਦਲ ਕੇ ਸਵੇਰੇ 4 ਤੋਂ 7 ਵਜੇ ਤੱਕ ਕੀਤਾ ਜਾਵੇ। ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਅਤੇ ਹੋਰ ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਸਤੀਪੁਰਾ ਇਲਾਕੇ ਵਿਚ ਬਿਜਲੀ ਦੀ ਸਪਾਰਕਿੰਗ ਕਾਰਨ ਇਕ ਗਰੀਬ ਕਿਸਾਨ ਦੀ 2 ਏਕੜ ਕਣਕ ਸੜ ਕੇ ਸਵਾਹ ਹੋ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਵਿਭਾਗ ਢਿੱਲੀਆਂ ਤਾਰਾਂ ਅਤੇ ਸੜੇ ਟਰਾਂਸਫਾਰਮਰਾਂ ਨੂੰ ਠੀਕ ਕਰਨ ਦੀ ਬਜਾਏ ਬਿਜਲੀ ਸਪਲਾਈ ਬੰਦ ਕਰਕੇ ਆਪਣੀਆਂ ਕਮੀਆਂ ਨੂੰ ਲੁਕਾ ਰਿਹਾ ਹੈ। ਇਸ ਸਬੰਧੀ ਜਦੋਂ ਐੱਸ.ਡੀ.ਓ. ਵਿਕਰਮਜੀਤ ਸਿੰਘ ਅਤੇ ਵਧੀਕ ਸਹਾਇਕ ਐੱਸ.ਡੀ.ਓ. ਕਰਮਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬਿਜਲੀ ਸਪਲਾਈ ਦਾ ਸ਼ਡਿਊਲ ਉੱਚ ਅਧਿਕਾਰੀਆਂ ਵੱਲੋਂ ਤੈਅ ਕੀਤਾ ਜਾਂਦਾ ਹੈ ਅਤੇ ਸਥਾਨਕ ਪੱਧਰ ’ਤੇ ਇਸ ਵਿਚ ਰੱਦੋ-ਬਦਲ ਨਹੀਂ ਕੀਤੀ ਜਾ ਸਕਦੀ। ਹਾਲਾਂਕਿ, ਉਨ੍ਹਾਂ ਭਰੋਸਾ ਦਿੱਤਾ ਕਿ ਕਿਸਾਨਾਂ ਦਾ ਮੰਗ-ਪੱਤਰ ਅਤੇ ਸਬ-ਡਵੀਜ਼ਨ ਵੱਲੋਂ ਇਕ ਦਫ਼ਤਰੀ ਪੱਤਰ ਉੱਚ ਅਧਿਕਾਰੀਆਂ ਨੂੰ ਭੇਜਿਆ ਜਾਵੇਗਾ ਤਾਂ ਜੋ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਹੱਲ ਹੋ ਸਕੇ। ਵਫ਼ਦ ਵਿਚ ਅਮਰਜੀਤ ਸਿੰਘ ਬਰਾੜ, ਹਰਦੇਵ ਸਿੰਘ ਦੁੱਲਟ, ਦਰਸ਼ਨ ਸਿੰਘ, ਭੋਲਾ ਸਿੰਘ ਪਨਾਂਚ, ਨਿੱਕਾ ਸਿੰਘ, ਜੀਵਨ ਸਿੰਘ ਅਤੇ ਹਾਕਮ ਸਿੰਘ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।



# ਵਿਦੇਸ਼ ਪੜ੍ਹਨਾ ਅਤੇ ਘੁੰਮਣਾ ਹੋਇਆ ਸਸਤਾ, ਸਰਕਾਰ ਨੇ ਨੌਕਰੀਪੇਸ਼ਾ ਲੋਕਾਂ ਲਈ ਟੈਕਸ ਦਰਾਂ ’ਚ ਕੀਤੀ ਵੱਡੀ ਕਟੌਤੀ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 19 ਅਪ੍ਰੈਲ। ਭਾਰਤ ਵਿੱਚ 1 ਅਪ੍ਰੈਲ, 2026 ਤੋਂ ਟੈਕਸ ਪ੍ਰਣਾਲੀ ਵਿੱਚ ਇੱਕ ਇਤਿਹਾਸਕ ਬਦਲਾਅ ਹੋ ਗਿਆ ਹੈ। ਸਰਕਾਰ ਨੇ 1961 ਦੇ ਪੁਰਾਣੇ ਇਨਕਮ ਟੈਕਸ ਐਕਟ ਨੂੰ ਖਤਮ ਕਰਕੇ ਉਸ ਦੀ ਥਾਂ ’ਇਨਕਮ ਟੈਕਸ ਐਕਟ 2025’ ਲਾਗੂ ਕੀਤਾ ਹੈ। ਇਹ ਨਵਾਂ ਕਾਨੂੰਨ ਨਾ ਸਿਰਫ਼ ਟੈਕਸ ਦੀ ਭਾਸ਼ਾ ਨੂੰ ਸਰਲ ਬਣਾਉਂਦਾ ਹੈ, ਸਗੋਂ ਆਮ ਲੋਕਾਂ ਅਤੇ ਨੌਕਰੀਪੇਸ਼ਾ ਲੋਕਾਂ ਨੂੰ ਵੱਡੀ ਰਾਹਤ ਵੀ ਦਿੰਦਾ ਹੈ। ਨਵੇਂ ਟੈਕਸ ਕਾਨੂੰਨ ਮੁਤਾਬਕ, ਨਵੀਂ ਟੈਕਸ ਵਿਵਸਥਾ ਹੁਣ ਡਿਫਾਲਟ ਬਣ ਚੁੱਕੀ ਹੈ। ਧਾਰਾ 871 ਦੇ ਤਹਿਤ ਛੋਟ ਨੂੰ ਵਧਾ ਕੇ 60,000 ਰੁਪਏ ਕਰ ਦਿੱਤਾ ਗਿਆ ਹੈ, ਜਿਸ ਨਾਲ 12 ਲੱਖ ਰੁਪਏ ਤੱਕ ਦੀ ਟੈਕਸਯੋਗ ਆਮਦਨ ’ਤੇ ਟੈਕਸ ਜ਼ੀਰੋ ਹੋ ਜਾਵੇਗਾ। ਜੇਕਰ ਇਸ ਵਿੱਚ 75,000 ਰੁਪਏ ਦੀ ਸਟੈਂਡਰਡ ਡਿਡਕਸ਼ਨ ਨੂੰ ਜੋੜ ਦਿੱਤਾ ਜਾਵੇ, ਤਾਂ 12.75 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ’ਤੇ ਕੋਈ ਟੈਕਸ ਨਹੀਂ ਦੇਣਾ ਪਵੇਗਾ। ਸਰਕਾਰ ਨੇ ਕਰਮਚਾਰੀਆਂ ਨੂੰ ਮਿਲਣ ਵਾਲੇ ਵੱਖ-ਵੱਖ ਭੱਤਿਆਂ ਦੀ ਸੀਮਾ ਵਿੱਚ ਕਈ ਗੁਣਾ ਵਾਧਾ ਕੀਤਾ ਹੈ: ਬੱਚਿਆਂ ਦੀ ਸਿੱਖਿਆ: ਹੁਣ 100 ਰੁਪਏ ਦੀ ਬਜਾਏ 3,000 ਰੁਪਏ ਪ੍ਰਤੀ ਮਹੀਨਾ ਪ੍ਰਤੀ ਬੱਚਾ ਛੋਟ ਮਿਲੇਗੀ। ਹੋਸਟਲ ਭੱਤਾ: 300 ਰੁਪਏ ਤੋਂ ਵਧਾ ਕੇ 9,000 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਮੁਫ਼ਤ ਖਾਣਾ: ਹਰ ਵਾਰ ਦੇ ਖਾਣੇ ’ਤੇ ਛੋਟ 50 ਰੁਪਏ ਤੋਂ ਵਧਾ ਕੇ 200 ਰੁਪਏ ਕੀਤੀ ਗਈ ਹੈ। ਤੋਹਫ਼ੇ: ਸਾਲਾਨਾ ਗੈਰ-ਨਕਦ ਤੋਹਫ਼?ਆਂ ਦੀ ਸੀਮਾ 5,000 ਤੋਂ ਵਧਾ ਕੇ 15,000 ਰੁਪਏ ਕਰ ਦਿੱਤੀ ਗਈ ਹੈ। ਹੁਣ ਤੱਕ ਸਿਰਫ਼ ਦਿੱਲੀ, ਮੁੰਬਈ, ਕੋਲਕਾਤਾ ਅਤੇ ਚੇਨਈ ਨੂੰ ਹੀ ਮੈਟਰੋ ਸ਼ਹਿਰ ਮੰਨਿਆ ਜਾਂਦਾ ਸੀ, ਜਿੱਥੇ 50% HRA ਛੋਟ ਮਿਲਦੀ ਸੀ। ਹੁਣ ਇਸ ਸੂਚੀ ਵਿੱਚ ਬੈਂਗਲੁਰੂ, ਪੁਣੇ, ਹੈਦਰਾਬਾਦ ਅਤੇ ਅਹਿਮਦਾਬਾਦ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਹਾਲਾਂਕਿ, ਫਰਜ਼ੀ ਕਿਰਾਇਆ ਰਸੀਦਾਂ ਨੂੰ ਰੋਕਣ ਲਈ ਹੁਣ ਮਕਾਨ ਮਾਲਕ ਨਾਲ ਰਿਸ਼ਤਾ ਦੱਸਣਾ ਲਾਜ਼ਮੀ ਹੋਵੇਗਾ। ਵਿਦੇਸ਼ ਪੈਸੇ ਭੇਜਣ ਦੇ ਨਿਯਮਾਂ ਵਿੱਚ ਸੁਧਾਰ ਕਰਦਿਆਂ TCS ਦਰਾਂ ਘਟਾਈਆਂ ਗਈਆਂ ਹਨ: ਸਿੱਖਿਆ ਅਤੇ ਇਲਾਜ: 7 ਲੱਖ ਤੋਂ ਵੱਧ ਦੀ ਰਕਮ ’ਤੇ 5% ਦੀ ਬਜਾਏ ਹੁਣ ਸਿਰਫ਼ 2% TCS ਲੱਗੇਗਾ। ਵਿਦੇਸ਼ ਯਾਤਰਾ: ਪਹਿਲਾਂ 10 ਲੱਖ ਤੋਂ ਉੱਪਰ 20% ਟੈਕਸ ਸੀ, ਜੋ ਹੁਣ ਬਿਨਾਂ ਕਿਸੇ ਸੀਮਾ ਦੇ ਸਿਰਫ਼ 2% ਹੋਵੇਗਾ। ਗੋਲਡ ਬਾਂਡ: ਬਾਜ਼ਾਰ ਤੋਂ ਖਰੀਦੇ ਗਏ ਸਾਵਰੇਨ ਗੋਲਡ ਬਾਂਡ ਦੀ ਮੈਚਿਓਰਿਟੀ ’ਤੇ ਹੁਣ ਕੈਪੀਟਲ ਗੇਨ ਟੈਕਸ ਲੱਗੇਗਾ, ਜੋ ਪਹਿਲਾਂ ਟੈਕਸ ਮੁਕਤ ਸੀ। ਛੋਟੇ ਕਾਰੋਬਾਰੀਆਂ ਅਤੇ ਪੇਸ਼ੇਵਰਾਂ ਲਈ ਰਿਟਰਨ ਭਰਨ ਦੀ ਆਖਰੀ ਤਾਰੀਖ 31 ਜੁਲਾਈ ਤੋਂ ਵਧਾ ਕੇ 31 ਅਗਸਤ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਰਿਵਾਈਜ਼ਡ ਰਿਟਰਨ ਭਰਨ ਲਈ ਹੁਣ 9 ਮਹੀਨਿਆਂ ਦੀ ਬਜਾਏ 12 ਮਹੀਨਿਆਂ ਦਾ ਸਮਾਂ ਮਿਲੇਗਾ। ਜਿਨ੍ਹਾਂ ਲੋਕਾਂ ਕੋਲ ਅਣਦੱਸੀ ਵਿਦੇਸ਼ੀ ਸੰਪਤੀ ਹੈ, ਉਨ੍ਹਾਂ ਨੂੰ ਇੱਕ ਮੌਕਾ ਦਿੱਤਾ ਗਿਆ ਹੈ। ਜੇਕਰ ਸੰਪਤੀ ਦਾ ਮੁੱਲ 1 ਕਰੋੜ ਤੱਕ ਹੈ, ਤਾਂ 60% ਟੈਕਸ ਅਤੇ ਲੇਵੀ ਦੇ ਕੇ ਇਸ ਨੂੰ ਨਿਯਮਤ ਕੀਤਾ ਜਾ ਸਕਦਾ ਹੈ।




### ਫਿਰੋਜ਼ਪੁਰ ਰੇਲ ਮੰਡਲ ਵੱਲੋਂ ਫਗਵਾੜਾ-ਜੈਜੋਂ ਦੋਆਬਾ ਰੇਲ ਸੇਵਾ ਮੁੜ ਬਹਾਲ ਕਰਨ ਦਾ ਫੈਸਲਾ

ਜੈਤੋ 19 ਅਪ੍ਰੈਲ। ਉੱਤਰ ਰੇਲਵੇ ਦੇ ਫਿਰੋਜ਼ਪੁਰ ਰੇਲ ਮੰਡਲ ਨੇ ਰੇਲ ਯਾਤਰੀਆਂ ਦੀ ਸਹੂਲਤ ਲਈ ਇਕ ਅਹਿਮ ਫੈਸਲਾ ਲੈਂਦਿਆਂ ਫਗਵਾੜਾ-ਨਵਾਂਸ਼ਹਿਰ ਦੋਆਬਾ-ਰਾਹੋਂ-ਜੈਜੋਂ ਦੋਆਬਾ ਰੇਲਖੰਡ ’ਤੇ ਟ?ਰੇਨ ਸੇਵਾਵਾਂ ਨੂੰ ਮੁੜ ਬਹਾਲ ਕਰਨ ਦਾ ਐਲਾਨ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਰੇਲ ਸੇਵਾਵਾਂ 19 ਅਪ੍ਰੈਲ 2026 ਤੋਂ ਸੋਧੀ ਹੋਈ ਸਮਾਂ-ਸਾਰਣੀ ਅਨੁਸਾਰ ਸ਼ੁਰੂ ਕੀਤੀਆਂ ਜਾਣਗੀਆਂ। ਇਹ ਟ?ਰੇਨ ਸੇਵਾ ਹਫ਼ਤੇ ਵਿਚ ਪੰਜ ਦਿਨ (ਵੀਰਵਾਰ ਅਤੇ ਐਤਵਾਰ ਨੂੰ ਛੱਡ ਕੇ) ਉਪਲੱਬਧ ਹੋਵੇਗੀ। ਰਸਤੇ ਦੇ ਸਟੇਸ਼ਨ: ਇਹ ਰੇਲਗੱਡੀਆਂ ਆਪਣੇ ਸਫ਼ਰ ਦੌਰਾਨ ਦੋਵਾਂ ਦਿਸ਼ਾਵਾਂ ਵਿੱਚ ਕਈ ਮਹੱਤਵਪੂਰਨ ਸਟੇਸ਼ਨਾਂ ’ਤੇ ਰੁਕਣਗੀਆਂ, ਸੈਲਾ ਖੁਰਦ ਅਤੇ ਮਹਿੰਗਰਵਾਲ ਦੋਆਬਾ ਸ਼ਾਮਲ ਹਨ। ਰੇਲਵੇ ਦੇ ਇਸ ਫੈਸਲੇ ਨਾਲ ਇਲਾਕੇ ਦੇ ਲੋਕਾਂ ਅਤੇ ਰੋਜ਼ਾਨਾ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ।

## ਅੰਮ੍ਰਿਤਸਰ ਪੁਲਸ ਵੱਲੋਂ ਹਥਿਆਰਾਂ ਦੀ ਤਸਕਰੀ ਦਾ ਪਰਦਾ.ਫਾਸ਼ !

ਅੰਮ੍ਰਿਤਸਰ 19 ਅਪ੍ਰੈਲ। ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕਰਕੇ ਤਿੰਨ ਮੁਲਜ਼ਮਾਂ ਅਤੇ ਇਕ ਨਾਬਾਲਗ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮਾਂ ਕੋਲੋਂ 7 ਆਧੁਨਿਕ ਪਿਸਤੌਲ ਸਮੇਤ 12 ਜ਼ਿੰਦਾ ਕਾਰਤੂਸ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਗਿਆ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਆਧਾਰਿਤ ਤਸਕਰਾਂ ਦੇ ਸੰਪਰਕ ਵਿੱਚ ਸਨ, ਜੋ ਅਟਾਰੀ ਸੈਕਟਰ ਦੇ ਸਰਹੱਦੀ ਖੇਤਰਾਂ ਵਿੱਚ ਭਾਰਤ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਦੇ ਸਨ। ਇਹ ਹਥਿਆਰ ਪਹਿਲਾਂ ਤੋਂ ਨਿਰਧਾਰਤ ਸਥਾਨਾਂ ਤੋਂ ਪ੍ਰਾਪਤ ਕਰਕੇ ਅੱਗੇ ਪੰਜਾਬ ’ਚ ਸਥਾਨਕ ਅਪਰਾਧਿਕ ਨੈੱਟਵਰਕਾਂ ਨੂੰ ਸਪਲਾਈ ਕੀਤੇ ਜਾਣੇ ਸਨ। ਇਸ ਸਬੰਧੀ ਥਾਣਾ ਛੇਹਰਟਾ, ਅੰਮ੍ਰਿਤਸਰ ਵਿਖੇ ਆਰਮਜ਼ ਐਕਟ ਤਹਿਤ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਅਗਲੇ ਅਤੇ ਪਿਛਲੇ ਸੰਬੰਧਾਂ ਦਾ ਪਤਾ ਕਰਨ ਅਤੇ ਪੂਰੇ ਨੈੱਟਵਰਕ ਨੂੰ ਖ਼ਤਮ ਕਰਨ ਲਈ ਜਾਂਚ ਜਾਰੀ ਹੈ । ਪੰਜਾਬ ਪੁਲਸ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ, ਸੰਗਠਿਤ ਅਪਰਾਧ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿਰੁੱਧ ਆਪਣੀ ਜ਼ੀਰੋ ਟੋਲਰੈਂਸ ਨੀਤੀ ’ਤੇ ਕਾਇਮ ਹੈ ਅਤੇ ਸੁਰੱਖਿਅਤ ਪੰਜਾਬ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

### ਹੈਦਰਾਬਾਦ ਹਵਾਈ ਅੱਡੇ ਦੇ ਏਅਰੋਬ੍ਰਿਜ ਦੀ ਛੱਤ ਦਾ ਹਿੱਸਾ ਯਾਤਰੀ ਦੇ ਸਿਰ ’ਤੇ ਡਿੱਗਿਆ

ਹੈਦਰਾਬਾਦ 19 ਅਪ੍ਰੈਲ। ਹੈਦਰਾਬਾਦ ਹਵਾਈ ਅੱਡੇ ਦੇ ਏਅਰੋਬ੍ਰਿਜ ਦੀ ਛੱਤ ਤੋਂ ਧਾਤੂ ਦਾ ਇਕ ਵੱਡਾ ਹਿੱਸਾ ਏਅਰ ਇੰਡੀਆ ਐਕਸਪ੍ਰੈੱਸ ਯਾਤਰੀ ਦੇ ਸਿਰ ’ਤੇ ਡਿੱਗ ਪਿਆ, ਜਿਸ ਕਾਰਨ ਉਸ ਨੂੰ ਅੰਦਰੂਨੀ ਸੱਟਾਂ ਲੱਗੀਆਂ। ਕੰਮ ਦੇ ਸਿਲਸਿਲੇ ’ਚ ਭਾਰਤ ਆਏ ਅਮਰੀਕੀ ਨਾਗਰਿਕ ਦੀਪਕ ਅਡਾਣੀ (63) ਨੇ ਦੱਸਿਆ ਕਿ ਉਹ ਐਤਵਾਰ ਦੁਪਹਿਰ ਬੈਂਗਲੁਰੂ ਤੋਂ ਆਏ ਜਹਾਜ਼ ਤੋਂ ਉਤਰਨ ਵਾਲੇ ਸ਼ੁਰੂਆਤੀ ਕੁਝ ਯਾਤਰੀਆਂ ’ਚ ਸ਼ਾਮਲ ਸਨ। ਅਡਾਣੀ ਨੇ ਦੱਸਿਆ ਕਿ ਮੈਂ ਕੁਝ ਕਦਮ ਹੀ ਵਧਾਏ ਸਨ ਕਿ ਭਾਰੀ ਪੈਨਲ ਮੇਰੇ ਸਿਰ ’ਤੇ ਡਿੱਗ ਗਿਆ ਅਤੇ ਮੈਂ ਸਹਿਜ ਰੂਪ ’ਚ ਖ਼ੁਦ ਨੂੰ ਸੰਭਾਲਣ ਲਈ ਰੇਲਿੰਗ ਨੂੰ ਫੜ ਲਿਆ

## ਆਹ ਹੁੰਦੀ ਐ ਕਿਸਮਤ...! ਵਿਦੇਸ਼ ਜਾਣ ਲਈ ਨਹੀਂ ਫੜ ਸਕਿਆ .ਫਲਾਈਟ, ਪੰਜਾਬ ’ਚ ਹੀ ਮਿਲ ਗਿਆ ’ਖਜ਼ਾਨਾ’

**ਏਜੰਸੀਆਂ**

ਲੁਧਿਆਣਾ 19 ਅਪ੍ਰੈਲ। ਛੁੱਟੀਆਂ ਕੱਟਣ ਲਈ ਵਿਦੇਸ਼ ਤੋਂ ਪੰਜਾਬ ਵਿਚ ਆਏ ਮੁੰਡੇ ਦੀ ਕਿਸਮਤ ਨੇ ਅਜਿਹੀ ਪਲਟੀ ਮਾਰੀ, ਕਿ ਹੁਣ ਉਸ ਨੂੰ ਆਪਣੇ ਸੁਫ਼ਨੇ ਪੂਰੇ ਕਰਨ ਲਈ ਪਰਿਵਾਰ ਨੂੰ ਛੱਡ ਕੇ ਜਾਣ ਦੀ ਲੋੜ ਹੀ ਨਹੀਂ ਰਹੀ। ਛੁੱਟੀਆਂ ਮਗਰੋਂ ਵਾਪਸ ਵਿਦੇਸ਼ ਜਾਣ ਲੱਗਿਆਂ ਉਸ ਦੀ ਫ਼ਲਾਈਟ ਰੱਦ ਹੋ ਗਈ ਤੇ ਇੱਥੇ ਉਸ ਦੀ 25 ਲੱਖ ਰੁਪਏ ਦੀ ਲਾਟਰੀ ਨਿਕਲ ਆਈ। ਦਰਅਸਲ, ਲੁਧਿਆਣਾ ਦੇ ਕੁਹਾੜਾ ਨਾਲ ਸਬੰਧਿਤ ਸ਼ਮਿੰਦਰ ਸਿੰਘ ਦਾ ਪੰਜਾਬ ਸਟੇਟ ਡੀਅਰ ਲਾਟਰੀ ਤੋਂ 25 ਲੱਖ ਦਾ ਇਨਾਮ ਲੱਗਿਆ ਹੈ। ਸ਼ਵਿੰਦਰ ਸਿੰਘ ਹੰਗਰੀ ਵਿਚ ਮੁਰਗੀ ਫਾਰਮ ’ਤੇ ਕੰਮ ਕਰਦਾ ਹੈ ਅਤੇ ਛੁੱਟੀਆਂ ਕੱਟਣ ਦੇ ਲਈ ਪਰਿਵਾਰ ਕੋਲ ਪੰਜਾਬ ਆਇਆ ਸੀ। ਜਦੋਂ ਉਹ ਵਾਪਸ ਵਿਦੇਸ਼ ਜਾਣ ਲੱਗਾ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਟਿਕਟ ਕੈਂਸਲ ਹੋ ਗਈ ਹੈ। ਉਹ ਕੁਹਾੜਾ ਦੇ ਬਾਜ਼ਾਰ ਵਿਚ ਆ ਕੇ ਰੁਕਿਆ ਤਾਂ ਉਸ ਨੇ 100 ਰੁਪਏ ਦੀ ਲਾਟਰੀ ਦੀ ਟਿਕਟ ਖਰੀਦੀ, ਜਿਸ ’ਤੇ 25 ਲੱਖ ਰੁਪਏ ਦਾ ਇਨਾਮ ਲੱਗਿਆ ਹੈ। ਉਸ ਨੇ ਦੱਸਿਆ ਕਿ ਇਨ੍ਹਾਂ ਪੈਸਿਆਂ ਨਾਲ ਉਸ ਦਾ ਘਰ ਬਣਾਉਣ ਦਾ ਸੁਫ਼ਨਾ ਪੂਰਾ ਹੋਵੇਗਾ, ਕਿਉਂਕਿ ਵਿਦੇਸ਼ ਵਿਚ ਇੰਨੇ ਪੈਸੇ ਇਕੱਠੇ ਕਰਨ ਲਈ ਉਸ ਨੂੰ ਕਾਫ਼ੀ ਸਮਾਂ ਲੱਗ ਜਾਣਾ ਸੀ। ਇਸ ਲਾਟਰੀ ਨਾਲ ਉਸ ਦੀਆਂ ਕਈ ਉਮੀਦਾਂ ਪੂਰੀਆਂ ਹੋਣਗੀਆਂ। ਉੱਧਰ ਪਰਿਵਾਰ ਵਿਚ ਵੀ ਖ਼ੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ ਹੈ। ਪੂਜਾ ਲਾਟਰੀ ਵੱਲੋਂ ਸ਼ਮਿੰਦਰ ਤੇ ਉਸ ਦੇ ਪਰਿਵਾਰ ਨੂੰ ਸਨਮਾਨਿਤ ਵੀ ਕੀਤਾ ਗਿਆ।

# ਮਾਮੂਲੀ ਰੰਜਿਸ਼ ਕਾਰਨ ਘਰ ’ਤੇ ਚਲਾਈਆਂ ਗੋਲੀਆਂ, 3 ਜ਼ਖਮੀ, 14 ਕਾਬੂ

**ਕੌਮੀ ਪਤ੍ਰਿਕਾ**

ਤਰਨਤਾਰਨ 19 ਅਪ੍ਰੈਲ। ਮਾਮੂਲੀ ਰੰਜਿਸ਼ ਕਾਰਨ ਘਰ ਉੱਪਰ ਹਮਲਾ ਕਰਦੇ ਪਰਿਵਾਰਕ ਮੈਂਬਰਾਂ ਨਾਲ ਮਾਰਕੁੱਟ ਕਰਨ, ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਤੇ ਗੋਲੀਆਂ ਚਲਾਉਣ ਦੌਰਾਨ ਦੋ ਵਿਅਕਤੀਆਂ ਦੇ ਜਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧ ਵਿੱਚ ਥਾਣਾ ਖੇਮਕਰਨ ਦੀ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਜਿੱਥੇ ਮੌਕੇ ’ਤੇ ਪੁੱਜਦੇ ਮਾਹੌਲ ਨੂੰ ਸ਼ਾਂਤ ਕੀਤਾ ਗਿਆ, ਉੱਥੇ ਹੀ 14 ਮੁਲਜ਼ਮਾਂ ਖਿਲਾਫ ਪਰਚਾ ਦਰਜ ਕਰ ਕੇ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਦੇ ਹੀ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸਤਨਾਮ ਸਿੰਘ ਪੁੱਤਰ ਅਮਰ ਸਿੰਘ ਵਾਸੀ ਵਾਰਡ ਨੰਬਰ 7 ਖੇਮਕਰਨ ਨੇ ਦੱਸਿਆ ਕਿ ਉਹ ਮਿਹਨਤ ਮਜਦੂਰੀ ਦਾ ਕੰਮ ਕਰਦਾ ਹੈ, ਨੇ ਦੱਸਿਆ ਕਿ 10 ਅਪ੍ਰੈਲ ਨੂੰ ਵਕਤ ਕਰੀਬ 04.30 ਸ਼ਾਮ ਦਾ ਜਦੋਂ ਅਸੀਂ ਸਾਰਾ ਪਰਿਵਾਰ ਮੰਡ ਪੈਲਸ ਖੇਮਕਰਨ ਤੋ ਮੇਰੇ ਭਤੀਜੇ ਮਾਣਕ ਦਾ ਠਾਕਾ ਦੇਖ ਕੇ ਘਰ ਵਾਪਸ ਆ ਰਹੇ ਸੀ। ਉਨ੍ਹਾਂ ਕਿਹਾ ਕਿ ਜਦ ਅਸੀਂ ਆਪਣੇ ਘਰ ਵਾਲਾ ਮੋੜ ਮੁੜੇ ਤਾ ਮੋੜ ਮੁੜਦੇ ਹੀ ਲਵਪ੍ਰੀਤ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਖੇਮਕਰਨ ਦਾ ਘਰ ਹੈ, ਜਿਸ ਨੇ ਸਾਡਾ ਰਸਤਾ ਰੋਕ ਲਿਆ ਤੇ ਹੱਥ ਵਿਚ ਫੜੀ ਡਾਂਗ ਦਾ ਵਾਰ ਕੀਤਾ ਜੋ ਕਿ ਸਕੂਟਰੀ ’ਤੇ ਲੱਗਾ ਜਿਸ ਨਾਲ ਕੁਝ ਹੋਰ ਵਿਅਕਤੀ ਵੀ ਆ ਗਏ ਤੇ ਸਾਡੇ ਨਾਲ ਹੱਥੋਪਾਈ ਹੋ ਗਏ ਜੋ ਕਿ ਆਸ ਪਾਸ ਦੇ ਲੋਕਾ ਨੇ ਸਾਨੂੰ ਛੁਡਵਾਇਆ ਤੇ ਮਾਹੌਲ ਸ਼ਾਂਤ ਕੀਤਾ। ਫਿਰ ਅਸੀ ਘਰ ਚਲੇ ਗਏ ਤੇ ਕਰੀਬ 8:30 ਵਜੇ ਲਵਪ੍ਰੀਤ ਸਿੰਘ ਉਕਤ ਦੇ ਨਾਲ ਪ੍ਰੇਮ ਸਿੰਘ ਪੁੱਤਰ ਮਹਿੰਦਰ ਸਿੰਘ, ਰਾਕੇਸ਼ ਕੁਮਾਰ ਉਰਫ ਕੇਸੂ ਪੁੱਤਰ ਜੱਜ ਸਿੰਘ ਆਸ ਉਰਫ ਮੌਲੀ ਪੁੱਤਰ ਵਿਜੇ ਮਸੀਹ ਵਾਸੀਆਨ ਖੇਮਕਰਨ, ਗੁਰਭੇਜ ਸਿੰਘ ਪੁੱਤਰ ਟਹਿਲ ਸਿੰਘ ਵਾਸੀ ਮਹਿੰਦੀਪੁਰ ਥਾਣਾ ਖੇਮਕਰਨ ਤੇ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਲਾਲ ਮਸੀਹ ਵਾਸੀ ਅਲਗੋ ਕੋਠੀ ਜਿਨ੍ਹਾਂ ਨਾਲ 08/10 ਅਣਪਛਾਤੇ ਵਿਅਕਤੀ ਵੀ ਸਨ, ਹਥਿਆਰਾਂ ਅਤੇ ਇੱਟਾ ਰੋੜੇ ਨਾਲ ਲੈਸ ਗੋਲੀਆ ਚਲਾਉਦੇ ਸਾਡੇ ਘਰ ਵੱਲ ਵਧੇ ਤੇ ਅਸੀ ਰੌਲਾ ਸੁਣ ਘਕੇ ਰ ਤੋਂ ਬਾਹਰ ਆ ਗਏ, ਨੇ ਜਾਨੋਂ ਮਾਰ ਦੇਣ ਦੀ ਨੀਅਤ ਨਾਲ ਸਾਡੇ ਵੱਲ ਸਿੱਧੇ ਫਾਇਰ ਕੀਤੇ। ਇਸ ਦੌਰਾਨ ਇੱਕ ਗੋਲੀ ਮੇਰੇ ਰਿਸ਼ਤੇਦਾਰ ਚਮਕੌਰ ਸਿੰਘ ਪੁੱਤਰ ਰੇਸ਼ਮ ਸਿੰਘ ਦੇ ਵੱਖੀ ਵਿਚ ਜਾ ਲੱਗੀ ਤੇ ਇੱਕ ਗੋਲੀ ਅਰਸ਼ਦੀਪ ਸਿੰਘ ਪੁੱਤਰ ਸਮਸ਼ੇਰ ਸਿੰਘ ਦੀ ਲੱਤ ਵਿਚ ਲੱਗੀ ਤੇ ਇਕ ਗੋਲੀ ਸੋਨੀ ਪੁੱਤਰ ਰਸਾਲ ਸਿੰਘ ਦੇ ਬਾਂਹ ਵਿਚ ਲੱਗੀ ਤੇ ਇਕ ਗੋਲੀ ਬਿਕਰਮ ਪੁੱਤਰ ਵੀਰ ਦੇ ਸੱਜੇ ਪੱਟ ਵਿਚ ਲੱਗੀ ਜੋ ਉਕਤਾਨ ਦੋਸ਼ੀ ਗੋਲੀਆਂ ਤੇ ਇੱਟਾਂ ਰੋੜੇ ਚਲਾਉਂਦੇ ਮੌਕੇ ਤੋਂ ਦੌੜ ਗਏ ਤੇ ਸਾਡੇ ਘਰ ਦਾ ਵੀ ਕਾਫੀ ਨੁਕਸਾਨ ਕਰ ਗਏ। ਜ਼ਖਮੀਆਂ ਨੂੰ ਸਵਾਰੀ ਦਾ ਪ੍ਰਬੰਧ ਕਰਕੇ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਤੇ ਸਤਨਾਮ ਸਿੰਘ ਨੇ ਦੱਸਿਆ ਹੈ ਕਿ ਮੁਲਜ਼ਮਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਜਾਣਕਾਰੀ ਦਿੰਦੇ ਥਾਣਾ ਖੇਮਕਰਨ ਦੇ ਮੁਖੀ ਇੰਸਪੈਕਟਰ ਕਵਲਜੀਤ ਰਾਏ ਨੇ ਦੱਸਿਆ ਕਿ ਇਸ ਵਾਰਦਾਤ ਦੀ ਸੂਚਨਾ ਮਿਲਣ ਤੋਂ ਪੰਜ ਮਿੰਟ ਵਿਚ ਉਹ ਖੁਦ ਪੁਲਸ ਪਾਰਟੀ ਸਮੇਤ ਮੌਕੇ ’ਤੇ ਪੁੱਜ ਗਏ ਸਨ ਤੇ ਮਾਹੌਲ ਨੂੰ ਸ਼ਾਂਤ ਕੀਤਾ। ਮੌਕੇ ਤੋਂ ਫਰਾਰ ਹੋਣ ਵਾਲੇ ਚਾਰ ਮੁਲਜ਼ਮਾਂ ਨੂੰ ਉਨ੍ਹਾਂ ਵੱਲੋਂ ਖੁਦ ਪਿੱਛਾ ਕਰਦੇ ਚਾਰ ਨੂੰ ਕਾਬੂ ਕਰ ਲਿਆ ਗਿਆ। ਜਿਨ੍ਹਾਂ ਦੀ ਪਹਿਚਾਨ ਅਜੇ ਭੱਟੀ ਪੁੱਤਰ ਸੁਖਦੇਵ ਸਿੰਘ ਵਾਸੀ ਖੇਮਕਰਨ, ਗੁਰਭੇਜ ਸਿੰਘ ਪੁੱਤਰ ਟਹਿਲ ਸਿੰਘ ਵਾਸੀ ਮਹਿੰਦੀਪੁਰ, ਪ੍ਰੇਮ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਖੇਮਕਰਨ ਤੇ ਆਸ਼ੂ ਉਰਫ ਮੌਲੀ ਪੁੱਤਰ ਵਿਜੇ ਮਸੀਹ ਵਾਸੀ ਖੇਮਕਰਨ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਚਾਰਾਂ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਦੇ ਤਿੰਨ ਦਿਨ ਦਾ ਰਿਮਾਂਡ ਹਾਸਲ ਕਰਦੇ ਹੋਏ ਅਗਲੇਰੀ ਪੁੱਛਗਿਛ ਆਰੰਭ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁੱਖ ਮੁਲਜ਼ਮ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਲਾਲ ਮਸੀਹ ਵਾਸੀ ਅਲਗੋਂ ਕੋਠੀ ਦੀ ਗ੍ਰਿਫਤਾਰੀ ਸਬੰਧੀ ਪੁਲਸ ਟੀਮਾਂ ਰਵਾਨਾ ਕਰ ਦਿੱਤੀਆਂ ਗਈਆਂ ਹਨ।

